# ਸਾਹਿਤਕ–ਰੰਗ–1

## ਨੌਵੀਂ ਜਮਾਤ ਲਈ

ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ
ਪ੍ਰੀਤ ਵਿਹਾਰ, ਦਿੱਲੀ–110092

**SAHITAK RANG-1** (For Class IX)

ਪਹਿਲੀ ਵਾਰ - 2015

ਮੁੱਲ : 00/- ਰੁਪਏ

ਧੰਨਵਾਦ
ਅਸੀਂ ਉਹਨਾਂ ਸਾਰੇ ਲੇਖਕਾਂ ਦੇ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਇਸ ਪੁਸਤਕ ਵਿੱਚ ਸ਼ਾਮਲ ਕਰਨ ਲਈ ਆਗਿਆ ਦਿੱਤੀ।

© ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਦਿੱਲੀ-110092

ਪ੍ਰਕਾਸ਼ਕ
?
ਸੈਕਰੇਟਰੀ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਦਿੱਲੀ-110092

This book or part there of may not be reproduced by any person of agency in any manner.

# ਮੁੱਖ ਸ਼ਬਦ

ਪੁਸਤਕ 'ਸਾਹਿਤਕ-ਰੰਗ' ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ ਦੇ ਉੱਦਮ ਨਾਲ, ਸੀਨੀਅਰ ਸੈਕੰਡਰੀ ਜਮਾਤ ਦੇ ਵਿਦਿਆਰਥੀਆਂ ਦੇ ਪਾਠ-ਕ੍ਰਮ ਲਈ ਤਿਆਰ ਕਰਵਾਈ ਗਈ ਹੈ। ਇਸ ਪੁਸਤਕ ਦਾ ਮੁੱਖ ਮਕਸਦ ਵਰਤਮਾਨ ਪਰਿਪੇਖ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਵਿਦਿਆਰਥੀਆਂ ਨੂੰ ਜੀਵਨ ਤੇ ਸਮਾਜ ਦੇ ਬਦਲਦੇ ਯਥਾਰਥ ਤੋਂ ਜਾਣੂ ਕਰਵਾਉਣਾ ਹੈ। ਅਜੋਕੇ ਸਮਾਜ ਵਿੱਚ ਬੜੀ ਤੇਜ਼ੀ ਨਾਲ ਤਬਦੀਲੀਆਂ ਵਾਪਰ ਰਹੀਆਂ ਹਨ। ਇਸ ਲਈ ਇਸ ਪੁਸਤਕ ਵਿੱਚ ਮੁੱਢਲੇ ਪੰਜਾਬੀ ਲੇਖਕਾਂ ਦੇ ਨਾਲ-ਨਾਲ ਨਵੇਂ ਲੇਖਕਾਂ ਦੀਆਂ ਪ੍ਰਤੀਨਿਧ ਰਚਨਾਵਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ। ਇਨ੍ਹਾਂ 'ਚ ਪੰਜਾਬੀ ਸਮਾਜ-ਸੱਭਿਆਚਾਰ ਦੀ ਹੂ-ਬ-ਹੂ ਤਸਵੀਰ ਉਭਰਦੀ ਹੈ। ਪੰਜਾਬੀ ਦੁਨੀਆਂ ਭਰ ਵਿੱਚ ਫੈਲੇ ਹੋਏ ਹਨ। ਉਹ ਆਪਣੇ ਨਜ਼ਰੀਏ ਤੋਂ ਬਦਲਦੇ ਪੰਜਾਬੀ ਵਰਤਾਰੇ ਨੂੰ ਨਿਹਾਰ ਕੇ ਰਚਨਾ ਰਚ ਰਹੇ ਹਨ। ਇਸ ਪੁਸਤਕ ਦੀਆਂ ਰਚਨਾਵਾਂ ਵਿਚ ਉਨ੍ਹਾਂ ਦੀ ਚਿੰਤਾ ਸਾਫ਼ ਝਲਕਦੀ ਹੈ। ਵਿਸ਼ੇ ਵੰਨ-ਸੁਵੰਨਤਾ ਭਰਪੂਰ ਹਨ। ਇਨ੍ਹਾਂ ਵਿੱਚ ਨਾਰੀ, ਦੇਸ਼ ਭਗਤੀ, ਸੱਭਿਆਚਾਰ, ਵਿਗਿਆਨ, ਮੀਡੀਆ ਆਦਿ ਵਿਸ਼ਿਆਂ ਨੂੰ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ। ਸਾਡੀ ਪੁਰਜ਼ੋਰ ਕੋਸ਼ਿਸ਼ ਰਹੀ ਕਿ ਅਸੀਂ ਗਿਆਨ ਤੇ ਮਨੋਰੰਜਨ ਭਰਪੂਰ ਸਾਮੱਗਰੀ ਆਪਣੇ ਵਿਦਿਆਰਥੀਆਂ ਨੂੰ ਪਰੋਸੀਏ। ਇਸ ਲਈ ਅਜਿਹਾ ਕੰਮ ਇੱਕ ਟੀਮ ਬਿਨਾ ਨਹੀਂ ਹੋ ਸਕਦਾ। ਖ਼ੁਸ਼ਕਿਸਮਤੀ ਨਾਲ ਮੇਰੀ ਪੂਰੀ ਟੀਮ ਹੀ ਬਹੁਤ ਮਿਹਨਤੀ ਹੈ। ਇਸ ਨੇ ਦਿਨ-ਰਾਤ ਇੱਕ ਕਰਕੇ ਇਸ ਅਕਾਦਮਿਕ ਕੰਮ ਨੂੰ ਸਿਰੇ ਚੜ੍ਹਾਇਆ ਹੈ। ਇਸ ਸੰਗ੍ਰਹਿ ਨੂੰ ਹਰ ਤਰ੍ਹਾਂ ਨਾਲ ਪ੍ਰਤੀਨਿਧ ਬਨਾਉਣ ਲਈ ਜਿਨ੍ਹਾਂ ਬੁੱਧੀਜੀਵੀਆਂ ਨੇ ਸਹਿਯੋਗ ਦਿੱਤਾ ਹੈ, ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ।

ਮੈਂ ਉਨ੍ਹਾਂ ਸਾਰੇ ਪੰਜਾਬੀ ਮਾਹਿਰਾਂ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਤਿਆਰ ਕਰਨ ਵਿੱਚ ਸਾਡੀ ਸਹਾਇਤਾ ਕੀਤੀ ਹੈ। ਮੈਂ ਡਾ. ਸਾਧਨਾ ਪਰਾਸ਼ਰ, ਪ੍ਰਮੁੱਖ (ਅਕਾਦਮਿਕ ਸਿਖਲਾਈ, ਨਵੀਂ ਕਾਢ ਤੇ ਖੋਜ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ) ਅਤੇ ਸ੍ਰੀ ਅਲ ਹਿਲਾਲ ਅਹਿਮਦ, ਜੁਆਇੰਟ ਡਾਇਰੈਕਟਰ, (ਭਾਸ਼ਾਵਾਂ), ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਦਿੱਲੀ ਦੀ ਧੰਨਵਾਦੀ ਹਾਂ, ਜਿਨ੍ਹਾਂ ਦੀ ਪ੍ਰੇਰਨਾ ਅਤੇ ਸਹੀ ਨਿਰਦੇਸ਼ਨ ਨਾਲ ਅਸੀਂ ਇਸ ਪੁਸਤਕ ਨੂੰ ਤਿਆਰ ਕਰਨ ਵਿੱਚ ਸਫਲ ਹੋਏ ਹਾਂ। ਮੈਨੂੰ ਭਰੋਸਾ ਹੈ ਕਿ ਇਸ ਭਾਸ਼ਾ ਨੂੰ ਪੜ੍ਹਨ ਵਾਲਿਆਂ ਨੂੰ ਇਸ ਦਾ ਭਰਪੂਰ ਲਾਭ ਹੋਵੇਗਾ।

ਪੁਸਤਕ ਦੇ ਸੁਧਾਰ ਵਾਸਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸੁਝਾਵਾਂ ਤੇ ਪ੍ਰਤੀਕ੍ਰਿਆਵਾਂ ਦਾ ਸੁਆਗਤ ਹੈ।

**ਡਾ. ਸਤਬੀਰ ਬੇਦੀ**
(ਚੇਅਰਪਰਸਨ)

# ਸਾਹਿਤਕ-ਰੰਗ-1

## ਸੀ.ਬੀ.ਐੱਸ.ਈ. ਸਲਾਹਕਾਰ ਕਮੇਟੀ :

**ਡਾ. ਸਤਬੀਰ ਬੇਦੀ**
*ਚੇਅਰਪਰਸਨ, ਸੀ.ਬੀ.ਐੱਸ.ਈ., ਦਿੱਲੀ*

**ਡਾ. ਸਾਧਨਾ ਪ੍ਰਾਸ਼ਰ**
*ਡਾਇਰੈਕਟਰ (ਅਕਾਦਮਿਕ ਸਿਖਲਾਈ, ਨਵੀਂ ਕਾਢ ਤੇ ਖੋਜ) ਸੀ.ਬੀ.ਐੱਸ.ਈ., ਦਿੱਲੀ*

## ਸੰਪਾਦਕੀ ਮੰਡਲ :

**ਡਾ. ਪਰਮਜੀਤ ਕੌਰ** — ਅਸਿਸਟੈਂਟ ਪ੍ਰੋਫੈਸਰ, ਗੁਰੂ ਨਾਨਕ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ

**ਪ੍ਰਕਾਸ਼ ਸਿੰਘ ਗਿੱਲ** — ਪੀ.ਜੀ.ਟੀ., ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਲੋਨੀ ਰੋਡ, ਸ਼ਾਹਦਰਾ, ਦਿੱਲੀ

**ਧੰਨਾ ਰਾਮ** — ਪੀ.ਜੀ.ਟੀ., ਗੌਰਮਿੰਟ ਸਰਵੋਦਿਆ ਬਾਲ ਵਿਦਿਆਲਾ, ਅਸ਼ੋਕ ਨਗਰ, ਨਵੀਂ ਦਿੱਲੀ

**ਤਰਿੰਦਰ ਕੌਰ** — ਟੀ.ਜੀ.ਟੀ., ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਵਸੰਤ ਵਿਹਾਰ, ਨਵੀਂ ਦਿੱਲੀ

**ਸੁਨੀਲ ਕੁਮਾਰ ਬੇਦੀ** — ਟੀ.ਜੀ.ਟੀ., ਐਸ.ਕੇ.ਵੀ., ਕੇਸ਼ਵ ਪੁਰਮ, ਨਵੀਂ ਦਿੱਲੀ

## ਖਰੜਾ ਰੀਵਿਊਕਾਰ :

**ਡਾ. ਪ੍ਰਿਥਵੀ ਰਾਜ ਥਾਪਰ** — ਅਸਿਸਟੈਂਟ ਪ੍ਰੋਫੈਸਰ, ਦਿਆਲ ਸਿੰਘ (ਈ.) ਕਾਲਜ, ਲੋਧੀ ਰੋਡ, ਨਵੀਂ ਦਿੱਲੀ

**ਡਾ. ਪਰਮਜੀਤ ਸਿੰਘ —** ਅਸਿਸਟੈਂਟ ਪ੍ਰੋਫੈਸਰ, ਪੋਸਟ ਗਰੈਜੂਏਟ ਸਰਕਾਰੀ ਕਾਲਜ, ਸੈਕਟਰ-11, ਚੰਡੀਗੜ੍ਹ

**ਤੀਰਥ ਸਿੰਘ ਚੰਦੀ** — ਟੀ.ਜੀ.ਟੀ., ਆਰ ਪੀ ਵੀ ਵੀ, ਸਿਵਿਲ ਲਾਈਨ, ਦਿੱਲੀ

**ਸਰਨਜੀਤ ਕੌਰ** — ਟੀ.ਜੀ.ਟੀ., ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਬੁਆਇਜ਼ ਸੀਨੀਅਰ ਸੈਕੰਡਰੀ ਸਕੂਲ, ਦੇਵ ਨਗਰ, ਨਵੀਂ ਦਿੱਲੀ

**ਜਸਵਿੰਦਰ ਕੌਰ** — ਪੀ.ਜੀ.ਟੀ., ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਇੰਡੀਆ ਗੇਟ, ਨਵੀਂ ਦਿੱਲੀ

## ਪ੍ਰਾਜੈਕਟ-ਅਫ਼ਸਰ :

**ਸ੍ਰੀ ਅਲ ਹਿਲਾਲ ਅਹਿਮਦ** — ਜੁਆਇੰਟ ਡਾਇਰੈਕਟਰ (ਭਾਸ਼ਾਵਾਂ), ਸੀ.ਬੀ.ਐੱਸ.ਈ., ਦਿੱਲੀ

# भारत का संविधान

## उद्देशिका

हम भारत के लोग, भारत को एक[1] (सम्पूर्ण प्रभुत्व-संपन्न समाजवादी पंथनिरपेक्ष लोकतंत्रात्मक गणराज्य) बनाने के लिए, तथा उसके समस्त नागरिकों को :

सामाजिक, आर्थिक और राजनैतिक न्याय,
विचार, अभिव्यक्ति, विश्वास, धर्म
और उपासना की स्वतंत्रता,
प्रतिष्ठा और अवसर की समता
प्राप्त करने के लिए,
तथा उन सब में
व्यक्ति की गरिमा और[2] (राष्ट्र की एकता
और अखण्डता) सुनिश्चित करने वाली बंधुता बढ़ाने के लिए

दृढ़संकल्प होकर अपनी इस संविधान सभा में आज तारीख 26 नवम्बर, 1949 ई0 को एतद्द्वारा इस संविधान को अंगीकृत, अधिनियमित और आत्मार्पित करते हैं।

1. संविधान (ब्यालीसवां संशोधन) अधिनियम, 1976 की धारा 2 द्वारा (3.1.1977 से) ''प्रभुत्व-संपन्न लोकतंत्रात्मक गणराज्य'' के स्थान पर प्रतिस्थापित।
2. संविधान (ब्यालीसवां संशोधन) अधिनियम, 1976 की धारा 2 द्वारा (3.1.1977 से) ''राष्ट्र की एकता'' के स्थान पर प्रतिस्थापित।

---

### भाग 4 क

## मूल कर्त्तव्य

**51 क. मूल कर्त्तव्य--भारत के प्रत्येक नागरिक का यह कर्त्तव्य होगा कि वह--**

(क) संविधान का पालन करे और उसके आदर्शों, संस्थाओं, राष्ट्र ध्वज और राष्ट्र गान का आदर करे,
(ख) स्वतंत्रता के लिए हमारे राष्ट्रीय आंदोलन को प्रेरित करने वाले उच्च आदर्शों को हृदय में संजोए रखें और उनका पालन करें,
(ग) भारत की प्रभुता, एकता और अखंडता की रक्षा करें और उसे अक्षुण्ण रखें,
(घ) देश की रक्षा करें और आह्वान किए जाने पर राष्ट्र की सेवा करें,
(ड) भारत के सभी लोगों में समरसता और समान भ्रातृत्व की भावना का निर्माण करे जो धर्म, भाषा और प्रदेश या वर्ग पर आधारित सभी भेदभाव से परे हों, ऐसी प्रथाओं का त्याग करे जो स्त्रियों के सम्मान के विरूद्ध हैं,
(च) हमारी सामासिक संस्कृति की गौरवशाली परंपरा का महत्व समझे और उसका परीक्षण करे;
(छ) प्राकृतिक पर्यावरण की जिसके अंतर्गत वन, झील, नदी और वन्य जीवन हैं, रक्षा करें और उसका संवर्धन करें तथा प्राणी मात्र के प्रति दया भाव रखें
(ज) वैज्ञानिक दृष्टिकोण, मानववाद, और ज्ञानार्जन तथा सुधार की भावना का विकास करें,
(झ) सार्वजनिक संपत्ति को सुरक्षित रखें और हिंसा से दूर रहें,
(ञ) व्यक्तिगत और सामूहिक गतिविधियों से सभी क्षेत्रों में उत्कर्ष की ओर बढ़ने का सतत् प्रयास करें जिससे राष्ट्र निरंतर बढ़ते हुए प्रयत्न और उपलब्धि की नई ऊचाईयों को छू ले;
(ट) यदि माता-पिता या सरंक्षक है, छह वर्ष से चौदह वर्ष तक की आयु वाले अपने, यथास्थिति, बालक या प्रतिपाल्य के लिये शिक्षा के अवसर प्रदान करे।

1. संविधान (छयासीवां संशोधन) अधिनियम, 2002 की धारा 4 द्वारा (12.12.2002) से अंतः स्थापित।

# THE CONSTITUTION OF INDIA

## PREAMBLE

WE, THE POEPLE OF INDIA, having solemnly resolved to constitute India into a[1] (SOVEREIGN SOCIALIST SECULAR DEMOCRATIC REPUBLIC) and to secure to all its citizenes :

JUSTICE, social economic and political;

LIBERTY of thought, experssion, belief, **faith and worship**;

EQUALITY of status and of opportunity; **and to promote among them all**

FRATERNITY assuring the dignity of the individual and the[2] [unity and integrity of the Nation];

IN OUR CONSTITUENT ASSEMBLY this twenty-sixty day of November, 1949, do HEREBY ADOPT, ENACT AND GIVE TO OURSELVES THIS CONSTITUTION.

1. Subs by the Consitution (Forty-Second Amendment) Act, 1976, sec. 2, for "Sovereign Democratic Republic (w.e.f. 3.1.1977)
2. Subs by the Consitution (Forty-Second Amendment) Act, 1976, sec. 2, for "unity of the Nation (w.e.f. 3.1.1977)

---

# THE CONSTITUTION OF INDIA

## Chapter IVA
## Fundamental Duties

### ARTICLE 51A

**Fundamental Duties**—It shall be the duty of every citizen of India—

(a) to abide the Consititution and respect its ideals and institutions, the National Flag and the National Anthem ;

(b) to cherish and follow the noble ideals which inspired our national struggle for freedom ;

(c) to uphold and protect the sovereignty, unity and integrity of India;

(d) to defend the country and render national service when called upon to do so;

(e) To promote harmony and the spirit of common brotherhood amongst all the people of India transcending religious, linguistic and regional or sectional diversities ; to renounce practices derogatory to the dignity of women ;

(f) to value and preserve the rich heritage of our composite culture;

(g) to protect and improve the natural environment including forests, lakes, rivers, wild life and to have compassion for living creature ;

(h) to develop the scientific temper, humanism and the spirit of inquiry and reform;

(i) to safeguard public property and to abjure violence;

(j) to strive towards excellence in all shperes of individual and collective activity so that the nation constantly rises to higher levles of endeavour and achievement.

[1](k) Who is a parent or gaurdian to provide apportunities for aducation to his/her child or, as the case may be, ward between age of six and forteen years.

1. Ins. by the constitution (Eighty-Sixth Amendment) Act. 2002 A.4 (w.e.f. 12.12.2002)

# ਤਤਕਰਾ


ਮੁੱਖ ਸ਼ਬਦ : ਡਾ. ਸਤਬੀਰ ਬੇਦੀ 5

1. ਸੰਤੋਖ ਸਿੰਘ ਧੀਰ 9
   ਇੱਕ ਸਧਾਰਨ ਆਦਮੀ (ਕਹਾਣੀ)

2. ਬੰਤ ਸਿੰਘ ਚੱਠਾ
   ਪ੍ਰਦੇਸ ਨਾ ਤੂੰ ਤੋਰੀਂ ਬਾਬਲਾ (ਕਹਾਣੀ) 19

3. ਡਾ. ਦਲੀਪ ਕੌਰ ਟਿਵਾਣਾ
   ਸਤੀਆਂ ਸੇਈ (ਕਹਾਣੀ) 26

4. ਬਚਿੰਤ ਕੌਰ
   ਦੁੱਧ ਤੇ ਪੁੱਤ (ਕਹਾਣੀ) 34

5. ਡਾ. ਹਰਚਰਨ ਸਿੰਘ
   ਕਿਰਤ ਦਾ ਸਤਿਕਾਰ (ਇਕਾਂਗੀ) 40

6. ਗੁਰਦਿਆਲ ਸਿੰਘ
   ਕਰਤਾਰਾ ਕੌਤਕੀ (ਇਕਾਂਗੀ) 50

7. ਡਾ. ਹਰਬੰਸ ਸਿੰਘ ਚਾਵਲਾ
   ਕਰਤਾਰ ਸਿੰਘ ਸਰਾਭਾ (ਜੀਵਨੀ) 60

8. ਸੁਨੀਲ ਕੁਮਾਰ ਬੇਦੀ
ਪੁਲਾੜ ਦੀ ਪਰੀ - ਕਲਪਨਾ ਚਾਵਲਾ (ਜੀਵਨੀ) 67

9. ਸਵਰਨ ਸਿੰਘ
ਮਦਨ ਲਾਲ ਢੀਂਗਰਾ (ਜੀਵਨੀ) 75

10. ਡਾ. ਪ੍ਰਿਥਵੀ ਰਾਜ ਥਾਪਰ
ਮਲਟੀ-ਮੀਡੀਆ (ਲੇਖ) 84

# ਇਕ ਸਧਾਰਨ ਆਦਮੀ

## ਸੰਤੋਖ ਸਿੰਘ ਧੀਰ

### ਸ਼ਖ਼ਸੀਅਤ ਤੇ ਰਚਨਾ



ਸੰਤੋਖ ਸਿੰਘ ਧੀਰ ਦਾ ਜਨਮ 2 ਦਸੰਬਰ, 1920 ਨੂੰ ਸਰਹੰਦ ਨੇੜੇ, ਆਪਣੇ ਨਾਨਕੇ ਘਰ, ਬਸੀ ਪਠਾਣਾਂ ਵਿਖੇ ਹੋਇਆ। ਉਨ੍ਹਾਂ ਦਾ ਪਾਲਣ-ਪੋਸਣ ਨਾਨਕਿਆਂ ਤੋਂ ਥੋੜ੍ਹੀ ਦੂਰ, ਆਪਣੇ ਦਾਦਕੇ ਪਿੰਡ ਡਡਹੇੜੀ ਵਿਖੇ ਹੋਇਆ।

ਸੰਤੋਖ ਸਿੰਘ ਧੀਰ ਪੰਜਾਬੀ ਦੇ ਸਿਰਮੌਰ ਲੇਖਕ ਸਨ। ਕਵਿਤਾ, ਨਾਵਲ, ਲੇਖ, ਸਫ਼ਰਨਾਮਾ ਤੇ ਸਵੈ-ਜੀਵਨੀ ਲਗਭਗ ਹਰ ਵਿਧਾ ਵਿੱਚ ਉਨ੍ਹਾਂ ਨੇ ਆਪਣੀ ਕਲਮ ਚਲਾਈ ਹੈ।

ਸੰਤੋਖ ਸਿੰਘ ਧੀਰ ਨੂੰ ਸਾਹਿਤ ਅਕਾਦਮੀ ਇਨਾਮ, ਸੋਵੀਅਤ ਦੇਸ਼ ਨਹਿਰੂ ਇਨਾਮ, ਕੈਨੇਡਾ ਅਤੇ ਪੰਜਾਬੀ ਸਾਹਿਤ ਅਕਾਦਮੀ, ਯੂ.ਕੇ. (ਲੰਡਨ) ਜਿਹੇ ਚਰਚਿਤ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ। ਆਪ 1994 ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਆਜੀਵਨ ਫ਼ੈਲੋ ਰਹੇ।

### ਇਕ ਸਧਾਰਨ ਆਦਮੀ

ਪੰਜਾਹ ਵਰ੍ਹੇ ਦੀ ਉਮਰ ਵਿਚ ਜੀਉਣੇ ਨੇ ਕੁੱਤੇ ਦੇ ਵੀ ਸੋਟੀ ਨਹੀਂ ਸੀ ਮਾਰੀ ਕਦੇ, ਪਰ ਅੱਜ ਅਚਾਨਕ ਉਸ ਦੇ ਹੱਥੋਂ ਆਦਮੀ ਕਤਲ ਹੋ ਗਿਆ। ਹੁਣ ਉਹ ਡੌਰ-ਭੌਰ ਸੀ। ਘਾਬਰਿਆ ਤੇ ਡੈਂਬਰਿਆ।

ਵਿਸਾਖ ਦਾ ਮਹੀਨਾ ਸੀ। ਕਣਕਾਂ ਵੱਢੀਆਂ ਗਈਆਂ ਸਨ। ਕਮਾਦਾਂ ਨੂੰ ਤੇ ਗੰਢਿਆਂ ਨੂੰ ਪਾਣੀ ਦੇਣ ਦੇ ਦਿਨ ਸਨ। ਤੜਕੇ ਦੋ ਜਾਂ ਤਿੰਨ ਵਜੇ ਜੀਉਣੇ ਨੇ ਬਲਦ ਖੋਲ੍ਹੇ ਤੇ ਹੀਸਾਂ ਵਾਲੇ ਖੂਹ ਉਤੇ ਕਮਾਦ ਸਿੰਝਣ ਆ ਗਿਆ। ਅੱਜ ਉਨ੍ਹਾਂ ਦੀ ਵਾਰੀ ਸੀ। ਨਾਲ ਉਸ ਦਾ ਛੋਟਾ ਭਾਈ ਬਚਨ ਸਿੰਘ ਵੀ ਆਇਆ ਸੀ। ਨੱਕੇ ਛੱਡਣ ਵਾਸਤੇ।

ਖੂਹ ਨਿਆਈਂ ਵਿਚ ਸੀ। ਪਿੰਡ ਦੀ ਫਿਰਨੀ ਨਾਲ ਹੀ। ਖੂਹ ਤੋਂ ਥੋੜ੍ਹੀ ਦੂਰ ਹੀ,

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਡੌਰ-ਭੌਰ | :ਘਬਰਾਇਆ, ਬੇਚੈਨ |
| ਡੈਂਬਰਿਆ | :ਕੁਝ ਵੀ ਸਮਝ ਨਾ ਆਉਣਾ |
| ਕਮਾਦਾਂ | :ਗੰਨੇ ਦੇ ਖੇਤ |
| ਸਿੰਝਣ | :ਪਾਣੀ ਦੇਣਾ |
| ਨੱਕੇ ਛੱਡਣ | :ਪਾਣੀ ਮੋੜਨਾ |

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਅੜਬ | :ਜ਼ਿੱਦੀ |
| ਜੋੜਨ | :ਚਲਾਉਣ |
| ਖਾਲ | :ਖੇਤ 'ਚ ਬਣਾਈ ਪਾਣੀ ਦੀ ਨਾਲੀ |
| ਵਿੜਕ | :ਆਵਾਜ਼ |
| ਪਿੰਡਾ | :ਸਰੀਰ |
| ਛੇੜ ਛੇੜੇਗਾ | :ਸ਼ਰਾਰਤ ਕਰੇਗਾ |
| ਅੱਖੜ | :ਮਨ ਮਰਜ਼ੀ ਕਰਨ ਵਾਲਾ |
| ਨਰੋਆ | :ਤਾਕਤਵਰ |
| ਵਿੱਢ | :ਸਰੀਰ ਦਾ ਫੈਲਾਅ |
| ਬਾਹਠਾਂ | :62 ਦਾ ਆਂਕੜਾ |
| ਕੌੜ | :ਕੌੜੇ (ਅੜਬ) ਸੁਭਾਵ ਵਾਲਾ |
| ਰੇਬ | :ਭੀੜੀ |
| ਅੱਗ ਦੀ ਨਾਲ | :ਬਹੁਤ ਤੇਜ਼ |
| ਦੇਹ | :ਸਰੀਰ |
| ਹਿੰਡ | :ਜ਼ਿੱਦ |
| ਪਹਿਰੇ | :ਸਮੇਂ |
| ਹੁਤ | :ਬੋਲ ਜਾਵੇ |

ਕੋਈ ਸੌ ਕੁ ਗਜ਼ ਦੇ ਫ਼ਰਕ ਨਾਲ, ਅਕਾਲੀਆਂ ਦਾ ਘਰ ਸੀ ਤੇ ਸੱਦਾ ਸਿੰਘ ਅਕਾਲੀ ਜੋ ਖੂਹ ਦਾ ਹਿੱਸੇਦਾਰ ਸੀ ਤੇ ਮੰਨਿਆ ਹੋਇਆ ਅੜਬ ਵੀ, ਆਪਣੇ ਘਰ ਦੇ ਵਿਹੜੇ ਵਿਚ ਡੰਗਰਾਂ ਲਾਗੇ ਪਿਆ ਸੀ। ਉਸ ਦਾ ਕਹਿਣਾ ਇਹ ਸੀ ਕਿ ਅੱਜ ਉਨ੍ਹਾਂ ਦੀ ਵਾਰੀ ਹੈ। ਜੀਊਣੇ ਹੋਰੀਂ ਖੂਹ ਨਾ ਜੋੜਨ। ਜੇ ਉਹ ਫੇਰ ਵੀ ਜੋੜਨਗੇ ਤਾਂ ਉਹ ਆ ਕੇ ਰੋਕੇਗਾ।

ਜੀਊਣਾ ਖੂਹ ਜੋੜਨ ਲੱਗਾ। ਬਚਨ ਸਿੰਘ ਕਹੀ ਨਾਲ ਖਾਲ ਸੁਆਰਨ ਲੱਗ ਪਿਆ। ਥੋੜ੍ਹਾ-ਥੋੜ੍ਹਾ ਦੋਹਾਂ ਨੂੰ ਹੀ ਸੱਦਾ ਸਿੰਘ ਦਾ ਸ਼ੱਕ ਸੀ ਕਿ ਉਹ ਰੋਕਣ ਆਵੇਗਾ। ਪਰ ਉਹ ਦੋਵੇਂ ਚੁੱਪ ਸਨ।

ਟਿਕੀ, ਸੁੰਨੀ ਰਾਤ ਸੀ। ਸੱਦਾ ਸਿੰਘ ਦਾ ਕੰਨ ਵੀ ਸਮਝੋ ਖੂਹ ਵੱਲ ਲੱਗਾ ਹੋਇਆ ਸੀ। ਹੀਸਾਂ ਵਾਲੇ ਖੂਹ ਉਤੇ ਜਦ ਖੂਹ ਜੁੜਨ ਦੀ ਵਿੜਕ ਹੋਈ ਤਾਂ ਸੱਦਾ ਸਿੰਘ ਜਾਗ ਪਿਆ ਤੇ ਮੰਜੇ ਉਤੋਂ ਉਠ ਕੇ ਉਹ ਖੂਹ ਵੱਲ ਨੂੰ ਤੁਰ ਪਿਆ। ਉਸ ਦਾ ਪਿੰਡਾ ਨੰਗਾ ਸੀ। ਸਿਰ ਤੇ ਪੈਰ ਵੀ ਨੰਗੇ ਸਨ। ਸਿਰਫ਼ ਚਿੱਟੀ ਕੱਛ ਹੀ ਉਸ ਨੇ ਤੇੜ ਪਹਿਨੀ ਹੋਈ ਸੀ।

ਚੰਨ-ਚਾਨਣੀ ਰਾਤ ਸੀ। ਪੂਰਨਮਾਸ਼ੀ ਲੰਘਿਆਂ ਅਜੇ ਤਿੰਨ ਕਿ ਚਾਰ ਦਿਨ ਹੋਏ ਸਨ। ਜੀਊਣੇ ਹੋਰਾਂ ਨੇ ਦੇਖਿਆ ਕਿ ਸੱਦਾ ਸਿੰਘ ਆ ਰਿਹਾ ਹੈ। ਸ਼ੱਕ ਤਾਂ ਸੀ ਹੀ ਉਨ੍ਹਾਂ ਨੂੰ। ਉਹ ਸਾਵਧਾਨ ਜਿਹੇ ਹੋ ਗਏ ਤੇ ਨਾਲੇ ਕੁਝ-ਕੁਝ ਕੰਬਣ ਲੱਗੇ। ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਅੱਜ ਉਹ ਛੇੜ ਛੇੜੇਗਾ।

ਜੀਊਣੇ ਹੋਰੀਂ ਨਰਮ ਸਨ। ਸੱਦਾ ਸਿੰਘ ਅੱਖੜ। ਸਰੀਰ ਦਾ ਵੀ ਸੱਦਾ ਸਿੰਘ ਨਰੋਆ ਅਤੇ ਤਕੜਾ ਸੀ। ਲੰਮਾ ਕੱਦ, ਖੁੱਲ੍ਹਾ ਵਿੱਢ, ਪਹਿਲਵਾਨਾਂ ਵਰਗਾ ਜੁੱਸਾ। ਕਦੇ, ਕਿਸੇ ਜ਼ਮਾਨੇ ਵਿਚ, ਉਹ ਪਹਿਲਵਾਨ ਵੀ ਰਿਹਾ ਸੀ। ਭਾਵੇਂ ਹੁਣ ਉਹ ਬੁੱਢਾ ਸੀ—ਸੱਠਾਂ ਬਾਹਠਾਂ ਵਰ੍ਹਿਆਂ ਦਾ—ਪਰ ਛਾਤੀ ਹੁਣ ਵੀ ਚੌੜੀ ਤੇ ਡੌਲੇ ਮੱਛੀਆਂ ਵਾਲੇ ਸਨ। ਪੱਟਾਂ ਉਤੇ ਛੱਲੀਆਂ ਤੇ ਪਿੰਜਣੀਆਂ ਮਜ਼ਬੂਤ ਸਨ। ਚਿਹਰਾ ਭਖਦਾ ਲਾਲ ਸੀ। ਵੱਡੇ-ਵੱਡੇ ਹੱਥ ਤੇ ਪੈਰ।

ਦੇਖਣ ਵਿੱਚ ਸੱਦਾ ਸਿੰਘ ਸ਼ਰੀਫ਼ ਨਜ਼ਰ ਆਉਂਦਾ ਸੀ। ਕੌੜ ਜਾਂ ਲੜਾਕਾ ਨਹੀਂ। ਰੇਬ ਕੱਛ ਪਾਉਂਦਾ ਤੇ ਸਿਰ ਉਤੇ ਛੋਟੀ ਜਿਹੀ ਪੀਲੀ ਪੱਗ ਬੰਨ੍ਹਦਾ ਹੁੰਦਾ। ਜਿਵੇਂ ਗ੍ਰੰਥੀ ਹੁੰਦਾ ਹੈ। ਗੁਟਕਾ ਵੀ ਉਹ ਪੜ੍ਹਦਾ ਰਹਿੰਦਾ। ਇਸ ਕਰਕੇ ਲੋਕ ਉਸ ਨੂੰ "ਭਾਈ ਜੀ" ਵੀ ਕਹਿੰਦੇ ਸਨ। ਪਰ ਜਾਣਨ ਵਾਲੇ ਕਹਿੰਦੇ ਸਨ ਕਿ ਉਸ ਵਿਚ ਬਹੁਤ ਗੁੱਸਾ ਸੀ ਤੇ ਨਿਰੀ ਅੱਗ ਦੀ ਨਾਲ ਸੀ। ਹਮੀਂ ਵੀ ਸੀ ਉਹਦੇ ਵਿਚ। ਉਸ ਨੂੰ ਆਪਣੀ ਤਾਕਤ ਦਾ ਤੇ ਦੇਹ ਦਾ ਬਹੁਤ ਮਾਣ ਸੀ। ਜਿਥੇ ਵੀ ਅੜ ਜਾਂਦਾ ਸੀ, ਆਪਣੀ ਹਿੰਡ ਪੁਗਾਉਂਦਾ ਸੀ। ਭਾਵੇਂ ਆਪਣੀ ਗ਼ਲਤੀ ਹੁੰਦੀ।

ਹੁਣ ਤਾਂ ਫੇਰ ਵੀ ਘੱਟ ਸੀ, ਜੁਆਨੀ ਪਹਿਰੇ ਬਹੁਤ ਸੀ। ਜਦੋਂ ਚਾਹੇ, ਜਿਸ ਦਾ ਮਰਜ਼ੀ, ਖੂਹ ਛੁਡਵਾ ਦਿੰਦਾ ਸੀ। ਜੁੜੇ ਬਲਦ ਖੁਲ੍ਹਵਾ ਦਿੰਦਾ। ਕਿਸੇ ਦੀ ਤਾਕਤ ਨਹੀਂ ਸੀ ਕਿ ਉਸ ਦੇ ਸਾਹਮਣੇ ਹੁਤ ਕਰ ਜਾਵੇ। ਸਾਰੇ ਉਸ ਤੋਂ ਡਰਦੇ ਸਨ।

ਕਿੰਨੀ ਵਾਰੀ ਜੀਊਣੇ ਦਾ ਹੀ ਉਸ ਨੇ ਖੂਹ ਛੁਡਵਾਇਆ ਸੀ ਤੇ ਜੁੜੇ ਬਲਦ ਖੁਲ੍ਹਾਏ

ਸਨ। ਜੀਊਣਾ ਡਰ ਕੇ ਚੁੱਪ ਕਰ ਜਾਂਦਾ। ਕੋਈ ਵੀ ਬੋਲਦਾ ਨਹੀਂ ਸੀ। ਸੱਦਾ ਸਿੰਘ ਦਾ ਇਕ ਤਰ੍ਹਾਂ ਨਾਲ ਛੱਪਾ ਬੈਠਿਆ ਹੋਇਆ ਸੀ।

ਸੱਦਾ ਸਿੰਘ ਨੂੰ ਆਉਂਦਾ ਦੇਖ ਬਚਨ ਸਿੰਘ ਵੀ ਖਾਲ ਛੱਡ ਕੇ ਖੂਹ ਉਤੇ ਆ ਗਿਆ ਸੀ। ਕਹੀ ਉਸ ਦੇ ਕੋਲ ਸੀ। ਦੋਵੇਂ ਵੀ ਉਹ ਸੱਦਾ ਸਿੰਘ ਦੇ ਸਾਹਮਣੇ ਸਮਝੋ ਹੇਚ ਸਨ।



ਸੱਦਾ ਸਿੰਘ ਤੁਰਦਾ-ਤੁਰਦਾ ਖੂਹ ਦੇ ਨੇੜੇ ਆ ਗਿਆ ਤੇ ਆਉਂਦਾ ਹੀ ਉਹ ਆਖਣ ਲੱਗਾ : "ਖੂਹ ਨਾ ਚਲਾਇਓ ਬਈ !" ਉਸ ਦਾ ਬੋਲ ਡਾਂਟਵਾਂ ਤੇ ਤੜ੍ਹੀ ਨਾਲ ਭਰਿਆ ਹੋਇਆ ਸੀ।

"ਕਿਉਂ ਨਾ ਚਲਾਈਏ ਖੂਹ ...?" ਜੀਊਣੇ ਹੋਰੀਂ ਆਖਣ ਲੱਗੇ। ਡਰ ਅਤੇ ਘਬਰਾਹਟ ਨਾਲ ਉਹ ਧੱਕ-ਧੱਕ ਕਰ ਰਹੇ ਸਨ।

"ਬਸ, ਮੈਂ ਥੋਨੂੰ ਕਹਿ 'ਤਾ। ਖੂਹ ਨਾ ਚਲਾਇਓ ਅੱਜ। ਅੱਜ ਸਾਡੀ ਵਾਰੀ ਐ।"

"ਥੋਡੀ ਬਾਰੀ ਕਿਥੇ ਹੈ ! ਅੱਜ ਸਾਡੀ ਬਾਰੀ ਐ !"

"ਬਸ, ਮੈਂ ਥੋਨੂੰ ਕਹਿ 'ਤਾ। ਖੂਹ ਨਾ ਚਲਾਇਓ।"

"ਆ ਗਿਆ ਇਹ ਨਾਢੂ ਖਾਂ ..." ਜੀਊਣੇ ਹੋਰੀਂ ਬੁੜਬੁੜਾਏ।

ਬਲਦ ਜੁੜੇ ਖੜ੍ਹੇ ਸਨ। ਤਦੇ ਬਲਦ ਹੱਕਣ ਲਈ ਜੀਊਣੇ ਨੇ ਟਿਚਕਾਰੀ ਮਾਰੀ।

ਸੱਦਾ ਸਿੰਘ ਉਸੇ ਸਮੇਂ ਬਲਦਾਂ ਅੱਗੇ ਆ ਗਿਆ ਤੇ ਛਾਤੀ ਤਾਣ ਖਲੋ ਗਿਆ : "ਚਲਾਓ ਕਿਵੇਂ ਚਲਾਉਨੇ ਓਂ !" ਉਸ ਨੇ ਰਾਹ ਰੋਕ ਲਿਆ।

ਸੱਦਾ ਸਿੰਘ, ਆਰਾਮ ਨਾਲ, ਢਾਕਾਂ ਉਤੇ ਹੱਥ ਰੱਖੀਂ, ਬਲਦਾਂ ਅੱਗੇ ਖੜ੍ਹਾ ਸੀ। ਉਸ ਦਾ ਪੇਟ ਵਧਿਆ ਤੇ ਗੋਡੇ ਤਣੇ ਹੋਏ ਸਨ ਜੋ ਰੇਬ ਕੱਛ ਦੀਆਂ ਮੂਹਰੀਆਂ ਥੱਲੇ ਉਸ ਨੂੰ ਚੁੱਕੀ ਖੜ੍ਹੇ ਸਨ। ਸਿਰ ਥੋੜ੍ਹਾ ਗੰਜਾ ਸੀ ਜੋ ਚੰਨ-ਚਾਨਣੀ ਰਾਤ ਵਿਚ ਚਮਕਾਂ ਮਾਰ ਰਿਹਾ ਸੀ। ਪੈਰਾਂ ਥੱਲੇ ਛਾਂ ਸੀ, ਪਰ ਇਹ ਛਾਂ ਸੱਦਾ ਸਿੰਘ ਨੂੰ ਨਜ਼ਰ ਨਹੀਂ ਆ ਰਹੀ ਸੀ, ਕਿਉਂਕਿ ਛਾਤੀ ਤਣੀ ਤੇ ਧੌਣ ਉੱਭਰੀ ਹੋਈ ਸੀ। ਕਾਲੀ-ਚਿੱਟੀ ਰਾਤ ਵਿਚ ਉਹ ਇਉਂ ਨਜ਼ਰ ਆ ਰਿਹਾ ਸੀ ਜਿਵੇਂ ਦੈਂਤ ਖਲੋਤਾ ਹੋਵੇ।

ਜੀਊਣੇ ਹੋਰੀਂ ਆਖਣ ਲੱਗੇ :

"ਭਾਈ ਜੀ, ਤੂੰ ਚਲਿਆ ਜਾ, ਖੂਹ ਨਾ ਸਾਡਾ ਡੱਕ ਤੂੰ, ਅਸੀਂ ਲੜਾਈ ਨ੍ਹੀਂ ਕਰਨਾ ਚਾਹੁੰਦੇ।" ਡਰ ਅਤੇ ਕਮਜ਼ੋਰੀ ਨਾਲ ਉਹ ਉੱਚੀ ਬੋਲ ਰਹੇ ਸਨ।

"ਬੌਲਦ ਖੋਲ੍ਹੋ ਬੌਲਦ ਆਪਣੇ। ਮੈਂ ਨ੍ਹੀਂ ਜਾਣਦਾ ਬਹੁਤੀਆਂ ਗੱਲਾਂ।"

"ਕਿਹੜਾ ਖਲ੍ਹਾਊ ਬੌਲਦ ਸਾਡੇ ...।"

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਛੱਪਾ | :ਦਹਿਸ਼ਤ |
| ਹੇਚ | :ਤੁਛ |
| ਤੜ੍ਹੀ | :ਰੋਹਬ |
| ਥੋਡੀ | :ਤੁਹਾਡੀ |
| ਨਾਢੂ | :ਚੌਧਰੀ |
| ਹੱਕਣ | :ਤੋਰਨ |
| ਟਿਚਕਾਰੀ | :ਬਲਦ ਤੋਰਨ ਲਈ ਅਵਾਜ਼ ਕੱਢਣੀ |
| ਛਾਤੀ ਤਾਣ | :ਸੀਨਾ ਤਾਣ |
| ਢਾਕਾਂ | :ਕਮਰ |
| ਮੂਹਰੀਆਂ | :ਪਹੁੰਚੇ |
| ਡੱਕ | :ਰੋਕ |
| ਬੌਲਦ | :ਬਲਦ |

### ਔਖੇ ਸ਼ਬਦਾਂ ਦੇ ਅਰਥ

| | |
|---|---|
| ਭਿੜਾ | :ਟਕਰਾਅ |
| ਦਬਕਾਏ | :ਡਰਾਏ |
| ਅੜ ਖਲੋਣ | :ਟਿਕ ਸਕਣ |
| ਤੁਰਦਾ | :ਚਲਦਾ |
| ਖਲ੍ਹਾਰ | :ਰੋਕ |
| ਹੈਂਕੜ | :ਘੁਮੰਡ |
| ਸਾਊ | :ਸ਼ਰੀਫ਼ |
| ਅੱਗ ਬਗੂਲਾ | :ਗੁੱਸੇ 'ਚ ਆਉਣਾ |
| ਚੰਡਾਲ | :ਗੁੱਸੇ ਵਿੱਚ ਖਫ਼ਾ ਹੋਣਾ |
| ਘੁਮੇਟਣੀ | :ਚੱਕਰ |
| ਫਾਂਕ-ਫਾਂਕ | :ਟੁਕੜੇ-ਟੁਕੜੇ |
| ਏਕਣ | :ਇਸ ਤਰ੍ਹਾਂ |
| ਲੱਥ-ਪੱਥ | :ਲਹੂ ਨਾਲ ਲਿਬੜ ਜਾਣਾ |
| ਤਤੀਰੀਆਂ | :ਧਾਰਾਂ, ਨਿਸ਼ਾਨ |
| ਛਾਈਂ-ਮਾਈਂ | :ਗਾਇਬ |
| ਧੌਲ | :ਧੱਕੇ |
| ਧੱਫੇ | :ਧੱਕੇ |
| ਹੇਰ-ਫੇਰ | :ਚੁਸਤ-ਚਲਾਕੀਆਂ |
| ਵਾਹਣਾ | :ਚਲਾਉਣਾ |
| ਗੋਡੀ | :ਰੰਬੇ ਜਾਂ ਖੁਰਪੀ ਆਦਿ ਨਾਲ ਫ਼ਸਲ ਵਿਚੋਂ ਕੱਖ ਆਦਿ ਕੱਢਣੇ |
| ਝੱਖੜ-ਝਾਂਜਾ | :ਮੁਸੀਬਤਾਂ |

"ਮੈਂ ਖਲ੍ਹਾਊਂ ਮੈਂ—ਜੀਹਨੇ ਅੱਗੇ ਖਲ੍ਹਾਏ ਨੇ।"

ਸੱਦਾ ਸਿੰਘ ਸੋਟੀ ਤਕ ਵੀ ਲੈ ਕੇ ਨਹੀਂ ਆਇਆ ਸੀ। ਨਾ ਹੀ ਉਸ ਨੂੰ ਲੋੜ ਸੀ। ਜੀਊਣੇ ਹੋਰਾਂ ਦੋਹਾਂ ਨੂੰ ਉਹ ਸਮਝਦਾ ਹੀ ਕੀ ਸੀ ? ਖਾਧੀ ਪੀਤੀ ਰੋਟੀ। ਜੇ ਉਹ ਚਾਹੁੰਦਾ, ਦੋਹਾਂ ਨੂੰ ਹੀ ਸਿਰ ਭਿੜਾ ਕੇ ਮਾਰ ਦਿੰਦਾ। ਅੱਗੇ ਉਹਨੇ ਕਿੰਨੀ ਵਾਰੀ ਉਹ ਦਬਕਾਏ ਹੋਏ ਸਨ। ਉਨ੍ਹਾਂ ਦੀ ਤਾਕਤ ਕੀ ਸੀ ਕਿ ਉਸ ਦੇ ਸਾਹਮਣੇ ਅੜ ਖਲੋਣ ? ਉਸ ਨੂੰ ਆਪਣੀ ਤਾਕਤ ਉਤੇ ਪੂਰਾ-ਪੂਰਾ ਭਰੋਸਾ ਸੀ।

ਜੀਊਣੇ ਹੋਰੀਂ ਸੱਦਾ ਸਿੰਘ ਦੇ ਦੁਖੀ ਕੀਤੇ ਪਏ ਸਨ। ਰੋਜ਼ ਤੰਗ ਕਰਦਾ ਤੇ ਤੁਰਦਾ ਕੰਮ ਖਲ੍ਹਾਰ ਦਿੰਦਾ। ਰੱਬ ਹੀ ਬਣਿਆ ਹੋਇਆ ਸੀ। ਸੱਦਾ ਸਿੰਘ ਨੇ ਹੈਂਕੜ ਨਾਲ ਬੋਲ ਹੀ ਮੂੰਹੋਂ ਕੱਢਿਆ ਸੀ ਕਿ ਲੱਖ ਸਾਊਆਂ ਦਾ ਸਾਊ ਜੀਊਣਾ ਅੱਗ ਬਗੂਲਾ ਹੋ ਗਿਆ ਤੇ ਡਰ ਦੀ ਅੰਨ੍ਹੀ ਸ਼ਕਤੀ ਨਾਲ ਕਾਲਾ ਕਹਿਰ ਬਣ ਗਿਆ। ਉਸ ਨੇ ਕਹੀ ਚੁੱਕੀ ਤੇ ਬਿਜਲੀ ਵਰਗੀ ਤਾਕਤ ਨਾਲ ਸੱਦਾ ਸਿੰਘ ਦੇ ਸਿਰ ਵਿਚ ਮਾਰੀ। "ਖੂਹ ਛੁਡਾਊ ਸਾਡਾ ਇਹ ! ਬੌਲਦ ਖੋਲ੍ਹੋ ਬੌਲਦ !" ਉਹ ਦੰਦ ਕਰੀਚ ਰਿਹਾ ਸੀ ਤੇ ਲੱਖਾਂ-ਕਰੋੜਾਂ ਸੱਪਾਂ ਜਿੰਨੀ ਜ਼ਹਿਰ ਨਾਲ ਭਰ ਗਿਆ ਸੀ। ਹੁਣ ਉਹ ਇਕ ਚੰਡਾਲ ਸੀ। ਉਸ ਦੀਆਂ ਅੱਖਾਂ ਲਟ-ਲਟਾ ਕੇ ਕਾਲੀ ਅੱਗ ਬਣ ਗਈਆਂ ਸਨ।

ਕਹੀ ਵੱਜਣ ਸਾਰ ਹੀ ਸੱਦਾ ਸਿੰਘ ਘੁਮੇਟਣੀ ਖਾ ਕੇ ਧਰਤੀ ਉਤੇ ਡਿਗ ਪਿਆ। ਪਾਣੀ ਵੀ ਉਸ ਮੰਗਿਆ ਨਹੀਂ। ਉਸ ਦਾ ਸਿਰ ਖ਼ਰਬੂਜ਼ੇ ਵਾਂਗੂੰ ਫਾਂਕ-ਫਾਂਕ ਹੋ ਗਿਆ ਸੀ। ਕਹੀ ਏਕਣ ਵੱਜੀ ਸੀ ਜਿਵੇਂ ਕਿ ਉਹ ਸਿਰ ਵਿਚ ਨਹੀਂ, ਮਿੱਟੀ ਦੇ ਭਾਂਡੇ ਵਿਚ ਵੱਜੀ ਹੋਵੇ ! ਚਿੱਕੜ ਵਾਂਗੂੰ ਉਸ ਦਾ ਚਿਹਰਾ ਲੱਥ-ਪੱਥ ਹੋ ਗਿਆ ਸੀ। ਲਹੂ ਦੀਆਂ ਤਤੀਰੀਆਂ ਉਸ ਦੀ ਚਿੱਟੀ ਕੱਛ ਤਕ ਪਹੁੰਚ ਗਈਆਂ।

ਇਕ ਪਲ ਲਈ ਜੀਊਣੇ ਨੂੰ ਅੰਤਾਂ ਦੀ ਤਸੱਲੀ ਹੋਈ। ਉਸ ਦਾ ਮਨ ਖੁਸ਼ ਸੀ। ਪਰ ਅਗਲੇ ਪਲ ਹੀ ਇਹ ਤਸੱਲੀ ਛਾਈਂ-ਮਾਈਂ ਹੋਣ ਲੱਗੀ। ਉਸ ਨੂੰ ਆਸ ਹੀ ਨਹੀਂ ਸੀ ਕਿ ਉਸ ਤੋਂ ਇਹ ਹੋ ਜਾਵੇਗਾ। ਉਸ ਨੇ ਕਹੀ ਸੱਦਾ ਸਿੰਘ ਨੂੰ ਮਾਰਨ ਲਈ ਨਹੀਂ ਮਾਰੀ ਸੀ, ਸਹਿਜ-ਸੁਭਾ ਹੀ ਮਾਰੀ ਸੀ। ਧੌਲ ਵਾਂਗ ਜਾਂ ਧੱਫੇ ਵਾਂਗ। ਪਰ ਉਹ ਏਕਣ ਵੱਜੀ ਕਿ ਸੱਦਾ ਸਿੰਘ ਮਰ ਗਿਆ ਤੇ ਧਰਤੀ ਉਤੇ ਡਿਗ ਪਿਆ। ਹੁਣ ਉਹ ਮਰਿਆ ਪਿਆ ਸੀ। ਉਸ ਦੇ ਹੱਥੋਂ ਕਤਲ ਹੋਇਆ !

ਜੀਊਣਾ ਇਕ ਸਿੱਧਾ-ਸਾਦਾ ਅਤੇ ਸਾਧਾਰਨ ਜੱਟ ਸੀ। ਹੇਰ-ਫੇਰ ਜਾਂ ਲਗ-ਲਗਾਓ ਉਸ ਨੂੰ ਨਹੀਂ ਆਉਂਦੇ ਸਨ। ਮੀਂਹ ਦੀ ਸੁੱਚੀ ਕਣੀ ਵਾਂਗ, ਜਿਹੜੀ ਅਜੇ ਅੰਬਰ ਦੇ ਵਿਚਕਾਰ ਹੀ ਖੜ੍ਹੀ ਹੁੰਦੀ ਹੈ, ਉਸ ਦਾ ਦਿਲ ਪਵਿੱਤਰ ਸੀ। ਉਸ ਨੂੰ ਇਹੋ ਪਤਾ ਸੀ ਕਿ ਅੰਨ ਪੈਦਾ ਕਰਨ ਲਈ ਹਲ ਕਿਵੇਂ ਵਾਹਣਾ ਜਾਂ ਗੋਡੀ ਕਿਵੇਂ ਕਰਨੀ ਹੈ। ਫ਼ਸਲ ਉੱਗੀ ਦੇਖ ਕੇ ਉਹ ਖੁਸ਼ ਹੋਣ ਵਾਲਾ ਤੇ ਝੱਖੜ-ਝਾਂਜਾ ਦੇਖ ਕੇ ਉਹ ਦੁਖੀ ਹੋਣ ਵਾਲਾ ਸੀ। ਜੇ ਕੋਈ ਦੁਖ ਜਾਂ ਸੁਖ ਹੁੰਦਾ ਤਾਂ ਵਾਹਿਗੁਰੂ ਨੂੰ ਯਾਦ ਕਰਦਾ।

ਝਗੜੇ ਅਤੇ ਲੜਾਈ-ਫ਼ਸਾਦ ਉਸ ਨੂੰ ਬੁਰੇ ਲੱਗਦੇ ਸਨ। ਜਿਥੋਂ ਤਕ ਹੁੰਦਾ, ਉਹ ਇਨ੍ਹਾਂ ਗੱਲਾਂ ਤੋਂ ਦੂਰ ਰਹਿੰਦਾ। ਕਿਉਂਕਿ ਉਸ ਨੂੰ ਪਤਾ ਸੀ ਕਿ ਝਗੜਾ ਬੁਰਾ ਹੁੰਦਾ ਹੈ। ਲੜਾਈ ਦਾ ਮੂੰਹ ਕਾਲਾ ਹੈ। ਜਿਥੇ ਲੜਾਈ ਹੁੰਦੀ ਹੈ, ਘੜੇ ਪਾਣੀ ਨਹੀਂ ਰਹਿੰਦਾ।

ਜਿਥੇ ਜੀਊਣਾ ਲੜਾਈ ਤੋਂ ਜਾਂ ਹੋਰ ਗੱਲਾਂ ਤੋਂ ਡਰਦਾ ਸੀ, ਉਥੇ ਉਸ ਨੂੰ ਪੁਲਿਸ ਤੋਂ ਵੀ ਬਹੁਤ ਡਰ ਲੱਗਦਾ ਸੀ। ਉਸ ਨੇ ਸੁਣਿਆ ਹੋਇਆ ਸੀ ਕਿ ਪੁਲਿਸ ਬੁਰੀ ਹੁੰਦੀ ਹੈ। ਸੱਚੇ ਅਤੇ ਝੂਠੇ ਨੂੰ ਵੀ ਪੁਲਿਸ ਨਹੀਂ ਦੇਖਦੀ। ਪੁਲਿਸ ਲਈ ਸੱਚਾ ਅਤੇ ਝੂਠਾ ਇਕ-ਬਰਾਬਰ ਹੈ।

ਫੇਰ, ਉਸ ਨੂੰ ਪਤਾ ਸੀ, ਪੁਲਿਸ ਜਦੋਂ ਕੁੱਟਦੀ ਹੈ ਤਾਂ ਮੱਕੀ ਵਾਂਗੂੰ ਕੁੱਟਦੀ ਹੈ। ਮਾਰ-ਮਾਰ ਕੇ ਆਦਮੀ ਦੇ ਹੱਡ ਭੰਨ੍ਹੇ ਜਾਂਦੇ ਤੇ ਫੂਸ ਉਡਾਏ ਜਾਂਦੇ ਹਨ। ਮੰਜੇ ਹੇਠਾਂ ਹੱਥ ਦੇ ਕੇ ਉਤੇ ਬੰਦੇ ਬੈਠਦੇ ਤੇ ਉਸ ਨੂੰ ਦੁੱਖ ਦਿੰਦੇ ਹਨ। ਕਦੇ ਮੰਜਾ ਲਾਉਂਦੇ ਤੇ ਕਦੇ ਉਸ ਦੇ ਕੇਸ ਬੰਨ੍ਹ ਕੇ ਛੱਤ ਨਾਲ ਟੰਗ ਦਿੰਦੇ ਹਨ। ਪੈਰਾਂ ਦੀਆਂ ਤਲੀਆਂ ਵਿਚ ਬੈਂਤ ਮਾਰੇ ਜਾਂਦੇ ਤੇ ਨਹੁੰਆਂ ਵਿਚ ਸੂਈਆਂ ਜਾਂ ਪਿੰਨ ਚੋਭੇ ਜਾਂਦੇ ਹਨ। ਬੱਕਰਾ ਵੀ ਕਸਾਈ ਕੋਲ ਏਨਾ ਦੁਖੀ ਨਹੀਂ ਹੁੰਦਾ, ਜਿੰਨਾ ਬੰਦਾ ਪੁਲਿਸ ਕੋਲ।

ਖੂਹ ਤੋਂ ਥੋੜ੍ਹੀ ਦੂਰ ਹੀ ਇਕ ਕਣਕ ਦਾ ਖਲਵਾੜਾ ਸੀ। ਜੀਊਣਾ ਉਥੋਂ ਦੌੜਿਆ ਤੇ ਕਣਕ ਦੇ ਖਲਵਾੜੇ ਵਿਚ ਭਾਰਾਂ ਉਹਲੇ ਲੁਕ ਗਿਆ। ਇਥੇ ਉਹ ਮਹਿਫ਼ੂਜ ਸੀ। ਕੋਈ ਨਹੀਂ ਸੀ ਦੇਖਦਾ !

ਪਰ, ਜੀਊਣਾ ਅਗਲੇ ਪਲ ਹੀ ਥੱਲ-ਪਥੱਲ ਹੋ ਗਿਆ। ਉਸ ਨੂੰ ਚੈਨ ਨਹੀਂ ਸੀ। ਉਸ ਨੂੰ ਆਪਣੇ ਚਾਰ-ਚੁਫੇਰੇ ਪੁਲਿਸ ਹੀ ਪੁਲਿਸ ਦਿੱਸਣ ਲੱਗੀ। ਪੁਲਿਸ ਜਦੋਂ ਆਉਂਦੀ ਹੈ ਤਾਂ ਪੱਤਾ-ਪੱਤਾ ਛਾਣਦੀ ਤੇ ਖੂੰਜਾ-ਖੂੰਜਾ ਟੋਂਹਦੀ ਹੈ। ਬੰਦਾ ਭਾਵੇਂ ਕਿਤੇ ਹੋਵੇ, ਪੁਲਿਸ ਭਾਲ ਲੈਂਦੀ ਹੈ। ਜੀਊਣਾ ਉਥੋਂ ਉਠਿਆ ਤੇ ਫੇਰ ਬਾਹਰ ਆ ਗਿਆ। ਖਲਵਾੜੇ ਵਿਚ ਲੁਕਿਆ ਉਹ ਸਭ ਨੂੰ ਨਜ਼ਰ ਆਉਂਦਾ ਸੀ।

ਉਥੋਂ ਥੋੜ੍ਹੀ ਦੂਰ ਹੀ ਸ਼ਹੀਦਾਂ ਵਾਲਾ ਖੂਹ ਸੀ। ਜੀਊਣਾ ਉਥੋਂ ਤੁਰਿਆ ਤੇ ਵੱਢਾਂ ਵਿਚੋਂ ਦੌੜਦਾ ਸ਼ਹੀਦਾਂ ਵਾਲੇ ਆ ਗਿਆ। ਸ਼ਹੀਦਾਂ ਵਾਲੇ ਖੂਹ ਉਤੇ ਇਕ ਚੁੱਘੀ ਬਣੀ ਹੋਈ ਸੀ। ਚੁੱਘੀ ਕਾਫੀ ਡੂੰਘੀ ਸੀ। ਆਮ ਕਰਕੇ ਚੁੱਘੀ ਵਿਚ ਪਾਣੀ ਜਮ੍ਹਾਂ ਰਹਿੰਦਾ ਸੀ। ਪਰ ਅੱਜ ਉਹ ਖ਼ਾਲੀ ਸੀ। ਥੋੜ੍ਹਾ-ਬਹੁਤ ਚਿੱਕੜ ਜਾਂ ਇੱਟਾਂ ਵੱਟੇ ਹੋਣਗੇ। ਜੀਊਣਾ ਏਨਾ ਘਾਬਰਿਆ ਤੇ ਏਨਾ ਡਰਿਆ ਹੋਇਆ ਸੀ ਕਿ ਆਪਣਾ ਆਪ ਲੁਕਾਉਣ



### ਔਖੇ ਸ਼ਬਦਾਂ ਦੇ ਅਰਥ

| | |
|---|---|
| ਘੜੇ ਪਾਣੀ ਨਹੀਂ ਰਹਿੰਦਾ | :ਕੁਝ ਨਹੀਂ ਬਚਦਾ |
| ਫੂਸ ਉਡਾਏ | :ਘਾਹ ਖਿੰਡਿਆ |
| ਕੇਸ | :ਸਿਰ ਦੇ ਵਾਲ |
| ਚੋਭੇ | :ਚੁਭਾਏ |
| ਖਲਵਾੜਾ | :ਉਹ ਥਾਂ ਜਿਥੇ ਦਾਣੇ ਇਕੱਠੇ ਕੀਤੇ ਜਾਂਦੇ ਹਨ |
| ਮਹਿਫੂਜ | :ਸੁਰੱਖਿਅਤ, ਠੀਕ-ਠਾਕ |
| ਪੱਤਾ-ਪੱਤਾ ਛਾਣਦੀ | :ਹਰ ਥਾਂ ਲੱਭਣਾ |
| ਖੂੰਜਾ-ਖੂੰਜਾ | :ਹਰ ਥਾਂ |
| ਵੱਢਾਂ | :ਕੱਟੀ ਹੋਈ ਫ਼ਸਲ ਵਾਲੇ ਖੇਤ |
| ਚੁੱਘੀ | :ਹੌਦੀ, ਚੁਬੱਚਾ |

### ਔਖੇ ਸ਼ਬਦਾਂ ਦੇ ਅਰਥ

ਥੱਲ-ਪਥੱਲ :ਬਦ-ਹਵਾਸ
ਘਿਰਣਾ :ਨਫ਼ਰਤ
ਵਾਕਿਫ਼ :ਜਾਣੂ
ਟਿੰਡਾਂ :ਖੂਹ 'ਚੋਂ ਪਾਣੀ ਕੱਢਣ ਵਾਲੇ ਡੱਬੇ, ਬਰਤਨ
ਪਾੜਛਾ :ਜਿਸ ਵਿਚ ਟਿੰਡਾਂ ਦਾ ਪਾਣੀ ਡਿਗਦਾ ਹੈ
ਭੇਤਣ :ਜਾਣੂ
ਟੱਸ-ਟੱਸ :ਚਮਕ ਰਹੇ
ਪੱਬਾਂ ਭਾਰ ਉੱਚਾ :ਇਥੇ ਦਿਨ ਚੜ੍ਹਨ ਦਾ ਭਾਵ
ਸਿੰਜ ਕੇ :ਪਾਣੀ ਦੇ ਕੇ
ਚੈਨ :ਸ਼ਾਂਤੀ
ਤਹਿਆਂ :ਧੁਰ ਅੰਦਰ
ਸਤਹਿ :ਉਪਰੋਂ
ਅੱਚਵੀ :ਬੇਚੈਨੀ
ਟੇਕ :ਆਰਾਮ, ਚੈਨ
ਵਿਆਕੁਲ :ਬੇਚੈਨ
ਅੱਲ-ਪਟੱਲ :ਬੇਤਰਤੀਬ
ਘੋਰ ਯੁੱਧ :ਭਿਆਨਕ ਲੜਾਈ
ਦੁਬਿਧਾ :ਦੁਚਿੱਤੀ

ਲਈ ਉਹ ਚੁੱਘੀ ਵਿਚ ਹੀ ਬਹਿ ਗਿਆ ਤੇ ਚੁੱਘੀ ਵਿਚ ਹੀ ਪੂਰੀ ਤਰ੍ਹਾਂ ਮਹਿਫ਼ੂਜ਼ ਸਮਝਣ ਲੱਗ ਪਿਆ। ਹਾਲਾਂਕਿ ਇਹ ਗ਼ਲਤ ਸੀ। ਚੁੱਘੀ ਵਿਚ ਬੈਠਾ ਬੰਦਾ ਸਾਫ ਨਜ਼ਰ ਆਉਂਦਾ ਸੀ। ਆਦਮੀ ਦੇ ਨਹਾਉਣ ਲਈ ਹੀ ਚੁੱਘੀ ਬਣੀ ਹੋਈ ਸੀ। ਬਹੁਤੀ ਡੂੰਘੀ ਨਹੀਂ ਸੀ।

ਪਰ, ਜੀਊਣਾ ਚੁੱਘੀ ਵਿਚ ਵੀ ਥੱਲ-ਪਥੱਲ ਹੋਣ ਲੱਗਾ। ਇਹ ਵੀ ਠੀਕ ਨਹੀਂ ਸੀ। ਇਥੇ ਵੀ ਉਹ ਲੁਕਿਆ ਹੋਇਆ ਜਾਂ ਮਹਿਫ਼ੂਜ਼ ਨਹੀਂ ਸੀ, ਸਭ ਨੂੰ ਨਜ਼ਰ ਆਉਂਦਾ ਸੀ। ਖੂਹ ਦੇ ਬਿਰਛ-ਬੂਟੇ ਉਸ ਨੂੰ ਰਹਿ-ਰਹਿ ਕੇ ਘੂਰ ਰਹੇ ਸਨ ਤੇ ਉਸ ਨੂੰ ਘਿਰਣਾ ਕਰਦੇ ਸਨ। ਖੂਹ ਵੀ, ਭਾਵੇਂ ਚੁੱਪ ਸੀ, ਪਰ ਸਾਰੀ ਗੱਲ ਤੋਂ ਵਾਕਿਫ਼ ਸੀ। ਟਿੰਡਾਂ ਵੀ ਤੇ ਪਾੜਛਾ ਵੀ ਸਾਰੀ ਗੱਲ ਤੋਂ ਜਾਣੂੰ ਸਨ। ਚੁੱਪ-ਚੁਪੀਤੀ ਟਿਕੀ ਰਾਤ ਵੀ ਸਾਰੀ ਗੱਲ ਦੀ ਭੇਤਣ ਸੀ। ਅੰਬਰ ਉਤੇ ਤਾਰੇ ਵੀ, ਜੋ ਟੱਸ-ਟੱਸ ਕਰ ਰਹੇ ਸਨ, ਸਾਰਾ ਕੁਝ ਹੀ ਜਾਣਦੇ ਤੇ ਸਗੋਂ ਮੁਸਕਰਾਉਂਦੇ ਸਨ। ਚੰਨ ਨੂੰ ਸਾਰਾ ਪਤਾ ਸੀ।

ਆਖ਼ਰ ਜੀਊਣਾ ਚੁੱਘੀ ਵਿਚ ਵੀ ਸ਼ਾਂਤ ਹੋ ਕੇ ਬਹਿ ਨਾ ਸਕਿਆ। ਝੱਟ ਹੀ ਬਾਹਰ ਆ ਗਿਆ। ਹੁਣ ਜੀਊਣਾ ਕਿਥੇ ਜਾਵੇ ? ਉਸ ਨੂੰ ਪਤਾ ਨਹੀਂ ਸੀ।

ਜਿੰਨਾ ਚਿਰ ਰਾਤ ਸੀ, ਜੀਊਣਾ ਸਮਝ ਰਿਹਾ ਸੀ, ਹਰ ਕੋਈ ਉਸ ਨੂੰ ਦੇਖਦਾ ਤੇ ਉਸ ਦਾ ਪਿੱਛਾ ਕਰਦਾ ਹੈ। ਜਦੋਂ ਸਵੇਰ ਹੋਈ ਤੇ ਪੱਬਾਂ ਭਾਰ ਉੱਚਾ ਹੋ ਕੇ ਸੂਰਜ ਉਸ ਵੱਲ ਦੇਖਣ ਲੱਗਾ, ਜੀਊਣਾ ਸੋਚਣ ਲੱਗਾ ਕਿ ਹੁਣ ਉਹ ਲੁਕਿਆ ਹੋਇਆ ਹੈ। ਦੁਨੀਆ ਵਿਚ ਕੋਈ ਵੀ ਹੁਣ ਉਸ ਨੂੰ ਨਹੀਂ ਦੇਖਦਾ। ਜੀਊਣਾ ਘਰ ਆਇਆ ਤੇ ਆ ਕੇ ਏਕਣ ਬਹਿ ਗਿਆ ਜਿਵੇਂ ਫ਼ਸਲ ਸਿੰਜ ਕੇ ਜਾਂ ਗੋਡੀ ਕਰਕੇ ਆਇਆ ਹੋਵੇ। ਹੁਣ ਉਹ ਬਿਲਕੁਲ ਠੀਕ ਸੀ। ਉਸ ਦੇ ਅੰਦਰ ਪੂਰੀ-ਪੂਰੀ ਚੈਨ ਨਜ਼ਰ ਆ ਰਹੀ ਸੀ।

ਪਰ ਇਹ ਚੈਨ, ਅਸਲ ਵਿਚ, ਬੇਚੈਨੀਆਂ ਦੀ ਸਿਖ਼ਰ ਸੀ। ਉਸ ਦੇ ਮਨ ਦੀਆਂ ਤਹਿਆਂ ਵਿਚ ਤੂਫ਼ਾਨ ਆਇਆ ਹੋਇਆ ਸੀ। ਸਿਰਫ਼ ਸਤਹਿ ਚੁੱਪ ਸੀ। ਉਸ ਨੇ ਪੱਗ ਉਤਾਰੀ ਤੇ ਕੰਘਾ ਕਰਨਾ ਸ਼ੁਰੂ ਕੀਤਾ। ਫੇਰ ਪੱਗ ਉਤਾਰੀ ਤੇ ਫੇਰ ਕੇਸ ਵਾਹੁਣ ਲੱਗਾ। ਵਾਰ-ਵਾਰ ਜੀਊਣਾ ਪੱਗ ਉਤਾਰਦਾ ਤੇ ਕੇਸ ਵਾਹੁੰਦਾ। ਉਸ ਦੇ ਮਨ ਵਿਚ ਅੱਚਵੀ ਜਾਂ ਅਗਨੀ ਲੱਗੀ ਹੋਈ ਸੀ। ਲਾਟਾਂ ਭੜਕ ਰਹੀਆਂ ਸਨ। ਕਿੰਨੀ ਵਾਰ ਜੀਊਣੇ ਨੇ ਮੁੜ-ਮੁੜ ਆਪਣੇ ਕੇਸ ਵਾਹੇ। ਉਸ ਨੂੰ ਟੇਕ ਨਹੀਂ ਸੀ। ਪਾਰੇ ਵਾਂਗੂੰ ਉਸ ਦਾ ਮਨ ਅਸ਼ਾਂਤ ਜਾਂ ਵਿਆਕੁਲ ਸੀ।

ਜੀਊਣਾ ਰੋਟੀ ਖਾਣ ਲੱਗਾ। ਪੈਰਾਂ ਭਾਰ ਬੈਠਾ ਉਹ ਏਕਣ ਰੋਟੀ ਖਾਂਦਾ ਸੀ ਜਿਵੇਂ ਹੁਣ ਉਹ ਇਥੇ ਨਹੀਂ, ਹੋਰ ਹੀ ਦੁਨੀਆ ਵਿਚ ਸੀ। ਬਟਰ-ਬਟਰ ਤੱਕਦਾ ਉਹ ਆਪਣੇ ਮੂੰਹ ਵਿਚ ਅੱਲ-ਪਟੱਲ ਬੁਰਕੀਆਂ ਪਾ ਰਿਹਾ ਸੀ। ਉਸ ਦੀਆਂ ਅੱਖਾਂ ਆਂਡਿਆਂ ਵਾਂਗੂੰ ਗਲੀ ਵੱਲ ਲਿਸ਼ਕ ਰਹੀਆਂ ਸਨ।

ਜੀਊਣੇ ਅੰਦਰ ਸੱਚ ਤੇ ਝੂਠ ਘੋਰ ਯੁੱਧ ਕਰ ਰਹੇ ਸਨ। ਸੱਚ ਉਸ ਨੂੰ ਆਪਣੇ ਵੱਲ ਤੇ ਝੂਠ ਆਪਣੇ ਵੱਲ ਖਿੱਚਦਾ। ਜੀਊਣਾ ਦੁਬਿਧਾ ਵਿਚ ਸੀ। ਸਗੋਂ ਉਸ ਨੇ ਸੱਚ ਤੋਂ ਆਪਣਾ

ਮੂੰਹ ਭੁਆਇਆ ਹੋਇਆ ਸੀ। ਸੱਚ ਬੇਸ਼ੱਕ ਚੰਗਾ ਤੇ ਓੜਕ ਜਿੱਤਣ ਵਾਲਾ ਸੀ, ਪਰ ਉਸ ਨੂੰ ਝੂਠ ਚੰਗਾ ਤੇ ਲਾਹੇਵੰਦਾ ਦਿਸਦਾ ਸੀ। ਕਿੰਨੇ ਲੋਕੀਂ ਝੂਠ ਬੋਲ ਕੇ ਸਾਫ਼ ਬਰੀ ਹੋ ਜਾਂਦੇ ਹਨ। ਸੱਚੇ ਮਾਰੇ ਜਾਂਦੇ ਤੇ ਝੂਠੇ ਛੱਡੇ ਜਾਂਦੇ ਹਨ। ਉਸ ਨੂੰ ਸਾਫ਼ ਪਤਾ ਸੀ ਕਿ ਉਸ ਨੇ ਕਤਲ ਕੀਤਾ ਹੈ; ਉਸ ਦਾ ਦਿਲ ਕਹਿੰਦਾ ਸੀ ਕਿ ਉਸ ਨੇ ਕਤਲ ਕੀਤਾ ਹੈ; ਪਰ ਉਹ ਇਸ ਸੱਚਾਈ ਕੋਲੋਂ ਦੂਰ ਨੱਸਣਾ ਚਾਹੁੰਦਾ ਤੇ ਝੂਠਾ ਹੁੰਦਾ ਹੋਇਆ ਵੀ ਉਹ ਸੱਚਾ ਹੋਣਾ ਚਾਹੁੰਦਾ ਸੀ। ਉਸ ਨੂੰ ਝੂਠ ਚੰਗਾ ਤੇ ਸੱਚ ਬੁਰਾ ਲੱਗਦਾ ਸੀ। ਸੱਚ ਉਸ ਵੱਲ ਮੂੰਹ ਅੱਡ ਕੇ ਝੱਫਣ ਨੂੰ ਆ ਰਿਹਾ ਸੀ। ਝੂਠ ਸ਼ਰਨ ਦਿੰਦਾ ਸੀ। ਜੀਊਣਾ ਆਪਣੀ ਕਿਵੇਂ ਨਾ ਕਿਵੇਂ ਜਾਨ ਬਚਾਉਣੀ ਚਾਹੁੰਦਾ ਸੀ।

ਪਰ, ਦੁਖਾਂਤ ਇਹ ਸੀ ਕਿ ਜੀਊਣਾ ਚੰਗਾ ਬੰਦਾ ਸੀ। ਝੂਠ ਨਾਲ ਉਹ ਬਹੁਤਾ ਚਿਰ ਗੁਜ਼ਾਰਾ ਨਹੀਂ ਕਰ ਸਕਦਾ ਸੀ। ਸੂਲੀ ਉਤੇ ਟੰਗਿਆ ਵੀ ਉਹ ਏਨਾ ਦੁੱਖ ਮਹਿਸੂਸ ਨਾ ਕਰਦਾ, ਜਿੰਨਾ ਉਸ ਨੂੰ ਹੁਣ ਸੀ। ਉਸ ਦਾ ਦਿਲ ਫੋੜੇ ਵਾਂਗੂੰ ਟੱਸ-ਟੱਸ ਕਰ ਰਿਹਾ ਸੀ।

ਆਖ਼ਰ ਫੋੜਾ ਫੁੱਟਿਆ ਤੇ ਉਸ ਨੂੰ ਕੁਝ ਆਰਾਮ ਆਇਆ। ਟੀਸੀ ਉਤੇ ਪਹੁੰਚ ਕੇ ਜਦ ਪੀੜਾਂ ਸਿਖਰਾਂ ਛੁਹਣ ਲੱਗੀਆਂ, ਜੀਊਣੇ ਦਾ ਮੂੰਹ ਭੰਵਿਆ ਤੇ ਸੱਚ ਦੇ ਪਾਸੇ ਹੋ ਗਿਆ। ਜੀਊਣਾ ਬੁੜਬੁੜਾਉਣ ਲੱਗਿਆ : "ਮੈਂ ਮਾਰਿਐ, ਮੈਂ ਮਾਰਿਐ, ਮੁੱਕਰਦਾ ਨਹੀਂ, ਮੈਂ ਮਾਰਿਐ !" ਵਾਰ-ਵਾਰ ਉਹ ਆਪ-ਮੁਹਾਰਾ ਇਹੋ ਆਖਦਾ ਜਾਂਦਾ ਸੀ। ਉਸ ਦੇ ਦਿਲ ਨੂੰ ਹਲਕੀ-ਹਲਕੀ ਠੰਢ ਮਹਿਸੂਸ ਹੋ ਰਹੀ ਸੀ।

ਆਖ਼ਿਰ ਪੁਲਿਸ ਆਈ ਤੇ ਉਸ ਨੂੰ ਫੜ ਕੇ ਲੈ ਗਈ। ਹੱਥਕੜੀਆਂ ਵਿਚ ਬੱਝਾ ਜਦ ਪੁਲਿਸ ਅੱਗੇ ਤੁਰਦਾ ਜੀਊਣਾ ਥਾਣੇ ਵੱਲ ਜਾ ਰਿਹਾ ਸੀ, ਤਦ ਵੀ ਇਹ ਕਹਿ ਰਿਹਾ ਸੀ :

"ਮੈਂ ਮਾਰਿਐ, ਮੈਂ ਮਾਰਿਐ, ਮੁੱਕਰਦਾ ਨ੍ਹੀਂ, ਮੈਂ ਮਾਰਿਐ !"

ਉਸ ਦੀਆਂ ਅੱਖਾਂ ਹੌਲੀ-ਹੌਲੀ ਚਮਕਦਾਰ ਹੋ ਰਹੀਆਂ ਸਨ।

## ਟਿੱਪਣੀ

ਇਸ ਕਹਾਣੀ ਵਿੱਚ ਜੀਊਣਾ ਇੱਕ ਸਾਧਾਰਨ ਆਦਮੀ ਸੀ। ਉਸ ਦੀ ਉਮਰ ਪੰਜਾਹ ਸਾਲ ਸੀ। ਪੰਜਾਹ ਸਾਲ ਦੀ ਉਮਰ ਤਕ ਉਸ ਨੇ ਕਦੇ ਕੁੱਤੇ ਦੇ ਵੀ ਸੋਟੀ ਨਹੀਂ ਸੀ ਮਾਰੀ। ਪਰ ਅਚਾਨਕ ਉਸ ਦੇ ਹੱਥੋਂ ਆਦਮੀ ਦਾ ਕਤਲ ਹੋ ਗਿਆ। ਵਿਸਾਖ ਦਾ ਮਹੀਨਾ ਸੀ। ਕਣਕਾਂ ਦੀ ਕਟਾਈ ਹੋ ਚੁੱਕੀ ਸੀ। ਕਮਾਦਾਂ ਤੇ ਗੰਢਿਆਂ ਨੂੰ ਪਾਣੀ ਦੇਣ ਦੇ ਦਿਨ ਸਨ। ਜੀਊਣੇ ਅਤੇ ਅਕਾਲੀ ਸੱਦਾ ਸਿੰਘ ਦਾ ਖੂਹ ਸਾਂਝਾ ਸੀ। ਜੀਊਣਾ ਅਤੇ ਉਸ ਦਾ ਭਰਾ ਬਚਨ ਸਿੰਘ ਖੂਹ ਜੋੜਨ ਲੱਗਾ ਤਾਂ ਖੂਹ ਦਾ ਹਿੱਸੇਦਾਰ ਸੱਦਾ ਸਿੰਘ ਉਨ੍ਹਾਂ ਨੂੰ ਰੋਕਣ ਲਈ ਆ ਗਿਆ। ਚਾਨਣੀ ਰਾਤ ਸੀ। ਸੱਦਾ ਸਿੰਘ ਨੰਗੇ ਪਿੰਡੇ ਹੀ ਮੰਜੇ ਤੋਂ ਉੱਠ ਕੇ ਖੂਹ ਵੱਲ ਆ ਗਿਆ ਸੀ। ਸੱਦਾ ਸਿੰਘ ਦਾ ਪਹਿਲਵਾਨਾਂ ਵਰਗਾ ਸਰੀਰ ਸੀ। ਜੀਊਣੇ ਦੇ ਬਲਦ ਜੁੜੇ ਖੜ੍ਹੇ

### ਔਖੇ ਸ਼ਬਦਾਂ ਦੇ ਅਰਥ

| | |
|---|---|
| ਭੁਆਇਆ | :ਫੇਰਿਆ |
| ਓੜਕ | :ਆਖ਼ਿਰਕਾਰ |
| ਲਾਹੇਵੰਦਾ | :ਫਾਇਦੇਵਾਲਾ |
| ਬਰੀ | :ਛੁੱਟ ਜਾਣਾ |
| ਝੱਫਣ | :ਕੁਝ ਕਹਿਣ, ਖਾਣ ਨੂੰ ਪੈਣਾ |
| ਫੋੜੇ ਵਾਂਗੂੰ | :ਚੁੱਭਵੀਂ ਪੀੜ ਵਾਂਗ |
| ਭੰਵਿਆ | :ਘੁੰਮਿਆ, ਮੁੜਿਆ |
| ਆਪ-ਮੁਹਾਰਾ | :ਆਪਣੇ ਆਪ |
| ਮੁੱਕਰਦਾ | :ਇਨਕਾਰ |
| ਬੱਝਾ | :ਜਕੜਿਆ ਹੋਇਆ |

ਸਨ। ਸੱਦਾ ਸਿੰਘ ਬਲਦਾਂ ਅੱਗੇ ਖੜ੍ਹਾ ਹੋ ਗਿਆ ਸੀ। ਜੀਊਣਾ ਕਹਿ ਰਿਹਾ ਸੀ ਕਿ ਖੂਹ ਚਲਾਉਣ ਦੀ ਅੱਜ ਮੇਰੀ ਵਾਰੀ ਹੈ। ਪਰ ਸੱਦਾ ਸਿੰਘ ਕਹਿ ਰਿਹਾ ਸੀ ਕਿ ਅੱਜ ਉਸ ਦੀ ਵਾਰੀ ਹੈ। ਦੋਹਾਂ ਧਿਰਾਂ ਵਿੱਚ ਝਗੜਾ ਵਧਦਾ ਜਾ ਰਿਹਾ ਸੀ। ਉਹ ਇਕ ਦੂਜੇ ਨੂੰ ਧੱਕੇ ਮਾਰਨੇ ਸ਼ੁਰੂ ਹੋ ਗਏ ਸਨ। ਸੱਦਾ ਸਿੰਘ ਪਹਿਲਾਂ ਵੀ ਕਈ ਵਾਰ ਜੀਊਣੇ ਹੋਰਾਂ ਨੂੰ ਤੰਗ ਕਰ ਚੁੱਕਾ ਸੀ। ਗੁੱਸਾ ਚੰਡਾਲ ਹੁੰਦਾ ਹੈ। ਜੀਊਣੇ ਕੋਲ ਕਹੀ ਸੀ ਜਿਸ ਨਾਲ ਉਸ ਨੇ ਸੱਦਾ ਸਿੰਘ ਤੇ ਵਾਰ ਕਰ ਦਿੱਤਾ। ਕਹੀ ਸਿਰ ਵਿੱਚ ਵੱਜੀ ਤੇ ਸੱਦਾ ਸਿੰਘ ਲਹੂ ਨਾਲ ਲੱਥ-ਪੱਥ ਹੋ ਕੇ ਧਰਤੀ ’ਤੇ ਡਿੱਗ ਪਿਆ ਤੇ ਮਰ ਗਿਆ। ਜੀਊਣੇ ਦੇ ਹੱਥੋਂ ਕਤਲ ਹੋ ਗਿਆ ਸੀ। ਜੀਊਣਾ ਪਹਿਲਾਂ ਇੱਕ ਸਾਧਾਰਨ ਆਦਮੀ ਸੀ ਜੋ ਲੜਾਈ ਅਤੇ ਪੁਲਿਸ ਤੋਂ ਬਹੁਤ ਡਰਦਾ ਸੀ। ਹੁਣ ਉਸ ਨੂੰ ਝੂਠ ਚੰਗਾ ਤੇ ਸੱਚ ਬੁਰਾ ਲੱਗਦਾ ਸੀ। ਜੀਊਣਾ ਇੱਕ ਚੰਗਾ ਬੰਦਾ ਸੀ। ਜੀਊਣੇ ਤੋਂ ਸੱਚ ਛੁਪਾਇਆ ਨਾ ਗਿਆ ਤੇ ਸੱਚ ਦੇ ਪਾਸੇ ਹੋ ਗਿਆ, “ਮੈਂ ਮਾਰਿਐ, ਮੈਂ ਮਾਰਿਐ, ਮੁੱਕਰਦਾ ਨਹੀਂ, ਮੈਂ ਮਾਰਿਐ !” ਇਸ ਕਹਾਣੀ ਵਿੱਚ ਇੱਕ ਸਾਧਾਰਨ ਵਿਅਕਤੀ ਕੋਲੋਂ ਕਤਲ ਹੋ ਜਾਣ ਉਪਰੰਤ ਸੱਚ ਤੇ ਝੂਠ ਵਿਚਕਾਰ ਕਸ਼ਮਕਸ਼ ਦੀ ਮਾਨਸਿਕਤਾ ਨੂੰ ਚਿਤਰਿਆ ਗਿਆ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਜੀਊਣਾ ਪਹਿਲਾਂ ਕਿਹੋ ਜਿਹਾ ਆਦਮੀ ਸੀ ?

(ii) ਨਿਆਈਂ ਵਾਲੇ ਖੂਹ ਦੇ ਹਿੱਸੇਦਾਰ ਕੌਣ ਕੌਣ ਸਨ ?

(iii) ਜੀਊਣੇ ਦੇ ਭਰਾ ਦਾ ਕੀ ਨਾਂ ਸੀ ?

(iv) ਸੱਦਾ ਸਿੰਘ ਦੀ ਮੌਤ ਕਿਸ ਖੇਤੀ ਦੇ ਸੰਦ ਨਾਲ ਹੋਈ ?

(v) ਜੀਊਣੇ ਨੂੰ ਪੁਲਿਸ ਕਿਉਂ ਫੜ ਕੇ ਲੈ ਗਈ ਸੀ ?

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ :**

(i) ਪਲ ਭਰ ਦਾ ਗੁੱਸਾ ਜ਼ਿੰਦਗੀ ਨੂੰ ਬਰਬਾਦ ਕਰ ਸਕਦਾ ਹੈ। ਇਸ ਤੋਂ ਬਚਣ ਲਈ ਕੀ ਕੁਝ ਕੀਤਾ ਜਾ ਸਕਦਾ ਹੈ ? ਵਿਚਾਰ ਪੇਸ਼ ਕਰੋ।

(ii) ਕੀ ਤੁਹਾਨੂੰ ਕਦੇ ਗੁੱਸਾ ਆਇਆ ਹੈ ? ਉਸ ਗੁੱਸੇ ਕਾਰਨ ਤੁਹਾਡਾ ਜਾਂ ਕਿਸੇ ਹੋਰ ਦਾ ਕੋਈ ਨੁਕਸਾਨ ਵੀ ਹੋਇਆ ਹੈ ? ਅਜਿਹੀ ਹਾਲਤ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(iii) ਖੇਤਾਂ ਵਿੱਚ ਹੁਣ ਖੂਹ ਨਹੀਂ ਰਹੇ। ਇਨ੍ਹਾਂ ਦੀ ਥਾਂ ਸਿੰਜਾਈ ਦੇ ਹੋਰ ਸਾਧਨ ਪ੍ਰਧਾਨ ਹੋ ਗਏ ਹਨ। ਇੱਕ ਚਾਰਟ ਰਾਹੀਂ ਸਿੰਜਾਈ ਦੇ ਸਾਧਨਾਂ ਦੀ ਵਿਕਾਸ ਯਾਤਰਾ ਦਰਸਾਉ।

(iv) ਕਿਸਾਨ ਦੇ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ ? ਉਸ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਅਤੇ ਸੰਦਾਂ ਦੇ ਚਿੱਤਰਾਂ ਨਾਲ ਵੇਰਵਾ ਪੇਸ਼ ਕਰਦੇ ਹੋਏ ਇੱਕ ਪ੍ਰੋਜੈਕਟ ਤਿਆਰ ਕਰੋ।

(v) ਕੀ ਤੁਸੀਂ ਕਦੇ ਝੂਠ ਬੋਲਿਆ ਹੈ ? ਇਸ ਨਾਲ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ ਹੋਵੇਗਾ। ਪਛਤਾਵੇ ਭਰਿਆ ਇੱਕ ਲੇਖ ਲਿਖੋ।

**ਅ. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :**

(i) ਕੇਹੜਾ ...

(ii) ਕਨਕ ...

(iii) ਔਹਲਾ ...

(iv) ਪੈਲ੍ਹਵਾਨ ...

(v) ਸਾਵਦਾਨ ...

(vi) ਸੈਹਜ ...

(vii) ਵਿਆਕਲ ...

(viii) ਝਗਡਾ ...

(ix) ਕੱਡਣਾ ...

(x) ਮੰਘਣਾ ...

**ੲ. ਹੇਠ ਲਿਖਿਆਂ ਵਿੱਚੋਂ ਵਿਸ਼ੇਸ਼ਣ ਚੁਣੋ :**

(i) ਜੀਊਣਾ ਇੱਕ ਸਾਧਾਰਨ ਵਿਅਕਤੀ ਸੀ।

(ii) ਸੱਦਾ ਸਿੰਘ ਅੱਖੜ ਸੁਭਾਅ ਦਾ ਮਾਲਕ ਸੀ।

(iii) ਉਸ ਦੀਆਂ ਅੱਖਾਂ ਲਟ ਲਟਾਕੇ ਕਾਲੀ ਅੱਗ ਬਣ ਗਈਆਂ ਸਨ।

(iv) ਕਤਲ ਕਰਨ ਮਗਰੋਂ ਜੀਊਣਾ ਬਹੁਤ ਜ਼ਿਆਦਾ ਚਿੰਤਾ ਕਰਨ ਲੱਗ ਪਿਆ।

(v) ਉਥੋਂ ਥੋੜ੍ਹੀ ਦੂਰ ਹੀ ਸ਼ਹੀਦਾਂ ਵਾਲਾ ਖੂਹ ਸੀ।

**ਸ. ਹੇਠ ਲਿਖੇ ਵਾਕਾਂ ਵਿੱਚ ਵਰਤੇ ਗਏ ਪੜਨਾਵਾਂ ਦੀਆਂ ਕਿਸਮਾਂ ਦੱਸੋ :**

(i) ਕਿਸੇ ਜ਼ਮਾਨੇ ਵਿੱਚ ਉਹ ਪਹਿਲਵਾਨ ਰਿਹਾ ਸੀ।

(ii) ਮੈਂ ਦੇਖੂੰਗਾ ਕਿ ਮੇਰੇ ਬਲਦ ਕੌਣ ਖੁਲ੍ਹਾਉਗਾ ?

(iii) ਕਹੀ ਲੱਗਣ ਸਾਰ ਹੀ ਉਹ ਘਮੇਟਣੀ ਖਾ ਕੇ ਜ਼ਮੀਨ ਉੱਤੇ ਡਿੱਗ ਪਿਆ।

(iv) ਸੱਦਾ ਸਿੰਘ ਨੇ ਕਿਹਾ ਬਸ ਤੁਹਾਨੂੰ ਕਹਿਤਾ ਅੱਜ ਖੂਹ ਨਾ ਚਲਾਇਓ।

(v) ਆਖ਼ਰ ਫੋੜਾ ਫੁੱਟਿਆ ਤੇ ਉਸ ਨੂੰ ਕੁਝ ਆਰਾਮ ਆਇਆ।

**ਹ. ਲਕੀਰੇ ਸ਼ਬਦਾਂ ਦੇ ਕਾਰਕਾਂ ਦੀ ਪਛਾਣ ਕਰੋ :**

(i) ਜੀਊਣਾ ਖੂਹ ਚਲਾਉਂਦਾ ਹੈ।

(ii) ਜੀਊਣੇ ਨੇ ਸੱਦਾ ਸਿੰਘ ਨੂੰ ਕਹੀ ਨਾਲ ਮਾਰਿਆ।

(iii) ਜੀਊਣਾ ਪੁਲਿਸ ਤੋਂ ਬਚਣ ਲਈ ਲੁਕ ਗਿਆ।

(iv) ਸੱਦਾ ਸਿੰਘ ਨੇ ਕਿਹਾ ਅੱਜ ਮੇਰੀ ਵਾਰੀ ਹੈ।

(v) ਜੀਊਣਾ ਲੁਕਣ ਲਈ ਚੁੱਘੀ ਵਿਚ ਬੈਠ ਗਿਆ।

**ਕ. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਉ :**

ਅੱਗ ਦੀ ਨਾਲ, ਲੱਥ ਪੱਥ ਹੋਣਾ, ਅੱਗ ਬਗੂਲਾ ਹੋਣਾ, ਪੱਤਾ-ਪੱਤਾ ਛਾਨਣਾ

# ਪ੍ਰਦੇਸ ਨਾ ਤੂੰ ਤੋਰੀਂ ਬਾਬਲਾ

## ਬੰਤ ਸਿੰਘ ਚੱਠਾ

### ਸ਼ਖ਼ਸੀਅਤ ਤੇ ਰਚਨਾ



ਬੰਤ ਸਿੰਘ ਚੱਠਾ ਦਾ ਜਨਮ 4 ਮਈ, 1947 ਨੂੰ ਪਿੰਡ ਭੁੱਚੋਂ ਕਲਾਂ, ਜ਼ਿਲ੍ਹਾ ਬਠਿੰਡਾ, ਪੰਜਾਬ ਵਿਖੇ ਪਿਤਾ ਦਲੀਪ ਸਿੰਘ ਦੇ ਘਰ ਮਾਤਾ ਗੁਰਦੇਵ ਕੌਰ ਦੀ ਕੁੱਖੋਂ ਹੋਇਆ। ਉਹ ਇੱਕ ਪ੍ਰਸਿੱਧ ਗਲਪਕਾਰ ਹਨ। ਉਨ੍ਹਾਂ ਦੇ ਕਹਾਣੀ-ਸੰਗ੍ਰਹਿ ਹਨ— 'ਗੁਲਾਬ ਦੇ ਫੁੱਲ', 'ਤੂੰ ਝੂਠ ਬੋਲਿਆ ਸੀ', 'ਸ਼ਹਿਰ ਨਾ ਜਾਹ', 'ਦੁਪਹਿਰੇ ਢਲਿਆ ਸੂਰਜ' ਅਤੇ 'ਗੰਧਲੇ ਪਾਣੀ'। ਉਨ੍ਹਾਂ ਨੇ ਨਾਵਲ ਵੀ ਲਿਖੇ ਹਨ, ਜਿਵੇਂ—'ਨਦੀ ਵਹਿੰਦੀ ਰਹੀ', 'ਹਨੇਰੀ ਰਾਤ ਦੇ ਤਾਰੇ' ਤੇ 'ਤਿੰਨ ਕੁੜੀਆਂ'। 'ਸੁਹਜ ਸਵੇਰਾ' ਉਨ੍ਹਾਂ ਦੀ ਸਵੈ-ਜੀਵਨੀ ਹੈ। ਚੱਠਾ ਨੇ ਲੇਖਾਂ ਦੀ ਸਿਰਜਨਾ ਵੀ ਕੀਤੀ ਹੈ। 'ਧੀਆਂ ਬਿਨਾਂ ਨਹੀਂ ਤੀਆਂ' ਉਨ੍ਹਾਂ ਦੀ ਵਾਰਤਕ ਪੁਸਤਕ ਹੈ। ਇਸ ਰਚਨਾ-ਪ੍ਰਕਿਰਿਆ ਦੀ ਬਦੌਲਤ ਉਨ੍ਹਾਂ ਨੂੰ ਬਹੁਤ ਸਾਰੇ ਮਾਣ-ਸਨਮਾਨ ਮਿਲ ਚੁੱਕੇ ਹਨ।

### ਪ੍ਰਦੇਸ ਨਾ ਤੂੰ ਤੋਰੀਂ ਬਾਬਲਾ

ਮੈਂ ਵੀ ਉਨ੍ਹਾਂ ਮਾਪਿਆਂ ਵਰਗੀ ਸੋਚ ਦਾ ਧਾਰਨੀ ਸੀ ਜੋ ਆਪਣੇ ਮੁੰਡੇ-ਕੁੜੀਆਂ ਨੂੰ ਪ੍ਰਦੇਸ ਤੋਰ ਕੇ ਆਪਣੇ ਪਰਿਵਾਰ ਨੂੰ ਆਰਥਿਕ ਤੌਰ ਤੇ ਖੁਸ਼ਹਾਲ ਵੇਖਣਾ ਚਾਹੁੰਦੇ ਹਨ। ਮੇਰੀ ਧੀ ਰਾਣੀ ਨੇ ਐੱਮ.ਏ. ਕਰਕੇ ਬੀ.ਐੱਡ. ਵੀ ਕਰ ਲਈ ਸੀ। ਆਪਣੇ ਦੇਸ਼ ਵਿੱਚ ਧੀਆਂ ਦੀ ਬੇਰੁਜ਼ਗਾਰੀ ਨੂੰ ਵੇਖ ਕੇ ਮੇਰੀ ਪਤਨੀ ਨੇ ਮੈਨੂੰ ਸਲਾਹ ਦਿੱਤੀ ਕਿ-"ਆਪਾਂ ਵੀ ਰਾਣੀ ਲਈ ਕੋਈ ਵਿਦੇਸ਼ ਗਿਆ ਮੁੰਡਾ ਲੱਭ ਕੇ ਇਸ ਨੂੰ ਜਹਾਜ਼ ਸੱਤ-ਸਮੁੰਦਰੋਂ ਪਾਰ ਹੀ ਚੜ੍ਹਾ ਦੇਈਏ। ਆਹ ਆਪਾਂ ਰੋਜ਼ ਹੀ ਖ਼ਬਰਾਂ ਪੜ੍ਹਦੇ ਸੁਣਦੇ ਹਾਂ ਕਿ ਢੇਰ ਸਾਰੀ ਜਮਾਤਾਂ ਪੜ੍ਹੀਆਂ ਕੁੜੀਆਂ ਆਪਣੀ ਹੀ ਰੋਟੀ-ਰੋਜ਼ੀ ਲਈ ਬੇਰੁਜ਼ਗਾਰ ਹੋਈਆਂ ਫਿਰਦੀਐ। ਜਦੋਂ ਉਹ ਸਮੇਂ ਦੀਆਂ ਸਰਕਾਰਾਂ ਤੋਂ ਨੌਕਰੀਆਂ ਮੰਗਦੀਆਂ ਤਾਂ ਉਨ੍ਹਾਂ ਨੂੰ ਪੁਲਿਸ ਵੱਲੋਂ ਡਾਂਗਾਂ

## ਔਖੇ ਸ਼ਬਦਾਂ ਦੇ ਅਰਥ

| | |
|---|---|
| ਘੜੀਸਿਆ | :ਘਸੀਟਿਆ |
| ਥੋਨੂੰ | :ਤੁਹਾਨੂੰ |
| ਪੈਰ ਜੁੱਤੀ ਨਾ ਪਾਉਂਦੇ | :ਛੇਤੀ ਕਰਦੇ |
| ਅੰਗਲੀ-ਸੰਗਲੀ | :ਰਿਸ਼ਤੇਦਾਰੀ, ਸਾਕ-ਸਕੀਰੀ |
| ਕੋਰੂੰ ਦਾ ਖ਼ਜ਼ਾਨਾ | :ਬਹੁਤ ਵੱਡਾ ਖ਼ਜ਼ਾਨਾ |
| ਪੰਡਾਂ ਬੰਨ੍ਹਣ | :ਵਧੇਰ ਧਨ ਕਮਾਉਣ |
| ਕਾਦੀ | :ਕਿਸ ਗੱਲ ਦੀ |
| ਸੰਗ | :ਸ਼ਰਮ |
| ਤਾਬਿਆਦਾਰੀ | :ਅਧੀਨਗੀ, ਕਹਿਣਾ ਮੰਨਣਾ |
| ਆਂਢ-ਗੁਆਂਢ ਦੀ | : ਆਸ-ਪਾਸ ਜਾਂ ਮੁਹੱਲੇ ਦੇ ਲੋਕਾਂ ਦੀ |
| ਕਿਆਸ-ਰਾਈਆਂ | : ਅੰਦਾਜ਼ਾ ਲਾਉਣਾ |
| ਨਿੱਤ | :ਰੁਜ਼ਾਨਾ |
| ਕੀੜਾ | :ਲਾਲਚ |
| ਖੋਡ | :ਮੋਰੀ ਕਰਨਾ |
| ਕਾਗਤ-ਪੱਚਰ | :ਪੇਪਰ, ਦਸਤਾਵੇਜ਼ |
| ਸੁਖੀ | :ਦੁਖੀ |
| ਭੈਅ | :ਡਰ |
| ਅਣੀ-ਪਟੱਕੇ | :ਅਚਾਨਕ |
| ਭੱਜ-ਨੱਠ | :ਮਿਹਨਤ |
| ਦਰ੍ਹਾਂ | :ਦਰਵਾਜ਼ੇ, ਦਲਿਹੀਜ਼ |

ਨਾਲ ਕੁੱਟਿਆ ਜਾਂਦੈ। ਚੌਕਾਂ ਵਿੱਚ ਧਰਨੇ-ਮੁਜ਼ਾਰੇ ਕਰਦੀਆਂ ਦੀਆਂ ਗੁੱਤਾਂ ਪੱਟੀਆਂ ਜਾਂਦੀਐਂ। ਲੱਤਾਂ-ਬਾਹਾਂ ਤੋਂ ਫੜ੍ਹਕੇ ਘੜੀਸਿਆ ਜਾਂਦੈ। ਕਈ ਵਾਰੀ ਬੇਰੁਜ਼ਗਾਰ ਕੁੜੀਆਂ ਦਾ ’ਕੱਠ ਪਾਣੀ ਵਾਲੀਆਂ ਟੈਂਕੀਆਂ ਤੇ ਚੜ੍ਹ ਕੇ ਆਤਮ-ਹੱਤਿਆਵਾਂ ਕਰਨ ਲਈ ਮਜ਼ਬੂਰ ਹੋ ਜਾਂਦੈ। ਆਪਣੇ ਆਪ ਨੂੰ ਅੱਗਾਂ ਵਿੱਚ ਵੀ ਸਾੜ ਲੈਂਦੀਐਂ। ਮੈਂ ਤਾਂ ਥੋਨੂੰ ਐਸ ਡਰੋਂ ਕਹਿੰਨੀ ਕਿ ਐਨੀ ਪੜ੍ਹਾ ਲਿਖਾ ਕੇ ਕਿਤੇ ਕੁੜੀ ਤੋਂ ਹੱਥ ਨਾ ਧੋ ਲਈਏ।”

ਇੱਛਾ ਤਾਂ ਭਾਵੇਂ ਮੇਰੀ ਪਹਿਲਾਂ ਵੀ ਸੀ। ਹੁਣ ਆਹ ਪਤਨੀ ਦੀ ਡਰਾਉਣੀ ਜਿਹੀ ਗੱਲ ਸੁਣ ਕੇ ਮੇਰਾ ਵੀ ਪੱਕਾ ਮਨ ਬਣ ਗਿਆ ਸੀ। ਮੈਂ ਸੋਚਿਆ ਕਿ ਐਨੀ ਸੋਹਣੀ ਤੇ ਪੜ੍ਹੀ, ਲਿਖੀ ਮੇਰੀ ਧੀ ਨੂੰ ਵਿਦੇਸ਼ ਲੈ ਕੇ ਜਾਣ ਤੋਂ ਭਲਾ ਕੋਈ ਕਿਵੇਂ ਨਾਂਹ ਕਰੂ। ਮੇਰੀ ਧੀ ਤੇ ਦਾਜ਼ ਨੂੰ ਵੇਖ ਕੇ ਅਗਲੇ ਕਿਉਂ ਛੱਡਣਗੇ ਇਹ ਰਿਸ਼ਤਾ।

ਸੋ ਇਸ ਵਿਚਾਰ ਨੂੰ ਲੈ ਕੇ ਮੈਂ ਅਤੇ ਪਤਨੀ ਨੇ ਪੱਕਾ ਇਰਾਦਾ ਬਣਾ ਲਿਆ ਸੀ ਕਿ ਕੁੜੀ ਪ੍ਰਦੇਸ ਭੇਜ ਕੇ ਹੀ ਸਾਡੀ ਇਸ ਸਮਾਜ ਵਿਚ ਸ਼ਾਨ-ਸ਼ੌਕਤ ਬਣੇਗੀ। ਹੁਣ ਜਦੋਂ ਵੀ ਕੋਈ ਮੁੰਡਾ ਕਨੇਡਾ, ਅਮਰੀਕਾ ਜਾਂ ਕਿਸੇ ਹੋਰ ਦੇਸ ਤੋਂ ਆਉਂਦਾ ਤਾਂ ਅਸੀਂ ਪੈਰ ਜੁੱਤੀ ਨਾ ਪਾਉਂਦੇ। ਅੰਗਲੀ-ਸੰਗਲੀ ਉਨ੍ਹਾਂ ਨਾਲ ਕੱਢ ਕੇ ਅਗਲੇ ਦੇ ਅੱਗੇ-ਪਿੱਛੇ ਫਿਰਦੇ। ਹੁਣ ਸਾਡੀ ਇੱਛਾ ਲਾਲਚ ਵਿਚ ਵੀ ਬਦਲ ਗਈ ਸੀ ਕਿ ਆਪਣੀ ਲੜਕੀ ਦਾ ਵਿਆਹ ਪ੍ਰਦੇਸ ਗਏ ਲੜਕੇ ਨਾਲ ਕਰ ਦੇਣਾ। ਤਾਂ ਕੁੜੀ ਦੇ ਵਿਆਹ ਪਿੱਛੋਂ ਅਸੀਂ ਸਾਰਾ ਟੱਬਰ ਹੀ ਵਿਦੇਸ਼ਾਂ ਵਿਚ ਸੈੱਟ ਹੋ ਜਾਵਾਂਗੇ। ਮੈਂ ਅਤੇ ਮੇਰੇ ਮੁੰਡੇ ਉਥੇ ਬਾਹਰ ਜਾਣ ਦੀ ਖੁਸ਼ੀ ਵਿਚ ਸਾਰੇ ਟੱਬਰ ਦੀ ਰਾਤਾਂ ਦੀ ਨੀਂਦ ਉੱਡ ਗਈ ਸੀ। ਹੁਣ ਸਾਨੂੰ ਸਾਡੀ ਰਾਣੀ ਧੀ ਕੋਰੂੰ ਦਾ ਖ਼ਜ਼ਾਨਾ ਲੱਗ ਰਹੀ ਸੀ। ਹੁਣ ਤਾਂ ਉਥੇ ਜਾ ਕੇ ਬਸ-ਪੰਡਾਂ ਬੰਨ੍ਹਣ ਦੀ ਕਾਹਲ ਹੀ ਤਾਂ ਸੀ।

ਹੁਣ ਮੈਂ ਉਨ੍ਹਾਂ ਲੋਕਾਂ ਦੀ ਭਾਲ ਕਰਕੇ ਮਿੱਤਰ ਬਨਾਉਣ ਦੀ ਕੋਸ਼ਿਸ਼ ਕਰਦਾ ਜਿਨ੍ਹਾਂ ਦੇ ਪੁੱਤ ਜਾਂ ਰਿਸ਼ਤੇ ਵਿੱਚੋਂ ਪ੍ਰਦੇਸ ਗਏ ਹੋਏ ਸਨ। ਉਨ੍ਹਾਂ ਦੀ ਚਾਪਲੂਸੀ ਕਰਦਾ। ਜ਼ਮੀਰ ਮਾਰ ਕੇ ਵੀ ਮੈਂ ਉਨ੍ਹਾਂ ਦੇ ਲਈ ‘ਅਣਚਾਹੇ’ ਕੰਮ ਕਰਦਾ। ਮੈਨੂੰ ਫੇਰ ਸ਼ਰਮ ਵੀ ਕਾਦੀ ਸੀ ਜਦੋਂ ਮੇਰੀ ਸੰਗ ਹੀ ਲਹਿ ਗਈ ਸੀ। ਮੈਂ ਹੁਣ ਉਨ੍ਹਾਂ ਲੋਕਾਂ ਜਾਂ ਆਂਢ-ਗੁਆਂਢ ਦੀ ਤਾਬਿਆਦਾਰੀ ਵੀ ਕਰਦਾ ਜਿਨ੍ਹਾਂ ਦੀ ਮੈਂ ਕਦੇ ਪਿੱਠ ਤਾਂ ਕੀ ਮੂੰਹ ਵੀ ਨਹੀਂ ਵੇਖਿਆ ਸੀ।

ਸਾਡੇ ਪਰਿਵਾਰ ਵਿੱਚ ਨਿੱਤ ਦੀਆਂ ਕਿਆਸ-ਰਾਈਆਂ ਕਰਕੇ ਦਿਮਾਗ ਵਿੱਚ ਇਹੀ ‘ਕੀੜਾ’ ਖੋਡ ਪਾ ਰਿਹਾ ਸੀ। ਕਦੋਂ ਸਾਡੀ ਰਾਣੀ ਜਹਾਜ਼ ਚੜ੍ਹੇ। ਫਿਰ ਅਸੀਂ ਵੀ ਦਿਨਾਂ ਤੇ ਮਹੀਨਿਆਂ ਵਿੱਚ ਕਾਗਤ-ਪੱਚਰ ਬਣਾ ਕੇ ਉਧਰ ਕਾਰਾਂ ’ਤੇ ਝੂਟੇ ਲੈਂਦੇ ਐਸ ‘ਸੁਖੀ’ ਜੀਵਨ ਤੋਂ ਛੁਟਕਾਰਾ ਪਾ ਲਵਾਂਗੇ। ਪਰ ਰਾਣੀ ਧੀ ਨਾਲ ਅਸੀਂ ਕਦੇ ਕੋਈ ਗੱਲ ਸਾਂਝੀ ਨਾ ਕਰਦੇ। ਪਤਾ ਨਹੀਂ ਸਾਨੂੰ ਉਸ ਤੋਂ ਕਿਉਂ ਕੋਈ ‘ਭੈਅ’ ਜਿਹਾ ਲਗਦਾ।

ਇਕ ਦਿਨ ਅਣੀ-ਪਟੱਕੇ ਕਨੇਡਾ ਵਿੱਚੋਂ ਵਿਆਹ ਕਰਵਾਉਣ ਲਈ ਮੁੰਡਾ ਪੰਜਾਬ ਆਇਆ। ਭੱਜ-ਨੱਠ ਕਰਕੇ ਸਿਫ਼ਾਰਸ਼ਾਂ ਨਾਲ ਅਸੀਂ ਉਨ੍ਹਾਂ ਤੱਕ ਪਹੁੰਚ ਕੀਤੀ। ਮੈਂ ਕਿਸੇ ਮਿੱਤਰ ਨੂੰ ਲੈ ਕੇ ਉਨ੍ਹਾਂ ਦੇ ਦਰ੍ਹਾਂ ’ਤੇ ਪਹੁੰਚਿਆ ਤਾਂ ਉਸ ਕਾਕਾ ਜੀ ਨੂੰ ਵੇਖਕੇ ਮੇਰਾ ਮਨ

ਕੱਚਾ ਜਿਹਾ ਹੋ ਗਿਆ। ਬਸ ਉਸ ਬੀਬੇ ਲੜਕੇ ਦੀ ਉਮਰ ਚਾਲੀ ਕੁ ਵਰ੍ਹਿਆਂ ਦੀ ਅਜੇ ਮਸਾਂ ਹੀ ਹੋਈ ਹੋਣੀ ਐ। ਮੈਂ ਤਾਂ ਵੇਖ ਕੇ ਚੁੱਪ ਹੀ ਰਿਹਾ। ਮੇਰਾ ਮਿੱਤਰ ਉਨ੍ਹਾਂ ਦੇ ਘਰ ਵਾਲਿਆਂ ਨਾਲ ਮੇਰੇ ਘਰ ਦੀ ਅਤੇ ਕੁੜੀ ਦੀ ਵਡਿਆਈ ਕਰਦਾ 'ਸੌਦਾ' ਤਹਿ ਕਰਕੇ ਗੱਲ ਮੁਕਾਉਣ ਦੀ ਵੀ ਕਾਹਲੀ ਕਰ ਰਿਹਾ ਸੀ।



ਮੈਂ ਉਸਨੂੰ ਪਾਸੇ ਲਿਜਾ ਕੇ ਕੁੜੀ ਅਤੇ ਮੁੰਡੇ ਦੀ ਉਮਰ ਦਾ ਦਿਨ-ਰਾਤ ਦਾ ਫ਼ਰਕ ਦੱਸਿਆ। ਉਸਨੇ ਮੈਨੂੰ ਸਮਝਾਇਆ ਕਿ, "ਵੇਖ ਯਾਰ ਤੂੰ ਤਾਂ ਜਮਾਂ ਈ ਕਮਲੈ। ਅੱਜ-ਕੱਲ੍ਹ ਪੰਤਾਲੀ ਸਾਲਾਂ ਦੀ ਵੀ ਕੋਈ ਵੱਡੀ ਉਮਰ ਹੁੰਦੀ ਐ। ਪ੍ਰਦੇਸੀ ਗਏ ਮੁੰਡਿਆਂ ਦੀਆਂ ਉਮਰਾਂ ਤਾਂ ਐ ਈ ਲੰਘ ਜਾਂਦੀਐ।"

ਉਸਦੀ ਆਹ ਚਾਲੀ ਤੋਂ ਪੰਤਾਲੀ ਸਾਲ ਦੀ ਗੱਲ ਸੁਣ ਮੇਰਾ ਚਿਹਰਾ ਪੀਲਾ ਪੈ ਗਿਆ ਸੀ। ਮੈਂ ਉਸਨੂੰ ਨਾਂਹ ਕਰ ਦਿੱਤੀ ਸੀ। ਮਿੱਤਰ ਮੇਰੇ ਸਿਰ ਅਹਿਸਾਨ ਕਰਦਾ ਹੁਣ ਕਹਿ ਰਿਹਾ ਸੀ, "ਯਾਰ ! ਤੂੰ ਕਿੱਦਨ ਦਾ ਮੈਨੂੰ ਤਪਾ ਰਿਹਾ ਸੀ। ਜੇ ਮੈਂ ਹੁਣ ਏਨ੍ਹਾਂ ਨਾਲ ਪੱਕੀ ਗੱਲ ਕਰੀ ਜਾਨਾਂ ਤਾਂ ਤੂੰ ਆਹ ਉਮਰ ਦਾ ਫਾਨਾਂ ਡ੍ਹਾਤਾ। ਐਂ ਤਾਂ ਸਭ ਗੱਲਾਂ ਮੇਲ ਨੀਂ ਖਾਂਦੀਆਂ ਹੁੰਦੀਆਂ। ਹੁਣ ਤੂੰ ਨੰਨਾ ਨਾ ਪਾ। ਮੈਂ ਤਾਂ ਏਨ੍ਹਾਂ ਨਾਲ ਸਾਰੀ ਗੱਲ ਤਹਿ ਕਰਕੇ ਪੱਕੀ ਹਾਂ ਹੀ ਕਰਤੀ ਐ।"

ਉਸਦੀ ਦਬਾਅ ਵਾਲੀ ਗੱਲ ਹੇਠ ਮੈਂ ਦਬ ਕੇ ਰਹਿ ਗਿਆ ਸੀ। ਮੈਂ ਮੂੰਹੋਂ ਕੁਛ ਨਾ ਬੋਲਿਆ।

ਉਸ ਮਿੱਤਰ ਨੇ ਉਨ੍ਹਾਂ ਮੁੰਡੇ ਵਾਲਿਆਂ ਨੂੰ ਮੇਰੇ ਘਰ ਆਉਣ ਦਾ ਸੱਦਾ ਦੇ ਦਿੱਤਾ। ਸ਼ਾਮ ਨੂੰ ਘਰ ਆ ਕੇ ਮੈਂ ਆਪਣੀ ਪਤਨੀ ਨਾਲ ਗੱਲ ਕੀਤੀ ਕਿ ਮੁੰਡੇ ਦੀ ਉਮਰ ਪੰਤਾਲੀ-ਪੰਜਾਹ ਸਾਲਾਂ ਨੂੰ ਢੁੱਕੀ ਹੋਈ ਐ। ਆਪਾਂ ਗੱਲ ਐਥੇ ਹੀ ਠੱਪ ਦੇਈਏ। ਬਥੇਰੇ ਮੁੰਡੇ ਹੋਰ ਮਿਲ ਜਾਣਗੇ। ਮੈਂ ਗੱਲ ਵਧਾ ਕੇ ਦੱਸੀ।

ਪਤਨੀ ਨੇ ਮੇਰੀ ਗੱਲ ਨੂੰ ਨਾ ਗੌਲਦੇ ਹੋਏ ਕਿਹਾ-"ਬਾਹਰ ਗਏ ਮੁੰਡਿਆਂ ਦੀਆਂ ਉਮਰਾਂ ਤਾਂ ਤੁਰਦੇ ਫਿਰਦਿਆਂ ਦੀ ਲੰਘ ਹੀ ਜਾਂਦੀਆਂ। ਆਹ ਆਪਣੀ ਰਾਣੀ ਦੀ ਉਮਰ ਵੀ ਤਾਂ ਹੁਣ ਪੱਚੀ ਦੀ ਹੋਜੂ ਐਸ ਦੀਵਾਲੀ ਨੂੰ।"

ਮੈਂ ਗੁੱਸੇ ਨਾਲ ਕਿਹਾ, "ਕਿੱਥੇ ਪੱਚੀ ਤੇ ਕਿੱਥੇ ਪੰਜਾਹ। ਤੈਨੂੰ ਏਸ ਉਮਰ ਦਾ ਫਰਕ ਈ ਨੀਂ ਲਗਦਾ ਕਿਤੇ ? ਆਪਾਂ ਕਿਉਂ ਧੀ ਨੂੰ ਖੂਹ 'ਚ ਧੱਕਾ ਦਿੰਨੇ ਆਂ। ਕੁੜੀ ਨੇ ਉਹਦੇ ਨਾਲ ਚਾਰ ਦਿਨ ਨੀਂ ਕੱਟਣੇ ਉਥੇ ਜਾ ਕੇ। ਫੇਰ ਆਪਾਂ ਈ ਅੱਖਾਂ 'ਚ ਘਸੁੰਨ ਦੇ ਕੇ ਰੋਵਾਂਗੇ ਪਿੱਛੋਂ।"

### ਔਖੇ ਸ਼ਬਦਾਂ ਦੇ ਅਰਥ

| | |
|---|---|
| ਕਾਕਾ ਜੀ | :ਲੜਕੇ ਲਈ ਵਿਅੰਗਾਤਮਕ ਸ਼ਬਦ |
| ਮਸਾਂ | :ਬੜੀ ਮੁਸ਼ਕਿਲ ਨਾਲ |
| ਕੱਚਾ | :ਮਾਯੂਸ, ਨਿਰਾਸ਼ |
| ਸੌਦਾ | :ਖਰੀਦੋ ਫਰੋਖ਼ਤ, ਰਿਸ਼ਤਾ ਕਰਾਉਣ ਲਈ ਘਿਰਣਾਜਨਕ ਸ਼ਬਦ |
| ਦਿਨ-ਰਾਤ | :ਬਹੁਤ ਜ਼ਿਆਦਾ |
| ਜਮਾਂ ਈ | :ਬਿਲਕੁਲ |
| ਕਮਲੈ | :ਬੇਵਕੂਫ਼, ਨਾਸਮਝ |
| ਆਹ | :ਇਹ |
| ਕਿੱਦਨ | :ਕਿੰਨੇ ਦਿਨਾਂ ਤੋਂ |
| ਫਾਨਾਂ ਡ੍ਹਾਤਾ | :ਅੜਚਣ/ ਰੁਕਾਵਟ ਪਾ ਦਿੱਤੀ |
| ਨੰਨਾ | :ਨਾਂਹ ਕਰਨੀ |
| ਤਪਾ | :ਤੰਗ, ਪ੍ਰੇਸ਼ਾਨ |
| ਮੇਲ ਖਾਂਦੀਆਂ | :ਮਿਲਦੀਆਂ |
| ਠੱਪ ਦੇਈਏ | :ਖ਼ਤਮ ਕਰ ਦੇਈਏ |
| ਅੱਖਾਂ ਚ ਘਸੁੰਨ ਦੇ ਦੇ | :ਬਹੁਤ ਜ਼ਿਆਦਾ |

ਔਖੇ ਸ਼ਬਦਾਂ ਦੇ ਅਰਥ

| | |
|---|---|
| ਹਾਮੀ | :ਹਾਂ |
| ਭਾਮੇਂ | :ਭਾਵੇਂ |
| ਇਉਂ | :ਇਸ ਤਰ੍ਹਾਂ |
| ਜਵਾਬ | :ਇਨਕਾਰ |
| ਮਨੋਂ | :ਮਨ ਤੋਂ |
| ਬੁੜ੍ਹਾ | :ਬਜ਼ੁਰਗ |
| ਹੱਠ | :ਜ਼ਿੱਦ |
| ਓਧਰ | :ਪ੍ਰਦੇਸ |
| ਗੰਦਾ | :ਮਰਨ ਦਾ ਭਾਵ |
| ਪੱਥਰ | :ਖ਼ਾਮੋਸ਼ |
| ਝੱਟ | :ਇਕਦਮ |
| ਆੜੀ | :ਮਿੱਤਰ, ਦੋਸਤ |
| ਟੂਲ | :ਸਾਧਨ, ਜਰੀਆ, ਵਸੀਲਾ |
| ਦੁੱਧ ਵਰਗਾ ਚਿੱਟਾ ਜਵਾਬ | :ਕੋਰੀ ਨਾਂਹ, ਸਪਸ਼ਟ ਇਨਕਾਰ |
| ਜੇੜ੍ਹੀ | :ਜਿਹੜੀ |

ਆਪਣੀ ਮਾਂ ਨੂੰ ਨਾਲ ਲੈ ਕੇ ਪ੍ਰਦੇਸੀ ਕਾਕਾ ਸਾਡੇ ਘਰ ਆਇਆ। ਮੇਰਾ ਮਿੱਤਰ ਉਨ੍ਹਾਂ ਦੀ ਹਰ ਗੱਲ ਦਾ ਹਾਂ ਵਿੱਚ ਹੀ ਉੱਤਰ ਦੇ ਰਿਹਾ ਸੀ। ਅਸੀਂ ਵੀ ਦੋਵੇਂ ਪਤੀ-ਪਤਨੀ ਉਨ੍ਹਾਂ ਕੋਲ ਜਾ ਬੈਠੇ। ਅਜੇ ਗੱਲਾਂਬਾਤਾਂ ਹੋ ਹੀ ਰਹੀਆਂ ਸਨ। ਸਾਡੇ ਕੋਲ ਰਾਣੀ ਦੀਆਂ ਸਹੇਲੀਆਂ ਕੁੱਕੀ ਤੇ ਸ਼ਮੀ ਆਈਆਂ। ਕੁੱਕੀ ਨੇ ਮੈਨੂੰ ਕਿਹਾ, "ਅੰਕਲ ! ਜ਼ਰਾ ਅੰਦਰ ਆਇਓ ਨਾ।"

ਮੈਂ ਉਨ੍ਹਾਂ ਮਹਿਮਾਨਾਂ ਵਿੱਚੋਂ ਉੱਠ ਕੇ ਅੰਦਰ ਕੁੜੀਆਂ ਕੋਲ ਗਿਆ। ਰਾਣੀ ਨੇ ਰੋਂਦੀ ਜਿਹੀ ਆਵਾਜ਼ 'ਚ ਕਿਹਾ, "ਡੈਡੀ ! ਮੈਂ ਨੀ ਜਾਣਾ ਬਾਹਰ-ਬੂਹਰ। ਆਹ ਅੱਜ ਦੀ ਅਖ਼ਬਾਰ ਪੜ੍ਹੋ।"

ਕੋਲ ਖੜ੍ਹੀਆਂ ਕੁੜੀਆਂ ਨੇ ਹਾਮੀ ਭਰੀ, "ਹਾਂ ਅੰਕਲ ! ਅਖ਼ਬਾਰ ਵਿੱਚ ਅੱਜ ਬੜੀ ਭੈੜੀ ਖ਼ਬਰ ਐ ਕਿ ਕਿਸੇ ਮੁੰਡੇ ਨੇ ਕਨੇਡਾ ਲੈ ਕੇ ਜਾਣ ਦਾ ਬਹਾਨਾ ਲਾ ਕੇ ਪੰਜ ਲੱਖ ਰੁਪਏ ਦਾਜ਼ 'ਚ ਲੈ ਕੇ ਐਧਰ ਕੁੜੀ ਨਾਲ ਵਿਆਹ ਕਰਵਾ ਲਿਆ। ਚਾਰ ਸਾਲ ਹੋਗੇ ਵਿਆਹ ਹੋਏ ਨੂੰ। ਉਹ ਮੁੜ ਕੇ ਨਹੀਂ ਪਰਤਿਆ। ਕੁੜੀ ਤੇ ਉਸਦੇ ਮਾਪੇ ਉਡੀਕ ਰਹੇ ਐ ਕਿ ਉਹ ਕਦੋਂ ਆਊ।"

ਮੈਂ ਖ਼ਬਰ ਸੁਣ ਕੇ ਘਬਰਾ ਤਾਂ ਗਿਆ ਸੀ। ਪਰ ਉਨ੍ਹਾਂ ਦਾ ਮਨ ਟਿਕਾਉਣ ਲਈ ਕੁੜੀਆਂ ਨੂੰ ਕਿਹਾ, "ਖ਼ਬਰ ਤਾਂ ਭਾਮੇਂ ਠੀਕ ਐ। ਪਰ ਹਰੇਕ ਮੁੰਡਾ ਇਉਂ ਨੀਂ ਕਰਦਾ ਫਿਰਦਾ।"

ਰਾਣੀ ਨੇ ਪੱਕੀ ਜ਼ਿਦ ਹੀ ਕਰ ਲਈ ਕਿ ਮੈਂ ਬਾਹਰਲੇ ਦੇਸ ਨੀਂ ਜਾਣਾ। ਡੈਡੀ ਤੁਸੀਂ ਇੰਨ੍ਹਾਂ ਨੂੰ ਜਵਾਬ ਦੇ ਦਿਉ। ਮਨੋਂ ਤਾਂ ਮੈਂ ਧੀ ਦੀ ਗੱਲ ਨਾਲ ਸਹਿਮਤ ਹੋ ਗਿਆ ਸੀ ਕਿ ਜੇ ਰਾਣੀ ਦਾ ਵਿਆਹ ਹੋ ਗਿਆ ਤਾਂ ਬੁੜ੍ਹਾ ਕੀ ਏਨ੍ਹੇ ਫੂਕਣੈ। ਪਰ ਉਤਲੇ ਮਨੋਂ ਮੈਂ ਦੱਸਿਆ, "ਇਹ ਬੰਦੇ ਬਹੁਤ ਚੰਗੇ ਐ। ਤੂੰ ਬੇਟੀ ਹੱਠ ਨਾ ਕਰ। ਅਸੀਂ ਤੇਰੇ ਜ਼ਿੰਮੇਵਾਰ ਮਾਪੇ ਹਾਂ। ਓਧਰ ਜਾ ਕੇ ਤੂੰ ਮੌਜਾਂ ਕਰੇਂਗੀ।"

ਕੁੜੀ ਨੇ ਮੇਰੇ ਵੱਲ ਲਾਲ ਅੱਖਾਂ ਕੱਢਦੀ ਨੇ ਕਿਹਾ, "ਤੁਸੀਂ ਮੈਨੂੰ 'ਟੂਲ' ਬਣਾ ਕੇ ਆਪ ਤਾਂ ਸਾਰਾ ਟੱਬਰ ਵਿਦੇਸ਼ ਜਾਣ ਦੇ ਮਾਰੇ ਮੈਨੂੰ ਬੁੱਢੇ ਦੇ ਲੜ ਲਾ ਰਹੇ ਹੋ। ਮੈਂ ਕੋਈ ਖੂਹ-ਟੋਭਾ, ਗੰਦਾ ਕਰਦੂੰ।"

ਕੁੜੀ ਦੀ ਸਿਰੇ ਵਾਲੀ ਗੱਲ ਸੁਣ ਕੇ ਮੈਂ ਜਿਵੇਂ ਪੱਥਰ ਹੀ ਬਣ ਕੇ ਰਹਿ ਗਿਆ ਹੋਵਾਂ। ਝੱਟ ਮੇਰੇ ਇਕ ਮਾਸਟਰ ਆੜੀ ਦੀ ਕੁੜੀ ਯਾਦ ਆਈ। ਜਿਸ ਨੇ ਕਨੇਡਾ ਰਹਿੰਦੀ ਨੇ ਸਹੁਰਿਆਂ ਤੋਂ ਤੰਗ ਹੋ ਕੇ ਸੁਮੰਦਰ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਸੀ।

ਮੈਂ ਆਪਣੀ ਰਾਣੀ ਧੀ ਨੂੰ ਬੁੱਕਲ ਵਿਚ ਲਿਆ ਤੇ ਕਿਹਾ, "ਬੇਟੀ ਤੈਨੂੰ ਮੈਂ ਹੁਣ ਕਦੇ ਵੀ ਬਾਹਰ ਜਾਣ ਲਈ ਤੰਗ ਨਹੀਂ ਕਰਾਂਗਾ। ਤੂੰ ਬੇਫਿਕਰ ਹੋ ਜਾ।"

ਮੈਂ ਉਥੋਂ ਬਾਹਰ ਆ ਕੇ ਘਰ ਬੈਠੇ ਬੰਦਿਆਂ ਨਾਲ ਰਸਮੀਂ ਜਿਹੀਆਂ ਗੱਲਾਂ ਕੀਤੀਆਂ। ਜਦੋਂ ਉਨ੍ਹਾਂ ਨੇ ਲੜਕੀ ਵੇਖਣ ਲਈ ਗੱਲ ਤੋਰੀ ਤਾਂ ਮੈਂ ਪਤਨੀ ਤੇ ਮੇਰੇ ਮਿੱਤਰ ਨੂੰ ਲੈ ਕੇ ਬਾਹਰ ਆਇਆ। ਅਸੀਂ ਤਿੰਨੇ ਕਮਰੇ ਵਿੱਚ ਬੈਠ ਗਏ। ਮੈਂ ਮਿੱਤਰ ਨੂੰ ਦੁੱਧ ਵਰਗਾ ਚਿੱਟਾ ਜਵਾਬ ਦੇ ਦਿੱਤਾ ਕਿ, "ਵੇਖ ਭਾਈ ! ਤੈਨੂੰ ਜੇੜ੍ਹੀ ਤਕਲੀਫ ਅਸੀਂ ਦਿੱਤੀ ਐ। ਤੈਥੋਂ ਮਾਫ਼ੀ

ਮੰਗਦੇ ਆਂ। ਪਰ ਸਾਡੀ ਧੀ ਕਹਿੰਦੀ ਐ ਕਿ ਜੇ ਮੇਰਾ ਏਸ ਬੁੜ੍ਹੇ ਨਾਲ ਸਿਰ-ਨਰੜ ਕਰੋਗੇ ਤਾਂ ਮੈਂ ਪਹਿਲਾਂ ਹੀ ਖੁਦਕੁਸ਼ੀ ਕਰਲੂੰ।"

ਅਸੀਂ ਏਥੇ ਰਿਸ਼ਤਾ ਨੀਂ ਕਰਨਾ।

ਮੇਰੀ ਪਤਨੀ ਦੇ ਵੀ ਕੋਈ ਚੰਗੀ ਸੋਚ ਮਨ 'ਚ ਆ ਗਈ ਸੀ। ਉਸ ਨੇ ਮੇਰੀ ਹਾਂ 'ਚ ਹਾਂ ਮਿਲਾ ਦਿੱਤੀ ਸੀ।

"ਤੁਸੀਂ ਸਾਰੇ ਬਾਹਰ ਜਾਣ ਦੇ ਮਾਰੇ ਮੈਨੂੰ ਟੂਲ ਬਣਾ ਕੇ ਵਰਤ ਰਹੇ ਹੋ। ਮੈਨੂੰ ਤੁਸੀਂ ਬੜ੍ਹੇ ਦੇ ਗਲ ਲਾ ਰਹੇ ਹੋ।" ਧੀ ਦੇ ਮਾਰੇ 'ਮੇਹਣੇ' ਮੇਰੇ ਸੀਨੇ ਸੱਲ ਕਰ ਗਏ ਸਨ। ਮੈਂ ਹੁਣ ਪੱਕਾ ਫੈਸਲਾ ਕਰ ਲਿਆ ਸੀ ਕਿ ਮੈਂ ਆਪਣੀ ਧੀ ਦਾ ਵਿਆਹ ਇੱਧਰ ਹੀ ਕਰਾਂਗਾ।

ਸੋਚਿਆ ਸੀ ਚਲੋ ਕਿ ਮੈਂ ਤਾਂ ਏਥੇ ਜ਼ਿੰਦਗੀ ਮਾੜੀ-ਚੰਗੀ ਕੱਟ ਲਈ ਐ। ਆਹ ਕੁੜੀ ਦੇ ਬਹਾਨੇ ਦੋਵਾਂ ਮੁੰਡਿਆਂ ਨੂੰ ਵੀ ਵਿਦੇਸ਼ ਭੇਜ ਦਿਆਂਗਾ। ਇਸ ਦੇਸ ਵਿੱਚੋਂ ਖਪ-ਖਪ ਮਰਨ ਨਾਲੋਂ ਤਾਂ ਉੱਧਰ ਕੰਮ ਕਰਦੇ ਬੰਦੇ ਦੀ ਜਾਨ ਸੌਖੀ ਤਾਂ ਰਹਿੰਦੀ ਐ। ਕਹਿੰਦੇ ਐ-ਉਧਰ ਬੰਦੇ ਦੇ ਕੀਤੇ ਕੰਮ ਦੀ ਮਿਹਨਤ ਨੂੰ ਫਲ ਲਗਦੈ।

ਅਸੀਂ ਤਾਂ ਉਨ੍ਹਾਂ ਲੋਕਾਂ ਦੀ ਰੀਸ ਕਰ ਰਹੇ ਸਾਂ ਜਿਨ੍ਹਾਂ ਲੋਕਾਂ ਕੋਲ ਐਧਰ ਸੌ-ਸੌ ਕਿਲੇ ਜ਼ਮੀਨ ਐ। ਚੰਗੇ ਕੰਮ-ਧਦੇ ਹੋਰ ਵੀ ਚਲਦੇ ਐ। ਉਹ ਵੀ ਆਪਣੀਆਂ ਧੀਆਂ ਨੂੰ ਵਿਦੇਸ਼ਾਂ ਵਿਚ ਵਿਆਹ ਦਿੰਦੇ ਐ। ਉਹ ਵੀ ਲੋਕ ਜੇੜ੍ਹੇ ਐਧਰ ਮੌਜਾਂ ਮਾਣਦੇ ਐ। ਉਧਰ ਜਾ ਕੇ 'ਸੈੱਟ' ਹੋਣ ਦੀਆਂ ਸਕੀਮਾਂ ਬਣਾਉਂਦੇ ਐ।

ਆਹ ਅਖ਼ਬਾਰਾਂ ਵਿੱਚ ਆਮ ਹੀ ਆਪਾਂ ਠੱਗੀ-ਠੋਰੀ ਦੀਆਂ ਖ਼ਬਰਾਂ ਪੜ੍ਹਦੇ ਹਾਂ ਕਿ ਐਥੋਂ ਗਏ ਮੁੰਡੇ ਆਪ ਸੈੱਟ ਹੋਣ ਦੇ ਮਾਰੇ ਮੇਮਾਂ ਨਾਲ ਫਰਜ਼ੀ ਵਿਆਹ ਕਰਵਾ ਲੈਂਦੇ ਐ। ਬੱਚੇ ਵੀ ਹੋ ਜਾਂਦੇ ਐ। ਫਿਰ ਐਧਰ ਦੇਸ ਵਿੱਚ ਆ ਕੇ ਚੰਗੀਆਂ ਪੜ੍ਹੀਆਂ-ਲਿਖੀਆਂ ਕੁੜੀਆਂ ਨਾਲ ਵਿਆਹ ਕਰਵਾ ਕੇ ਦਾਜ ਬਟੋਰ ਕੇ ਲੱਖਾਂ ਰੁਪਏ ਲੈ ਜਾਂਦੇ ਐ। ਕੁੜੀ ਵਿਚਾਰੀ ਸਾਲਾਂ ਬੱਧੀ ਉਹਦੀ ਉਡੀਕ ਕਰਦੀ ਕਿਸੇ ਪਾਸੇ ਜੋਗੀ ਨੀ ਰਹਿੰਦੀ। ਜੇ ਅਜਿਹੇ ਲਾਲਚੀ ਵਿਆਹ ਕਰਵਾ ਕੇ ਕੁੜੀ ਨੂੰ ਨਾਲ ਲੈ ਵੀ ਜਾਂਦੇ ਐ ਤਾਂ ਉਧਰ ਲਿਜਾ ਕੇ ਛੱਡ ਦਿੰਦੇ ਹਨ।

ਹਾਂ ! ਮੇਰੀ ਧੀ ਨੇ ਪ੍ਰਦੇਸ ਨਾ ਜਾਣ ਦੀ ਅੜੀ ਕਰਕੇ ਮੇਰੇ ਕਪਾਟ ਖੋਲ੍ਹ ਦਿੱਤੇ। ਮੈਂ ਆਪਣੀ ਰਾਣੀ ਧੀ ਨੂੰ ਪ੍ਰਦੇਸ ਨਹੀਂ ਭੇਜਾਂਗਾ। ਕਦੀ ਨਹੀਂ ! ਹਰਗਿਜ਼ ਨਹੀਂ।

## ਟਿੱਪਣੀ

ਉਪਰੋਕਤ ਕਹਾਣੀ ਇਸ ਸਮੱਸਿਆ ਨੂੰ ਉਭਾਰਦੀ ਹੈ ਕਿ ਕਈ ਲੋਕ ਆਪਣੇ ਮੁੰਡੇ ਕੁੜੀਆਂ ਨੂੰ ਪ੍ਰਦੇਸ ਤੋਰ ਕੇ ਆਪਣੇ ਪਰਿਵਾਰ ਨੂੰ ਆਰਥਿਕ ਤੌਰ ਤੇ ਖੁਸ਼ਹਾਲ ਦੇਖਣਾ ਚਾਹੁੰਦੇ ਹਨ। ਲੇਖਕ ਅਤੇ ਉਸ ਦੀ ਪਤਨੀ ਨੇ ਪੱਕਾ ਇਰਾਦਾ ਬਣਾ ਲਿਆ ਸੀ ਕਿ ਆਪਣੀ ਕੁੜੀ ਪ੍ਰਦੇਸ ਭੇਜਕੇ ਹੀ ਸਾਡੀ ਸਮਾਜ ਵਿੱਚ ਸ਼ਾਨ-ਸ਼ੌਕਤ ਬਣੇਗੀ। ਹਾਲਾਂਕਿ ਉਨ੍ਹਾਂ ਦੀ ਧੀ ਰਾਣੀ ਐੱਮ.ਏ. ਕਰਕੇ ਬੀ.ਐੱਡ. ਕਰ ਚੁੱਕੀ ਸੀ। ਪਰ ਫਿਰ ਵੀ ਉਹ ਆਪਣੀ ਲੜਕੀ ਨੂੰ

### ਔਖੇ ਸ਼ਬਦਾਂ ਦੇ ਅਰਥ

| | |
|---|---|
| ਸਿਰ-ਨਰੜ | :ਵਿਆਹ |
| ਮੇਹਣੇ | :ਦੋਸ਼, ਤਾਹਨੇ, ਚੁੱਭਵੀਂ ਗੱਲ |
| ਸੱਲ | :ਦਰਦ |
| ਇਧਰ | :ਦੇਸ/ਭਾਰਤ ਵਿਚ |
| ਠੱਗੀ-ਠੋਰੀ | :ਹੇਰਾ-ਫੇਰੀ |
| ਬਟੋਰ | :ਲੈਣਾ |
| ਰੀਸ | :ਨਕਲ |
| ਸਾਲਾਂ ਬੱਧੀ | :ਕਈ ਸਾਲਾਂ ਤਕ |
| ਉਡੀਕ | :ਇੰਤਜ਼ਾਰ |
| ਅੜੀ | :ਜ਼ਿੱਦ |
| ਕਪਾਟ | :ਦਿਮਾਗ |
| ਹਰਗਿਜ਼ | :ਕਿਸੇ ਵੀ ਕੀਮਤ ਤੇ |

ਕਨੇਡਾ, ਅਮਰੀਕਾ ਜਾਂ ਕਿਸੇ ਹੋਰ ਦੇਸ ਭੇਜਣਾ ਚਾਹੁੰਦੇ ਸੀ। ਉਹ ਸੋਚਦੇ ਸਨ ਕਿ ਜੇ ਕੁੜੀ ਦਾ ਵਿਆਹ ਪ੍ਰਦੇਸ ਗਏ ਮੁੰਡੇ ਨਾਲ ਹੋ ਜਾਵੇ ਤਾਂ ਵਿਆਹ ਪਿੱਛੋਂ ਸਾਰਾ ਟੱਬਰ ਵਿਦੇਸ ਵਿੱਚ ਸੈੱਟ ਹੋ ਜਾਵੇਗਾ। ਇੱਕ ਮੁੰਡਾ ਅਚਾਨਕ ਕਨੇਡਾ ਤੋਂ ਵਿਆਹ ਕਰਵਾਉਣ ਲਈ ਆਇਆ। ਮੁੰਡੇ ਨਾਲ ਵਿਆਹ ਦੀ ਗੱਲ, ਕਿਸੇ ਰਾਹੀਂ ਹੋਈ। ਪਰ ਉਸ ਦੀ ਉਮਰ ਚਾਲੀ-ਪੰਤਾਲੀ ਸਾਲ ਸੀ। ਉਧਰ ਧੀ ਨੇ ਬਾਹਰ ਨਾ ਜਾਣ ਦੀ ਪੱਕੀ ਜ਼ਿੱਦ ਕਰ ਲਈ ਕਿਉਂਕਿ ਉਸ ਨੇ ਖ਼ਬਰਾਂ ਪੜ੍ਹੀਆਂ ਤੇ ਸੁਣੀਆਂ ਹੋਈਆਂ ਹਨ ਕਿ ਕਿਸ ਤਰ੍ਹਾਂ ਬਾਹਰ ਵਾਲੇ ਉੱਥੇ ਵਿਆਹ ਕਰਾ ਕੇ ਧੋਖੇ ਨਾਲ ਇੱਧਰੋਂ ਵੀ ਕੁਆਰੀਆਂ ਕੁੜੀਆਂ ਨੂੰ ਵਿਆਹ ਕੇ ਲੈ ਜਾਂਦੇ ਹਨ। ਮਾਪਿਆਂ ਕੋਲੋਂ ਲੱਖਾਂ ਰੁਪਿਆ ਕੈਸ਼ ਦਾਜ ਦੇ ਰੂਪ ਵਿੱਚ ਹੜੱਪ ਕਰ ਜਾਂਦੇ ਹਨ। ਲੜਕੀ ਉਧਰ ਬੁਲਾਉਣ ਦੇ ਲਾਰੇ ਕਰਕੇ ਹਮੇਸ਼ਾ ਉਡੀਕਦੀ ਰਹਿ ਜਾਂਦੀ ਹੈ। ਕਹਾਣੀਕਾਰ ਨੇ ਇਸ ਕਹਾਣੀ ਰਾਹੀਂ ਪਰਵਾਸੀ ਮੁੰਡਿਆਂ ਦੇ ਖਿਲਵਾੜ ਦਾ ਪਰਦਾ ਫ਼ਾਸ਼ ਕੀਤਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਰਾਣੀ ਕਿੰਨੀ ਪੜ੍ਹੀ ਲਿਖੀ ਕੁੜੀ ਸੀ ?

(ii) ਕੀ ਕਹਾਣੀ ਦੀ ਪਾਤਰ ਰਾਣੀ ਪ੍ਰਦੇਸ ਜਾਣਾ ਚਾਹੁੰਦੀ ਸੀ ?

(iii) ਜਿਹੜਾ ਮੁੰਡਾ ਰਾਣੀ ਦੇ ਵਿਆਹ ਲਈ ਵੇਖਿਆ, ਉਸ ਦੀ ਉਮਰ ਕਿੰਨੀ ਸੀ ?

(iv) ਕੀ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਕੇ ਸੰਤੁਸ਼ਟ ਹਨ ?

(v) ਵਿਦੇਸ਼ਾਂ ਵਿੱਚ ਰਹਿ ਰਹੇ ਪੰਜਾਬੀਆਂ ਬਾਰੇ ਕਹਾਣੀ ਦੇ ਅਧਾਰ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

(vi) ਵਿਦੇਸ਼ਾਂ ਵਿੱਚ ਰਹਿ ਰਹੇ ਮੁੰਡਿਆਂ ਨੂੰ ਰੋਜ਼ੀ-ਰੋਟੀ ਕਮਾਉਣ ਲਈ ਕਿਨ੍ਹਾਂ-ਕਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ? ਪ੍ਰੋਜੈਕਟ ਤਿਆਰ ਕਰੋ।

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ :**

(i) ਕੀ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜਿਸ ਨੇ ਵਿਦੇਸ਼ ਜਾ ਕੇ ਇਧਰ ਦੀ ਕੁੜੀ ਨਾਲ ਵਿਆਹ ਕਰਵਾ ਕੇ ਉਸ ਨੂੰ ਧੋਖਾ ਦਿੱਤਾ ਹੈ ? ਅਜਿਹੀ ਘਟਨਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ii) ਕੀ ਤੁਸੀਂ ਆਪ ਵਿਦੇਸ਼ ਜਾਣ 'ਚ ਰੁਚੀ ਰਖਦੇ ਹੋ ? ਜੇਕਰ ਤੁਹਾਡੇ ਸਾਹਮਣੇ ਵਿਆਹ ਨਾਲ ਸੰਬੰਧਤ ਕੋਈ ਚੁਣੌਤੀ ਆ ਜਾਵੇ ਤਾਂ ਤੁਸੀਂ ਉਸ ਨਾਲ ਕਿਵੇਂ ਨਜਿੱਠੋਗੇ ? ਵਿਚਾਰ ਪੇਸ਼ ਕਰੋ।

(iii) ਤੁਹਾਡੇ ਚਾਚੇ ਦਾ ਮੁੰਡਾ ਵਿਦੇਸ਼ ਜਾ ਕੇ ਉਥੇ ਵਿਆਹ ਕਰਵਾ ਚੁੱਕਾ ਹੈ। ਪਰ ਉਹ ਭਾਰਤ ਵਿੱਚ ਆ ਕੇ ਦਾਜ ਲਈ ਇੱਕ ਹੋਰ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ। ਤੁਸੀਂ ਉਸ ਨੂੰ ਇੰਜ ਕਰਨ ਤੋਂ ਰੋਕਣ ਵਾਸਤੇ ਇੱਕ ਚਿੱਠੀ ਲਿਖੋ।

**ਅ. ਲਿੰਗ ਬਦਲੋ :**

(i) ਪਤਨੀ ...
(ii) ਮੁੰਡਾ ...
(iii) ਧੀ
(iv) ਮਿੱਤਰ ...

**ੲ. ਵਿਰੋਧੀ ਸ਼ਬਦ ਲਿਖੋ :**

(i) ਸੋਹਣੀ ...
(ii) ਅੱਗਾ ...
(iii) ਕਾਹਲੀ ...
(iv) ਕੁਆਰੀ ...

**ਸ. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :**

(i) ਕੁੜਿਆਂ ...
(ii) ਮਾਪੀਆਂ ...
(iii) ਔਡੀਕ ...
(iv) ਸ੍ਹੇਲੀਆਂ ...

**ਹ. ਹੇਠ ਲਿਖੇ ਵਾਕਾਂ ਵਿਚੋਂ ਕਾਰਕ ਚੁਣ ਕੇ ਉਨ੍ਹਾਂ ਦਾ ਨਾਂ ਲਿਖੋ :**

(i) ਪਿਤਾ ਧੀ ਲਈ ਰਿਸ਼ਤਾ ਵੇਖਣ ਜਾ ਰਿਹਾ ਹੈ ...
(ii) ਮਾਪਿਆ ਨੇ ਕੁੜੀ ਲਈ ਦਿਨ ਰਾਤ ਇੱਕ ਕਰ ਦਿੱਤਾ ...
(iii) ਆਪਾਂ ਕਿਉਂ ਕੁੜੀ ਨੂੰ ਖੂਹ ਵਿੱਚ ਧੱਕਾ ਦਿੰਨੇ ਆਂ ...
(iv) ਲੇਖਕ ਨੇ ਮਿੱਤਰ ਰਾਹੀਂ ਰਿਸ਼ਤਾ ਲੱਭਿਆ ...

**ਕ. ਹੇਠ ਲਿਖੇ ਵਾਕਾਂ ਵਿਚੋਂ ਵਿਸ਼ੇਸ਼ਣ ਚੁਣ ਕੇ ਉਨ੍ਹਾਂ ਦੀਆਂ ਕਿਸਮਾਂ ਦੱਸੋ :**

(i) ਰਾਣੀ ਢੇਰ ਸਾਰੀਆਂ ਜਮਾਤਾਂ ਪੜ੍ਹੀ ਹੋਈ ਸੀ ...
(ii) ਮੁੰਡਾ ਸੱਤ ਸਮੁੰਦਰੋਂ ਪਾਰ ਤੋਂ ਆ ਰਿਹਾ ਸੀ ...
(iii) ਤੁਹਾਡੇ ਮੁੰਡੇ ਦੀ ਉਮਰ ਬਹੁਤ ਜ਼ਿਆਦਾ ਹੈ ...
(iv) ਇਹ ਲੜਕਾ ਬਹੁਤ ਲਾਲਚੀ ਹੈ ...

# ਸਤੀਆਂ ਸੇਈ

## ਡਾ. ਦਲੀਪ ਕੌਰ ਟਿਵਾਣਾ



### ਸ਼ਖ਼ਸੀਅਤ ਤੇ ਰਚਨਾ

ਪੰਜਾਬੀ ਸਾਹਿਤ ਦੀ ਸਿਰਮੌਰ ਕਹਾਣੀਕਾਰਾ ਡਾ. ਦਲੀਪ ਕੌਰ ਟਿਵਾਣਾ ਦਾ ਜਨਮ 4 ਮਈ, 1935 ਈ. ਨੂੰ ਪਿੰਡ ਰੱਬੋਂ, ਜ਼ਿਲ੍ਹਾ ਲੁਧਿਆਣਾ, ਪੰਜਾਬ ਵਿਖੇ ਪਿਤਾ ਕਾਕਾ ਸਿੰਘ ਦੇ ਘਰ ਮਾਤਾ ਚੰਦ ਕੌਰ ਦੀ ਕੁੱਖੋਂ ਹੋਇਆ। ਉਹ ਪਟਿਆਲੇ ਸ਼ਹਿਰ ਵਿੱਚ ਉੱਚ ਵਿੱਦਿਆ ਹਾਸਲ ਕਰਕੇ ਪੰਜਾਬੀ ਯੂਨੀਵਰਸਿਟੀ ਪਟਿਅਲਾ ਵਿਚੋਂ ਪ੍ਰੋਫ਼ੈਸਰ ਸੇਵਾ-ਮੁਕਤ ਹੋਏ। ਉਨ੍ਹਾਂ ਨੇ ਪੰਦਰਾਂ ਨਾਵਲ, ਅੱਠ ਕਹਾਣੀ-ਸੰਗ੍ਰਹਿ ਤੇ ਆਲੋਚਨਾ ਦੀਆਂ ਪੁਸਤਕਾਂ ਤੋਂ ਇਲਾਵਾ ਸਵੈ-ਜੀਵਨੀ ਤੇ ਕਈ ਹੋਰ ਪੁਸਤਕਾਂ ਪੰਜਾਬੀ ਮਾਂ-ਬੋਲੀ ਦੀ ਝੋਲੀ ਪਾਈਆਂ ਹਨ। ਉਨ੍ਹਾਂ ਨੂੰ ਕਈ ਮਾਣ-ਸਨਮਾਨ ਮਿਲ ਚੁੱਕੇ ਹਨ।

ਉਨ੍ਹਾਂ ਕੋਲ ਕਹਾਣੀ ਕਹਿਣ ਦੀ ਕਲਾ ਹੈ। ਉਹ ਕਹਾਣੀ ਵਿੱਚ ਢੁੱਕਵੇਂ ਸ਼ਬਦਾਂ ਦੀ ਚੋਣ ਕਰਕੇ ਆਪਣੀ ਨਹੀਂ ਬਲਕਿ ਇੱਕ ਔਰਤ ਮਨ ਦੀ ਬਾਤ ਪਾਉਂਦੇ ਹਨ। ਉਨ੍ਹਾਂ ਦੀਆਂ ਕਹਾਣੀਆਂ ਪੰਜਾਬ ਦੇ ਮਾਲਵਾ ਖ਼ੇਤਰ ਦੀ ਝਾਕੀ ਪੇਸ਼ ਕਰਦੀਆਂ ਹਨ। ਉਨ੍ਹਾਂ ਦੇ ਪਾਤਰ ਮਲਵਈ ਭਾਸ਼ਾ ਬੋਲਦੇ ਦਿਖਾਈ ਦਿੰਦੇ ਹਨ।

### ਔਖੇ ਸ਼ਬਦਾਂ ਦੇ ਅਰਥ

| | |
|---|---|
| ਹੋਵਣ ਵਾਲੀ | :ਹੋਣ ਵਾਲੀ |
| ਨਾਰ | :ਪਤਨੀ |
| ਅੰਨ੍ਹਾ | :ਨੇਤਰਹੀਣ, ਸੂਰਦਾਸ |
| ਮੰਗਤਾ | :ਭਿਖਾਰੀ |

### ਸਤੀਆਂ ਸੇਈ

"ਜਦੋਂ ਵੀਰ ਭਗਤ ਸਿੰਘ ਦੱਤ ਨੂੰ,
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲੀ ਨਾਰ ਨੂੰ,
ਕਿਸੇ ਪਿੰਡ ਵਿਚ ਦੱਸਿਆ ਜਾ ...।"

ਗੱਡੀ ਵਿਚ ਅੰਨ੍ਹਾ ਮੰਗਤਾ ਗਾ ਰਿਹਾ ਸੀ ... ਫਿਰ ... ਮੈਂ ਮੰਗਤੇ ਦੇ ਮੂੰਹ ਵੱਲ ਤੱਕਿਆ ਪਰ ਸਟੇਸ਼ਨ ਆ ਜਾਣ ਕਰਕੇ ਉਹ ਉਸ ਡੱਬੇ ਵਿਚੋਂ ਉਤਰ ਕੇ ਦੂਜੇ ਵਿਚ ਜਾ ਚੜ੍ਹਿਆ।

ਪਰ ਮੈਨੂੰ ਮੁੜ-ਮੁੜ ਖ਼ਿਆਲ ਆਣ ਲੱਗਾ ਕਿ ਜਦੋਂ ਕਿਸੇ ਨੇ ਪਿੰਡ ਵਿਚ ਜਾ ਕੇ ਦੱਸਿਆ ਹੋਣਾ ਏਂ, ਕੀ ਗੁਜ਼ਰੀ ਹੋਊ ਭਗਤ ਸਿੰਘ ਦੀ ਮੰਗੇਤਰ ਦੇ ਦਿਲ ਤੇ ... ? ਮੈਂ ਡੱਬੇ ਦੀ ਬਾਰੀ ਵਿਚੋਂ ਬਾਹਰ ਤੱਕਣ ਲੱਗੀ। ਇਉਂ ਲਗਦਾ ਸੀ ਜਿਵੇਂ ਸਾਹਮਣੇ ਖੇਤ, ਖੇਤਾਂ ਵਿਚ ਉੱਗੀਆਂ ਫ਼ਸਲਾਂ ਤੇ ਦਰੱਖ਼ਤਾਂ ਦੀਆਂ ਕਤਾਰਾਂ ਨੱਠੀਆਂ ਜਾ ਰਹੀਆਂ ਹੋਣ। ਉੱਨੀ ਹੀ ਤੇਜ਼ੀ ਨਾਲ ਖ਼ਿਆਲ ਮੇਰੇ ਦਿਮਾਗ਼ ਵਿਚ ਨੱਠਣ ਲੱਗੇ। ਮੇਰੀ ਕਲਪਨਾ ਦੂਰ ... ਦਿਸਹੱਦੇ ਤੋਂ ਵੀ ਦੂਰ ਪਿੰਡ ਦੇ ਇਕ ਕੱਚੇ ਕੋਠੇ ਵਿਚ ਬੈਠੀ ਚਰਖ਼ਾ ਕੱਤਦੀ ਇਕ ਸੁਨੱਖੀ ਇਸਤ੍ਰੀ ਨੂੰ ਲੱਭਣ ਲੱਗੀ। ਚੁੱਪ-ਚਾਪ ਮੈਂ ਉਹਦੇ ਮੂੰਹ ਵੱਲ ਤੱਕਣ ਲੱਗੀ।

"ਕੀ ਆਹਨੀ ਏਂ ... ?" ਉਹ ਬੋਲੀ।

"ਤੂੰ ਕਿਵੇਂ ਉਮਰ ਗੁਜ਼ਾਰੀ ?" ਮੈਂ ਪੁਛਿਆ।

"ਮੈਨੂੰ ਉਹਦੀ ਇੱਜ਼ਤ ਦਾ ਪਾਸ ਸੀ। ਲੋਕਾਂ ਕਹਿਣਾ ਸੀ, ਇਹ ਭਗਤ ਸਿੰਘ ਦੀ ਮੰਗੇਤਰ ਏ—ਮੈਂ ਕਿਵੇਂ ਸਾਹਸ ਛਡਦੀ ? ਮਿਹਨਤ ਮਜ਼ੂਰੀ ਕੀਤੀ, ਲੋਕਾਂ ਦੀਆਂ ਕਪਾਹਾਂ ਚੁੱਗੀਆਂ, ਕੱਤਣਾ ਕੱਤਿਆ, ਪੀਹਣੇ ਪੀਠੇ, ਕੋਠੇ ਲਿੱਪੇ, ਘਾਹ ਖੋਤੇ ... ਤੇ ਡੰਗ ਟਪਾਇਆ।"

"ਕਿਉਂ, ਤੇਰੇ ਮਾਪਿਆਂ ਨੂੰ ਤੇਰਾ ਖ਼ਿਆਲ ਨਹੀਂ ਸੀ ?" ਮੈਂ ਪੁੱਛਿਆ।

"ਕਿਹੜਾ ਸਾਲ ਛੀ ਮਹੀਨੇ ਦੀ ਗੱਲ ਸੀ ਕਿ ਮੈਂ ਉਨ੍ਹਾਂ 'ਤੇ ਬੋਝ ਬਣੀ ਰਹਿੰਦੀ ? ਇਹ ਤਾਂ ਉਮਰਾਂ ਦੇ ਮਾਮਲੇ ਸਨ। ਨਾਲੇ ਉਹਨਾਂ ਉਹਨੂੰ ਹੀ ਕੋਸਣਾ ਸੀ ਜਿਹੜਾ ਆਪਣੇ ਫ਼ਰਜ਼ਾਂ ਨੂੰ ਵਿਚੇ ਹੀ ਛੱਡ ਗਿਆ ਸੀ।"

"ਤੂੰ ਸਰਕਾਰ ਕੋਲੋਂ ਮਦਦ ਮੰਗ ਲੈਣੀ ਸੀ।" ਮੈਂ ਉਦਾਸ ਹੋ ਕੇ ਆਖਿਆ।

"ਮੈਂ ਉਹਦੀ ਮੰਗੇਤਰ ਹੋ ਕੇ ਕਿਸੇ ਅੱਗੇ ਹੱਥ ਅੱਡਦੀ—ਇਹ ਮੈਥੋਂ ਹੋ ਨਹੀਂ ਸਕਿਆ।"

ਉਹਦਾ ਸਿਦਕ, ਉਹਦਾ ਸਾਹਸ, ਉਹਦਾ ਸਿਰੜ ਦੇਖ, ਮੇਰਾ ਦਿਲ ਕਰੇ ਇਸ ਮਹਾਨ ਔਰਤ ਦੇ ਪੈਰ ਛੂਹ ਲਵਾਂ। ਉਮਰਾਂ ਦੇ ਛਿੱਲੜ ਲਾਹ ਉਹ ਭਰ-ਜਵਾਨ ਕੁੜੀ ਬਣ ਮੇਰੀ ਯਾਦ ਵਿਚ ਉਘੜ ਖਲੋਤੀ।

"ਸੁਣਿਆ ਏਂ ਉਹਦੇ ਪਿੰਡ ਉਹਦੀ ਯਾਦ ਮਨਾ ਰਹੇ ਨੇ। ਤੂੰ ਜਾਏਂਗੀ ?" ਮੈਂ ਪੁੱਛਿਆ।

"ਮੈਂ ... ਮੈਂ ਉਹਦੇ ਪਿੰਡ ਭਲਾ ਕਿਵੇਂ ਜਾ ਸਕਦੀ ਹਾਂ ? ਉਸ ਵਜਦੇ ਵਾਜਿਆਂ ਨਾਲ ਸਿਹਰੇ ਬੰਨ੍ਹ ਕੇ ਮੈਨੂੰ ਲੈਣ ਆਉਣਾ ਸੀ। ਉਹ ਆਇਆ ਨਹੀਂ। ਫਿਰ ਮੈਂ ਕਿਵੇਂ ਜਾ ਸਕਦੀ ਹਾਂ ?"

"ਇਹ ਤੇ ਬੜੀ ਪੁਰਾਣੀ ਗੱਲ ਹੋ ਗਈ ਏ।" ਮੈਂ ਆਖਿਆ।

"ਤੈਨੂੰ ਪੁਰਾਣੀ ਲਗਦੀ ਹੋਊ। ਮੈਨੂੰ ਤਾਂ ਇਉਂ ਲਗਦੀ ਏ ਜਿਵੇਂ ਹਾਲੇ ਕੱਲ੍ਹ ਦੀ ਗੱਲ ਹੋਵੇ—ਜਦੋਂ ਇਕ ਦਿਨ ਦੀਵੇ ਮਿਲਦਿਆਂ ਨਾਲ ਉਹ ਸਾਡੇ ਪਿੰਡ ਆਇਆ ਸੀ। ਬਾਹਰ ਖੂਹ 'ਤੇ ਖਲੋ, ਇਕ ਨਿਆਣੇ ਹੱਥ ਮੈਨੂੰ ਸੁਨੇਹਾ ਭੇਜ ਦਿੱਤਾ। ਮੈਂ ਝਿਜਕਦੀ ਝਿਜਕਦੀ ਸਭ ਤੋਂ ਚੋਰੀ ਉਥੇ ਆ ਗਈ। ਬੋਲਿਆ, 'ਤੂੰ ਫ਼ਿਕਰ ਨਾ ਕਰੀਂ। ਅਜੇ ਮੈਨੂੰ ਜ਼ਰੂਰੀ ਕੰਮ ਨੇ। ਜਦੋਂ ਵਿਆਹ ਕੀਤਾ ਮੈਂ ਤੇਰੇ ਨਾਲ ਹੀ ਕਰਾਂਗਾ—ਮੈਂ ਛੇਤੀ ਹੀ ਆਵਾਂਗਾ ...।'

### ਔਖੇ ਸ਼ਬਦਾਂ ਦੇ ਅਰਥ

| | |
|---|---|
| ਬਾਰੀ | : ਖਿੜਕੀ |
| ਮੁੜ-ਮੁੜ | : ਵਾਰ-ਵਾਰ |
| ਮੰਗੇਤਰ | : ਜਿਸ ਨਾਲ ਵਿਆਹ ਹੋਣਾ ਪੱਕਾ ਹੋਇਆ ਹੋਵੇ |
| ਤੱਕਣ | : ਵੇਖਣ |
| ਨੱਠੀਆਂ | : ਭੱਜੀਆਂ, ਦੌੜੀਆਂ |
| ਸੁਨੱਖੀ | : ਸੋਹਣੀ |
| ਦਿਸਹੱਦਾ | : ਜਿਥੋਂ ਤੱਕ ਨਜ਼ਰ ਆਉਂਦਾ ਹੈ |
| ਆਹਨੀ | : ਕਹਿੰਦੀ |
| ਮਜ਼ੂਰੀ | : ਮਜ਼ਦੂਰੀ |
| ਖੋਤੇ | : ਪੁਟੇ, ਖੁਰਚੇ |
| ਪੀਹਣੇ ਪੀਠੇ | : ਹੱਥਾਂ ਨਾਲ ਚੱਕੀ ਚਲਾਈ |
| ਕੋਠੇ ਲਿਪੇ | : ਕੱਚੇ ਮਕਾਨਾਂ ਨੂੰ ਮਿੱਟੀ ਦੀ ਲਿਪਾਈ ਕੀਤੀ |
| ਡੰਗ ਟਪਾਇਆ | : ਗੁਜ਼ਾਰਾ ਕੀਤਾ |
| ਖ਼ਿਆਲ | : ਧਿਆਨ |
| ਛੀ | : ਛੇ |
| ਕੋਸਣਾ | : ਬੁਰਾ ਭਲਾ ਕਹਿਣਾ |
| ਹੱਥ ਅੱਡਦੀ | : ਹੱਥ ਫੈਲਾਉਂਦੀ, ਭੀਖ ਮੰਗਦੀ |
| ਸਿਦਕ | : ਸਬਰ, ਵਿਸ਼ਵਾਸ, ਭਰੋਸਾ |
| ਸਾਹਸ | : ਹਿੰਮਤ, ਹੌਂਸਲਾ |
| ਸਿਰੜ | : ਹੱਠ, ਇਰਾਦਾ, ਦ੍ਰਿੜ੍ਹਤਾ |
| ਛਿੱਲੜ ਲਾਹ | : ਪਰਤ, ਰੂਪ ਬਦਲ ਕੇ |
| ਉਘੜ | : ਪ੍ਰਗਟ |
| ਦੀਵੇ ਮਿਲਦਿਆਂ | : ਸ਼ਾਮ ਵੇਲੇ |
| ਨਿਆਣੇ | : ਬੱਚੇ, ਜੁਆਕ |
| ਸੁਨੇਹਾ | : ਸੰਦੇਸ਼ |
| ਝਿਜਕਦੀ | : ਸੰਕੋਚਦੀ |

### ਔਖੇ ਸ਼ਬਦਾਂ ਦੇ ਅਰਥ

ਰੂਸੀ :ਰੂਸ ਦੇਸ਼ ਦਾ
ਏਡੀ :ਇੰਨੀ
ਫੇਰਾ :ਆਉਣਾ
ਉਡਕੀਦੀ :ਇੰਤਜ਼ਾਰ
ਪੀੜਾਂ :ਦੁਖ-ਦਰਦ
ਸਾਰ :ਪਤਾ ਹੋਣਾ
ਕੰਡਿਆਲੀ :ਕੰਡਿਆਂ ਵਾਲੀ
ਬਰੇਤੇ :ਰੇਤ ਦੀ ਕਿਸਮ
ਕੁਮਲਾਏ :ਮੁਰਝਾਏ ਹੋਏ
ਤ੍ਰਭਕੀ :ਹੈਰਾਨ ਹੋਈ, ਡਰ ਨਾਲ ਕੰਬੀ
ਕਰੁਣਾ :ਦਰਦਨਾਕ
ਚਾਹ :ਇੱਛਾ
ਮੁਕਦੇ :ਖ਼ਤਮ
ਸੁਹਣੇ :ਚੰਗੇ
ਝੱਲੇ :ਸਹਿਣ, ਬਰਦਾਸ਼ਤ
ਘੜੀ ਪਲ :ਥੋੜ੍ਹੀ ਦੇਰ
ਚਮਕ :ਆਸ ਦੀ ਕਿਰਨ



ਉਹ ਚਲਿਆ ਗਿਆ ਤੇ ਮੁੜ ਅਜੇ ਤੱਕ ਨਹੀਂ ਆਇਆ ...।"

ਉਸ ਵੇਲੇ ਮੈਨੂੰ ਇਕ ਰੂਸੀ ਗੀਤ ਯਾਦ ਆਇਆ ਕਿ 'ਸਾਡਾ ਘਰ ਸਜਨੀਏ ਏਡੀ ਦੂਰ ਤਾਂ ਨਹੀਂ ਸੀ ਕਿ ਉਮਰ ਭਰ ਫੇਰਾ ਨਾ ਪਾਇਆ।' ਇਨ੍ਹਾਂ ਲਫ਼ਜ਼ਾਂ ਦੀ ਤੜਪ ਉਹਦੇ ਮੂੰਹ ਤੋਂ ਲੱਭਦੀ ਸੀ ਜਿਹੜੀ ਜ਼ਿੰਦਗੀ ਭਰ ਉਹਨੂੰ ਉਡੀਕਦੀ ਰਹੀ, ਜਿਹਨੇ ਮੁੜ ਕਦੇ ਫੇਰਾ ਨਾ ਪਾਇਆ।

"ਤੂੰ ਇਨ੍ਹਾਂ ਪੀੜਾਂ ਦੀ ਸਾਰ ਕੀ ਜਾਣੇ ?" ਉਹ ਅੱਖਾਂ ਭਰ ਕੇ ਬੋਲੀ। ਦੋ ਹੰਝੂ ਵਹਿ ਤੁਰੇ। ਮੈਨੂੰ ਲੱਗਿਆ ਜਿਵੇਂ ਉਹ ਕਹਿ ਰਹੀ ਹੋਵੇ, "ਇਹ ਕਿਹੀ ਵੇ ਧਰਤ ਕੰਡਿਆਲੀ, ਇਹ ਕਿਹੇ ਵੇ ਜੀਵਨ ਦੇ ਬਰੇਤੇ—ਮੇਰੇ ਸਾਹ ਸੁਕਦੇ ਜਾ ਰਹੇ ਨੇ।"

"ਰੱਬ ਤੈਨੂੰ ਲੰਮੀ ਉਮਰ ਬਖਸ਼ੇ !" ਉਹਦੇ ਕੁਮਲਾਏ ਮੂੰਹ ਵੱਲ ਤੱਕ ਕੇ ਮੈਂ ਆਖਿਆ।

ਉਹ ਇਉਂ ਤ੍ਰਭਕੀ ਜਿਵੇਂ ਮੈਂ ਉਹਦੇ ਚਪੇੜ ਕੱਢ ਮਾਰੀ ਹੋਵੇ। ਫਿਰ ਕਰੁਣਾ-ਭਰੀ ਆਵਾਜ਼ ਵਿਚ ਕਹਿਣ ਲੱਗੀ, "ਮੇਰੀਏ ਹਮਦਰਦਣੇ, ਲੰਮੀ ਉਮਰ ਲਈ ਮੇਰੀ ਚਾਹ ਨਹੀਂ। ਉਮਰ ਦੇ ਤਾਂ ਇਹ ਦਿਨ ਵੀ ਨਹੀਂ ਮੁਕਦੇ ਪਏ।"

ਉਹਦੀ ਉਦਾਸੀ ਮੇਰੇ ਕੋਲੋਂ ਦੇਖੀ ਨਾ ਗਈ। ਗੱਲ ਬਦਲਣ ਲਈ ਮੈਂ ਆਖਿਆ, "ਤੂੰ ਮੇਰੇ ਨਾਲ ਸ਼ਹਿਰ ਚੱਲ। ਮੇਰੀ ਭੈਣ ਦਾ ਵਿਆਹ ਏ, ਦੋ ਚਾਰ ਦਿਨ ਸੁਹਣੇ ਲੰਘ ਜਾਣਗੇ।"

"ਨਹੀਂ, ਮੈਂ ਵਿਆਹ ਨਹੀਂ ਜਾ ਸਕਦੀ।" ਉਹ ਬੋਲੀ।

"ਕਿਉ ... ?" ਮੈਂ ਪੁਛਿਆ।

"ਖ਼ੁਸ਼ੀਆਂ ਦੇ ਮੌਕੇ ਮੇਰੇ ਕੋਲੋਂ ਝੱਲੇ ਨਹੀਂ ਜਾਂਦੇ। ਅਜਿਹੇ ਮੌਕਿਆਂ ਤੇ ਮੈਂ ਬੜੀ ਥੱਕ ਜਾਂਦੀ ਹਾਂ। ਮੇਰੇ ਕੋਲੋਂ ਆਪਣੇ ਗ਼ਮ ਹੁਣ ਘੜੀ ਪਲ ਲਈ ਵੀ ਦੂਰ ਨਹੀਂ ਕੀਤੇ ਜਾਂਦੇ। ਮੈਨੂੰ ਇਨ੍ਹਾਂ ਦੇ ਨਾਲ ਰਹਿਣ ਦੀ ਆਦਤ ਪੈ ਗਈ ਹੈ। ਇਕ ਗੱਲ ਦਸੇਂਗੀ ?" ਉਹਨੇ ਆਸ ਨਾਲ ਮੇਰੇ ਵੱਲ ਤਕਿਆ।

"ਹਾਂ ਪੁੱਛ", ਮੈਂ ਆਖਿਆ।

"ਕੀ ਸੱਚੀ-ਮੁੱਚੀ ਕੋਈ ਅਗਲਾ ਜਨਮ ਵੀ ਹੁੰਦਾ ਏ ?"

"ਵਿਚਾਰੀ ..." ਮੇਰੇ ਦਿਲ ਨੇ ਆਖਿਆ।

"ਹਾਂ ਜ਼ਰੂਰ ਹੁੰਦਾ ਏ।" ਮੈਂ ਕਹਿ ਦਿੱਤਾ। ਇਹ ਸੁਣ ਉਹਦੀਆਂ ਅੱਖਾਂ ਵਿਚ ਇਕ ਚਮਕ ਆਈ ਤੇ ਉਹ ਮੁਸਕ੍ਰਾ ਪਈ।

"ਕੀ ਅਜੇ ਤੀਕ ਵੀ ਉਹ ਤੈਨੂੰ ਯਾਦ ਏ ?" ਮੈਂ ਪੁਛਿਆ।

"ਹਾਂ ... ਹਰ ਘੜੀ, ਹਰ ਪਲ ਉਹ ਮੈਨੂੰ ਯਾਦ ਰਹਿੰਦਾ ਏ। ਕਦੇ ਕਦੇ ਤਾਂ ਬੜਾ ਮਨ ਕਰਦਾ ਏ ਕਿ ਕੋਈ ਆ ਕੇ ਆਖੇ, 'ਨਹੀਂ ਉਹ ਮਰਿਆ ਨਹੀਂ, ਉਹਨੂੰ ਫਾਂਸੀ ਨਹੀਂ ਦਿੱਤੀ ਗਈ, ਉਹ ਜਿਊਂਦਾ ਏ।' ਕਦੀ ਕਦੀ ਸੋਚਦੀ ਹਾਂ ਜੇ ਕਿਧਰੋਂ ਉਹ ਸੱਚੀ ਮੁਚੀ ਮੁੜ ਆਵੇ। ਮੈਂ ਉਹਨੂੰ ਆਖਾਂ—'ਕਹੁ ਵੇ ਏਨ੍ਹਾਂ ਤਕਦੀਰਾਂ ਨੂੰ, ਇਉਂ ਨਾ ਦੂਰ ਖਲੋਣ—ਮੈਂ ਵੀ ਕਿਸੇ ਦੀ ਧੀ ਵੇ ਮੈਂ ਵੀ ਕਿਸੇ ਦੀ ਭੈਣ'—ਪਰ ਹੁਣ ਇਨ੍ਹਾਂ ਤਕਦੀਰਾਂ ਕੋਲ ਮੇਰੇ ਜੋਗਾ ਹੈ ਕੀ ਏ"—ਉਹ ਉਦਾਸ ਹੋ ਕੇ ਬੋਲੀ।

"ਹੁਣ ਤਾਂ ਭਗਤ ਸਿੰਘ ਦੇ ਸੁਪਨੇ ਪੂਰੇ ਹੋ ਰਹੇ ਨੇ। ਦੇਖ, ਦੇਸ਼ ਕਿਵੇਂ ਤਰੱਕੀ ਵੱਲ ਜਾ ਰਿਹਾ ਏ, ਤੂੰ ਵੀ ਕੋਈ ਹਿੱਸਾ ਪਾ। ਦੇਖ, ਨਵਾਂ ਵਰ੍ਹਾ ਆਇਆ ਏ, ਕੋਈ ਨਵਾਂ ਕਦਮ ਚੁਕ।" ਮੈਂ ਆਖਿਆ।

ਉਹਦਾ ਮੂੰਹ ਹਿੱਸ ਗਿਆ ਤੇ ਉਹ ਚੁਪ-ਚਾਪ ਮੇਰੇ ਵੱਲ ਤੱਕਣ ਲੱਗੀ, ਜਿਵੇਂ ਕਹਿੰਦੀ ਹੋਵੇ :

"ਪਿਛਲਾ ਵਰ੍ਹਾ ਰੋ ਕੇ ਟੁਰ ਚਲਿਆ,
ਅਗਲਾ ਵੀ ਖੜ੍ਹਾ ਉਦਾਸ।
ਕਿਹੜੇ ਵੇ ਮੁਨੀ ਸਰਾਪਿਆ,
ਤੂੰ ਮੁੜ ਨਾ ਪੁੱਛੀ ਵਾਤ।"

"ਤੂੰ ਕੀ ਸੋਚ ਰਹੀ ਏਂ", ਮੈਂ ਪੁੱਛਿਆ। ਉਸ ਨੇ ਇਕ ਹੌਕਾ ਭਰਿਆ ਜਿਵੇਂ ਕਹਿੰਦੀ ਹੋਵੇ, 'ਰਾਤ ਦੀ ਰਾਣੀ ਮੈਨੂੰ ਪੁਛਦੀ, ਕਿਥੇ ਤਾਂ ਗਈਆਂ ਨੀ ਤੇਰੀਆਂ ਨੀਂਦਰਾਂ, ਦਿਹੁੰ ਵੀ ਉਲਾਂਭੇ ਦਿੰਦਾ, ਕਿਥੇ ਤਾਂ ਖੋਈਆਂ ਤੇਰੀਆਂ ਸੂਰਤਾਂ—ਮੈਂ ਮੁੜ ਮੁੜ ਤੈਥੋਂ ਪੁਛਦੀ, ਕੌਣ ਭਰੂ ਵੇ ਮੇਰੀ ਕਹਾਣੀ ਦਾ ਹੁੰਗਾਰਾ, ਕੌਣ ਬਣੂੰ ਵੇ ਮੇਰੇ ਦੁਖਾਂ ਦਾ ਸੀਰੀ—?'

ਮੈਂ ਉਹਦੇ ਮੂੰਹ ਵੱਲ ਤੱਕਿਆ, 'ਨਾਨਕ ਸਤੀਆਂ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ...' ਇਸ ਕਥਨ ਅਗੇ ਮੈਂ ਸਿਰ ਝੁਕਾ ਦਿੱਤਾ—ਉਹਦੀ ਟੁੱਟੀ ਹੋਈ ਜੁੱਤੀ 'ਤੇ ਮੇਰੀ ਨਜ਼ਰ ਪੈ ਗਈ। ਮੈਂ ਧਿਆਨ ਨਾਲ ਦੇਖਿਆ, ਉਹਦੀ ਕਮੀਜ਼ ਨੂੰ ਵੀ ਟਾਕੀਆਂ ਲਗੀਆਂ ਹੋਈਆਂ ਸਨ। ਮੈਨੂੰ ਧੱਕਾ ਲੱਗਾ।

"ਤੂੰ ਉਹਨੂੰ ਵੇਖਿਆ ਸੀ ?" ਉਹ ਅਜੇ ਵੀ ਉਹਦੇ ਬਾਰੇ ਹੀ ਸੋਚ ਰਹੀ ਸੀ।

"ਨਹੀਂ", ਮੈਂ ਆਖਿਆ।

"ਉਹ ਬੜਾ ਸੋਹਣਾ ਸੀ—ਸਾਡੇ ਪਿੰਡ ਦੀਆਂ ਸਾਰੀਆਂ ਕੁੜੀਆਂ ਦੇ ਪਰਾਹੁਣਿਆਂ ਨਾਲੋਂ ਸੋਹਣਾ" ਤੇ ... ਅੱਗੋਂ ਉਹਦਾ ਗਲਾ ਭਰ ਆਇਆ ਤੇ ਫਿਰ ਜਿਵੇਂ ਆਪਣੇ ਆਪ ਗੱਲਾਂ ਕਰਨ ਲੱਗੀ :

"ਆਉਂਦੇ ਜਾਂਦੇ ਰਾਹੀਆਂ ਦੇ ਮੈਂ ਮੂੰਹ ਵਲ ਤਕਦੀ ਕੋਈ ਕਰੇ ਵੇ ਤੇਰੀ ਗੱਲ।
ਮੈਂ ਕੰਨਿਆ ਕੁਆਰੀ ਖੜ੍ਹੀ ਉਡੀਕਦੀ ਵੇ ਕਦੇ ਤਾਂ ਸੁਨੇਹਾ ਘੱਲ।"

### ਔਖੇ ਸ਼ਬਦਾਂ ਦੇ ਅਰਥ

| | |
|---|---|
| ਮੁੜ ਆਵੇ | :ਵਾਪਸ ਆ ਜਾਵੇ |
| ਤਕਦੀਰਾਂ | :ਕਿਸਮਤਾਂ, ਲੇਖ |
| ਖਲੋਣ | :ਖਲੋਤੇ ਰਹਿਣ ਦਾ ਭਾਵ |
| ਜੋਗਾ | :ਵਾਸਤੇ, ਲਈ |
| ਵਰ੍ਹਾ | :ਸਾਲ |
| ਹਿੱਸ | :ਸੁੰਗੜਨਾ |
| ਟੁਰ | :ਨਿਕਲ |
| ਮੁਨੀ | :ਰਿਸ਼ੀ ਮੁੰਨੀ |
| ਸਰਾਪਿਆ | :ਜਿਸ ਨੂੰ ਬਦ-ਦੁਆ ਲੱਗੀ ਹੋਵੇ |
| ਵਾਤ | :ਬਾਤ, ਹਾਲ-ਚਾਲ |
| ਨੀਂਦਰਾਂ | :ਨੀਂਦਾਂ |
| ਦਿਹੁੰ | :ਦਿਨ |
| ਉਲਾਂਭੇ | :ਸ਼ਿਕਾਇਤਾਂ |
| ਖੋਈਆਂ | :ਗੁਆਚ ਗਈਆਂ |
| ਹੁੰਗਾਰਾ | :ਹਾਮੀ ਭਰਨੀ, ਕਿਸੇ ਦੀ ਗੱਲ ਵੱਲ ਧਿਆਨ ਦੇਣਾ |
| ਤੈਥੋਂ | :ਤੇਰੇ ਕੋਲੋਂ |
| ਸੀਰੀ | :ਭਾਈਵਾਲ, ਸਾਂਝੀਵਾਲ |
| ਬਿਰਹੇ | :ਵਿਛੋੜਾ, ਵਿਯੋਗ, ਜੁਦਾਈ |
| ਚੋਟ | :ਸੱਟ |
| ਟਾਕੀਆਂ | :ਫੱਟੇ ਕਪੜੇ ਨੂੰ ਹੋਰ ਕਪੜੇ ਦੀ ਕਾਤਰ ਲਗਾ ਕੇ ਸਿਊਣਾ |
| ਪਰਾਹੁਣਿਆਂ | :ਪਤੀਆਂ |
| ਰਾਹੀਆ | :ਰਸਤੇ ਵਿਚ ਜਾਣ ਵਾਲੇ ਲੋਕਾਂ |
| ਘੱਲ | :ਭੇਜ |

### ਔਖੇ ਸ਼ਬਦਾਂ ਦੇ ਅਰਥ

ਲੇਖ :ਕਿਸਮਤ
ਲਾਟ :ਅੱਗ ਦੀ ਲੋਅ
ਕਹਿਰ :ਗੁੱਸਾ, ਕਰੋਪੀ, ਕ੍ਰੋਧ
ਫੁੰਕਾਰ :ਸੱਪ ਦੀ ਸ਼ੂਕਣ ਦੀ ਅਵਾਜ਼
ਡੱਸ :ਡੰਗ ਮਾਰਨਾ
ਲੋਚਦੀ :ਚਾਹੁੰਦੀ
ਹੰਝੂ :ਅੱਥਰੂ, ਆਂਸੂ
ਧਰਤ ਅੰਬਰ :ਧਰਤੀ ਤੇ ਅਕਾਸ਼

"ਕੀ ਸੋਚ ਰਹੀ ਏਂ ਸੋਹਣੀਏਂ ?" ਮੈਂ ਪੁੱਛਿਆ। ਉਹ ਆਪਣੇ ਹੱਥਾਂ ਦੀਆਂ ਲਕੀਰਾਂ ਵੱਲ ਧਿਆਨ ਨਾਲ ਤੱਕਣ ਲੱਗੀ ਜਿਵੇਂ ਕਹਿ ਰਹੀ ਹੋਵੇ, 'ਮਾਂ ਆਪਣੀ ਨੂੰ ਮੈਂ ਪੁੱਛਦੀ ਧੀ ਦੇ ਕਿਹੇ ਲੇਖ ਲਿਖਾਏ।'

ਮੈਂ ਉਹਦੇ ਵੱਲ ਤੱਕਦੀ ਰਹੀ। ਇਕ ਲਾਟ ਬਲਦੀ ਸੀ ਉਹਦੀਆਂ ਨਜ਼ਰਾਂ ਵਿਚ, ਇਕ ਕਹਿਰ ਸੀ, ਉਹਦੀ ਤੱਕਣੀ ਵਿਚ। ਮੈਨੂੰ ਲਗਿਆ ਜਿਵੇਂ, ਉਹ ਇਕ ਨਾਗਣ ਬਣ ਕੇ ਫੁੰਕਾਰ ਰਹੀ ਹੋਵੇ। ਭਗਤ ਸਿੰਘ ਦੇ ਕਾਤਲਾਂ ਨੂੰ ਜਿਵੇਂ ਹੁਣੇ ਡੱਸ ਲੈਣਾ ਲੋਚਦੀ ਹੋਵੇ। ਜਿਵੇਂ ਸਭ ਕੁਝ ਭੰਨ ਤੋੜ ਮਸਲ ਦੇਣਾ ਚਾਹੁੰਦੀ ਹੋਵੇ। ਫਿਰ ਉਹਨੇ ਪਲਕਾਂ ਝੁਕਾ ਲਈਆਂ ਜਿਵੇਂ ਕਹਿੰਦੀ ਹੋਵੇ 'ਮੈਂ ਭਲਾ ਕੀ ਕਰ ਸਕਦੀ ਹਾਂ—'

"ਤੂੰ ਨਿਰਾਸ ਨਾ ਹੋ। ਭਗਤ ਸਿੰਘ ਸਿਰਫ਼ ਤੇਰਾ ਹੀ ਨਹੀਂ ਸੀ। ਉਹ ਸਾਡਾ ਸਾਰਿਆਂ ਦਾ ਸੀ। ਉਹਦੀ ਮੌਤ ਦਾ ਦੁੱਖ ਤੈਨੂੰ ਹੀ ਨਹੀਂ—ਸਾਰੇ ਦੇਸ਼ ਨੂੰ ਹੈ—ਅਸੀਂ ਉਹਨੂੰ ਭੁੱਲੇ ਨਹੀਂ, ਸਾਨੂੰ ਤੂੰ ਭੀ ਯਾਦ ਏਂ।"

ਇਹ ਸੁਣ ਉਹਦੀਆਂ ਅੱਖਾਂ ਭਰ ਆਈਆਂ ਤੇ ਹੰਝੂ ਕੇਰ, ਉਹ ਮੇਰੀ ਕਲਪਨਾ ਵਿਚੋਂ ਮੁੜ ਚੱਲੀ। ਮੈਨੂੰ ਲੱਗਿਆ, 'ਧਰਤ ਅੰਬਰ ਵੀ ਸੋਚਦੇ ਕੀ ਦੇਣ ਤਸੱਲੀ।'

ਇੰਨੇ ਨੂੰ ਇਕ ਝੂਟੇ ਨਾਲ ਗੱਡੀ ਸਟੇਸ਼ਨ ਉਤੇ ਆਣ ਖੜੀ ਹੋਈ। ਉਹ ਮੰਗਤਾ ਫੇਰ ਡੱਬੇ ਅੱਗੋਂ ਦੀ ਗਾਉਂਦਾ ਜਾ ਰਿਹਾ ਸੀ :

"ਜਦੋਂ ਵੀਰ ਭਗਤ ਸਿੰਘ ਦੱਤ ਨੂੰ,
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲੀ ਨਾਰ ਨੂੰ,
ਕਿਸੇ ਪਿੰਡ ਵਿਚ ਦੱਸਿਆ ਜਾ।"

## ਟਿੱਪਣੀ

ਡਾ. ਦਲੀਪ ਕੌਰ ਟਿਵਾਣਾ ਨੇ ਇਸ ਕਹਾਣੀ ਰਾਹੀਂ ਇੱਕ ਅਜਿਹੇ ਇਤਿਹਾਸਕ ਪਾਤਰ ਨੂੰ ਚੁਣਿਆ ਹੈ ਜੋ ਸ਼ਹੀਦ ਭਗਤ ਸਿੰਘ ਦੀ ਮੰਗੇਤਰ ਹੈ। ਕਹਾਣੀ ਦਾ ਘਟਨਾ ਕ੍ਰਮ ਇੱਕ ਸਟੇਸ਼ਨ ਉੱਤੇ ਅੰਨ੍ਹੇ ਮੰਗਤੇ ਦੇ ਬੋਲਾਂ ਤੋਂ ਸ਼ੁਰੂ ਹੁੰਦਾ ਹੈ। 'ਮੈਂ-ਪਾਤਰ' ਗੱਡੀ ਵਿੱਚ ਸਫ਼ਰ ਕਰ ਰਹੀ ਹੈ। ਉਥੇ ਇਕ ਮੰਗਤਾ ਭਗਤ ਸਿੰਘ ਬਾਰੇ ਗੀਤ ਗਾ ਕੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੰਦਾ ਹੈ। ਉਹ ਕਪਲਨਾ ਵਿੱਚ ਹੀ ਉਸ ਔਰਤ ਦੇ ਪਿੰਡ ਪਹੁੰਚ ਜਾਂਦੀ ਹੈ। ਉੱਥੇ ਉਸ ਨੇ ਸਾਰੀ ਉਮਰ ਲੋਕਾਂ ਦੇ ਘਰਾਂ ਵਿੱਚ ਮਿਹਨਤ-ਮਜ਼ਦੂਰੀ ਕੀਤੀ। ਪਰ ਵਿਆਹ ਨਹੀਂ ਕਰਵਾਇਆ। ਸਾਰੀ ਉਮਰ ਭਗਤ ਸਿੰਘ ਦੀ ਮੰਗੇਤਰ ਕਹਾਉਣਾ ਫ਼ਖ਼ਰ ਵਾਲੀ ਗੱਲ ਸਮਝੀ।

ਭਗਤ ਸਿੰਘ ਨੇ ਉਸ ਨੂੰ ਕੁਝ ਜ਼ਰੂਰੀ ਕੰਮ ਕਰਕੇ, ਛੇਤੀ ਆ ਕੇ ਉਸ ਨਾਲ ਵਿਆਹ ਕਰਾਉਣ ਦਾ ਵਚਨ ਦਿੱਤਾ ਸੀ। ਉਹ ਇਨ੍ਹਾਂ ਵਚਨਾਂ ਦੀ ਲਾਜ ਰੱਖਦੀ ਹੈ। ਇੱਕੋ ਇੱਕ

ਯਾਦ ਦੇ ਸਹਾਰੇ ਸਿਦਕ ਦਿਲੀ ਨਾਲ ਜ਼ਿੰਦਗੀ ਜਿਊਣ ਲਈ ਸਤੀ ਹੋਣ ਦੀ ਮਿਸਾਲ ਹੈ। ਅਜਿਹੀ ਮਹਾਨ ਔਰਤ ਦੀ ਕਹਾਣੀ ਪੜ੍ਹ ਕੇ ਪਾਠਕ ਦਾ ਸਿਰ ਨਮਸਕਾਰ ਲਈ ਝੁਕ ਜਾਂਦਾ ਹੈ। ਕਹਾਣੀ ਬਿਨਾਂ ਕਿਸੇ ਵਾਧੂ ਵਿਸਤਾਰ ਦੇ ਗੁਰਬਾਣੀ ਦੇ "ਨਾਨਕ ਸਤੀਆਂ ਜਾਣੀਅਨ ਜਿ ਬਿਰਹੇ ਚੋਟ ਮਰੰਨਿ" ਵਾਲੇ ਸਿਧਾਂਤ ਤੋਂ ਵੀ ਜਾਣੂ ਕਰਾਉਂਦੀ ਪਾਠਕ ਮਨ ਨੂੰ ਝੰਜੋੜ ਕੇ ਰੱਖ ਦਿੰਦੀ ਹੈ। ਇਹ ਇਸ ਕਹਾਣੀ ਦੀ ਖ਼ੂਬਸੂਰਤੀ ਕਹੀ ਜਾ ਸਕਦੀ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) 'ਸਤੀਆ ਸੇਈ' ਕਹਾਣੀ ਵਿੱਚ ਅੰਨ੍ਹਾ ਮੰਗਤਾ ਕਿਸ ਬਾਰੇ ਗੀਤ ਗਾ ਰਿਹਾ ਹੈ?

(ii) ਲੇਖਿਕਾ ਕਲਪਨਾ ਰਾਹੀਂ ਕਿਸ ਦੇ ਪਿੰਡ ਪਹੁੰਚ ਜਾਂਦੀ ਹੈ ?

(iii) ਭਗਤ ਸਿੰਘ ਨੇ ਆਪਣੀ ਮੰਗੇਤਰ ਨਾਲ ਕਿਹੜਾ ਵਾਅਦਾ ਕੀਤਾ ਸੀ ?

(iv) ਗੁਰਬਾਣੀ ਅਨੁਸਾਰ ਸਤੀਆ ਇਸਤਰੀਆਂ ਕੌਣ ਹੁੰਦੀਆਂ ਹਨ ?

(v) ਕੀ ਸਮੇਂ ਦੀਆਂ ਸਰਕਾਰਾਂ ਨੇ ਉਸ ਮਹਾਨ ਔਰਤ ਬਾਰੇ ਸੋਚਿਆ ?

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਭਾਰਤ ਨੂੰ ਅਜ਼ਾਦ ਕਰਾ ਕੇ ਕਿਹੋ ਜਿਹੇ ਦੇਸ਼ ਦਾ ਨਿਰਮਾਣ ਕਰਨਾ ਚਾਹੁੰਦੇ ਸਨ ? ਆਪਣੇ ਸ਼ਬਦਾਂ ਵਿੱਚ ਲਿਖੋ।

(ii) ਕੀ ਤੁਸੀਂ ਕਿਸੇ ਅਜਿਹੀ ਔਰਤ ਨੂੰ ਜਾਣਦੇ ਹੋ ਜਿਸ ਨੇ ਪਤੀ ਤੋਂ ਬਿਨ੍ਹਾਂ ਸਾਰੀ ਜ਼ਿੰਦਗੀ ਆਪਣੇ ਆਪ ਬਿਤਾਈ ਹੋਵੇ ? ਉਸ ਦੀਆਂ ਹਾਂ-ਪੱਖੀ ਗੱਲਾਂ ਨੂੰ ਉਭਾਰਦੇ ਹੋਏ ਇੱਕ ਲੇਖ ਲਿਖੋ।

(iii) ਔਰਤ ਸਿਦਕ ਦਿਲੀ ਨਾਲ ਪਤੀ ਬਿਨਾਂ ਜ਼ਿੰਦਗੀ ਜਿਉਂ ਲੈਂਦੀ ਹੈ। ਕੀ ਤੁਸੀਂ ਕਿਸੇ ਅਜਿਹੇ ਆਦਮੀ ਨੂੰ ਜਾਣਦੇ ਹੋ ਜੋ ਆਪਣੇ ਸਿਦਕ ਉਪਰ ਕਾਇਮ ਰਹਿ ਕੇ ਆਪਣਾ ਜੀਵਨ ਨਿਰਬਾਹ ਕਰ ਰਿਹਾ ਹੋਵੇ ? ਉਸ ਦੀਆਂ ਪ੍ਰੇਰਣਾਦਾਇਕ ਗੱਲਾਂ ਦਾ ਜ਼ਿਕਰ ਕਰਦੇ ਹੋਏ ਆਪਣੇ ਮਿੱਤਰ ਨੂੰ ਇੱਕ ਚਿੱਠੀ ਲਿਖੋ।

(iv) ਭਾਰਤ ਵਿੱਚ ਸਤੀ ਪ੍ਰਥਾ ਬਾਰੇ ਤੁਸੀਂ ਕੀ ਜਾਣਦੇ ਹੋ ? ਇਸ ਨੂੰ ਖ਼ਤਮ ਕਰਨ ਲਈ ਹੋਏ ਜਤਨਾਂ ਦੀ ਚਰਚਾ ਕਰੋ।

(v) ਔਰਤ ਦੇ ਸੁਖੀ ਸੰਸਾਰ ਬਾਰੇ ਕਲਪਨਾ ਕਰਦੇ ਹੋਏ ਵਿਸਤਾਰ ਵਿੱਚ ਇੱਕ ਭਾਸ਼ਨ ਤਿਆਰ ਕਰੋ।

**ਅ. ਵਚਨ ਬਦਲੋ :**

(i) ਗੱਡੀ ...

(ii) ਬਾਰੀ ...

(iii) ਫ਼ਸਲ ...

(iv) ਲਫ਼ਜ਼ ...

(v) ਸਿਹਰਾ ...

(vi) ਕਤਾਰ ...

(vii) ਦਰੱਖਤ ...

(viii) ਸਟੇਸ਼ਨ ...

(ix) ਅੰਬਰ ...

(x) ਡੱਬਾ ...

**ੲ. ਹੇਠ ਲਿਖੇ ਵਾਕਾਂ ਵਿਚੋਂ ਕਿਰਿਆ ਚੁਣ ਕੇ ਉਨ੍ਹਾਂ ਦੀਆਂ ਕਿਸਮਾਂ ਲਿਖੋ :**

(i) ਭਗਤ ਸਿੰਘ ਦੀ ਮੰਗਤੇਰ ਨੇ ਕਪਾਹਾਂ ਚੁਗਣ ਦਾ ਕੰਮ ਕੀਤਾ। ...

(ii) ਸਟੇਸ਼ਨ ਉਪਰ ਅੰਨ੍ਹਾ, ਭਗਤ ਸਿੰਘ ਦਾ ਗੀਤ ਗਾਉਂਦਾ ਹੈ। ...

(iii) ਕਹਾਣੀਕਾਰ ਨੇ ਮੰਗਤੇਰ ਬਾਰੇ ਕਲਪਨਾ ਕੀਤੀ। ...

(iv) ਮੰਗੇਤਰ ਨੂੰ ਲਗਦਾ ਹੈ ਕਿ ਭਗਤ ਸਿੰਘ ਆ ਸਕਦਾ ਹੈ। ...

(v) ਮੈਂ ਉਹਦੇ ਵੱਲ ਤੱਕਦੀ ਰਹੀ।

**ਸ. ਹੇਠ ਲਿਖੇ ਵਾਕਾਂ ਵਿੱਚ ਲਕੀਰੇ ਸ਼ਬਦਾਂ ਦੀਆਂ ਕਿਰਿਆ ਵਿਸ਼ੇਸ਼ਣ ਦੀਆਂ ਕਿਸਮਾਂ ਦੱਸੋ:**

(i) ਭਗਤ ਸਿੰਘ ਜ਼ਰੂਰ ਆਵੇਗਾ। ...

(ii) ਭਗਤ ਸਿੰਘ ਦੀ ਯਾਦ ਮੰਗੇਤਰ ਨੂੰ ਵਾਰ-ਵਾਰ ਸਤਾਉਂਦੀ ਹੈ। ...

(iii) ਮੰਗੇਤਰ ਨੂੰ ਮਿਹਨਤ ਕਰਨੀ ਪਈ ਕਿਉਂਕਿ ਉਸ ਦਾ ਪਤੀ ਨਹੀਂ ਆਇਆ। ...

(iv) ਅੰਨ੍ਹਾ ਹੌਲੀ-ਹੌਲੀ ਗਾਉਂਦਾ ਹੈ। ...

(v) ਉਹ ਝਿਜਕਦੀ ਝਿਜਕਦੀ ਸਭ ਤੋਂ ਚੋਰੀ ਉਥੇ ਆ ਗਈ।

**ਹ. ਹੇਠ ਲਿਖੇ ਵਾਕਾਂ ਵਿੱਚ ਕਾਲ ਦੀਆਂ ਕਿਸਮਾਂ ਪਛਾਣ ਕੇ ਲਿਖੋ :**

(i) ਉਹ ਬੜਾ ਸੋਹਣਾ ਸੀ।

(ii) ਮੰਗੇਤਰ ਨੇ ਕੋਠਾ ਲਿੱਪ ਲਿਆ ਸੀ। ...

(iii) ਭਗਤ ਸਿੰਘ ਆ ਰਿਹਾ ਹੈ। ...

(iv) ਲੇਖਿਕਾ ਕਲਪਨਾ ਕਰ ਰਹੀ ਹੈ। ...

(v) ਅਸੀਂ ਉਸ ਨੂੰ ਭੁੱਲੇ ਨਹੀਂ ਅਤੇ ਤੂੰ ਵੀ ਸਾਨੂੰ ਯਾਦ ਏਂ।

**ਕ. ਹੇਠ ਲਿਖੇ ਅਖਾਣਾਂ ਦੇ ਅਰਥ ਦੱਸ ਕੇ ਵਾਕ ਬਣਾਉ :**

(i) ਆਪ ਕਾਜ, ਮਹਾਂ ਕਾਜ ...

(ii) ਉੱਖਲੀ ਵਿੱਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ ...

(iii) ਈਸਬਗੋਲ ਤੇ ਕੁਝ ਨਾ ਫੋਲ ...

(iv) ਸੌ ਸੁਨਿਆਰ ਦੀ ਇੱਕ ਲੁਹਾਰ ਦੀ ...

(v) ਹੰਕਾਰਿਆ ਸੋ ਮਾਰਿਆ ...

**ਖ. ਹੇਠਾਂ ਲਿਖੇ ਬਹੁ-ਅਰਥਕ ਸ਼ਬਦਾਂ ਦੇ ਵਾਕ ਬਣਾਉ :**

(i) ਮੰਗ ...

(ii) ਝੱਲੇ ...

(iii) ਲਾਵਾਂ ...

(iv) ਵਾਰ ..

(v) ਡੰਗ ...

# ਦੁੱਧ ਤੇ ਪੁੱਤ

## ਬਚਿੰਤ ਕੌਰ



### ਸ਼ਖ਼ਸੀਅਤ ਤੇ ਰਚਨਾ

ਬਚਿੰਤ ਕੌਰ ਦਾ ਜਨਮ 8 ਫਰਵਰੀ, 1940 ਈ. ਨੂੰ ਪਿੰਡ ਭੜੋ, ਨਾਭਾ ਪੰਜਾਬ ਵਿੱਚ ਹੋਇਆ। ਜ਼ਿੰਦਗੀ ਵਿੱਚ ਜਦੋ- ਜਹਿਦ ਕਰਦਿਆਂ ਐੱਮ.ਫਿਲ. ਤੱਕ ਉੱਚ ਵਿੱਦਿਆ ਹਾਸਲ ਕੀਤੀ।

ਬਚਿੰਤ ਕੌਰ ਨੇ ਪੰਜਾਬੀ ਸਾਹਿਤ ਜਗਤ ਦੇ ਕਹਾਣੀ-ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਦਰਜਨ ਤੋਂ ਵਧ ਕਹਾਣੀਆਂ ਦੀਆਂ ਪੁਸਤਕਾਂ ਮਾਂ-ਬੋਲੀ ਪੰਜਾਬੀ ਦੀ ਝੋਲੀ ਪਾਈਆਂ ਹਨ। ਜਿਵੇਂ : 'ਮੰਜ਼ਲ', 'ਸੂਹਾ ਰੰਗ ਸਿਆਹ ਰੰਗ', 'ਭੁੱਬਲ ਦੀ ਅੱਗ'। 'ਕਿਆਰੀ ਲੌਂਗਾਂ ਦੀ' ਪੁਸਤਕ ਨੂੰ 1982-83 ਦਾ ਪੰਜਾਬੀ ਅਕਾਦਮੀ, ਦਿੱਲੀ ਵਲੋਂ ਸਰਵੋਤਮ ਪੁਸਤਕ-ਸਨਮਾਨ ਮਿਲਿਆ। ਉਨ੍ਹਾਂ ਨੇ ਕਹਾਣੀ ਤੋਂ ਇਲਾਵਾ ਨਾਵਲ, ਸਵੈ-ਜੀਵਨੀ, ਸਫ਼ਰਨਾਮਾ ਤੇ ਬਾਲ-ਪੁਸਤਕਾਂ ਵੀ ਲਿਖੀਆਂ ਹਨ। ਬਚਿੰਤ ਕੌਰ ਦੀਆਂ ਕਹਾਣੀਆਂ ਦੀ ਸ਼ੈਲੀ ਸਰਲ ਤੇ ਸੰਖੇਪ ਹੈ। ਉਨ੍ਹਾਂ ਦੀਆਂ ਕਹਾਣੀਆਂ ਅੰਗਰੇਜ਼ੀ, ਹਿੰਦੀ ਤੇ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀਆਂ ਹਨ। ਉਨ੍ਹਾਂ ਦੀਆਂ ਕਹਾਣੀਆਂ ਅਜਿਹੇ ਵਿਸ਼ੇ ਨੂੰ ਪੇਸ਼ ਕਰਦੀਆਂ ਹਨ ਜੋ ਪਾਠਕ ਮਨ ਨੂੰ ਟੁੰਬਦਾ ਹੈ।

### ਦੁੱਧ ਤੇ ਪੁੱਤ

ਮਈ ਦੀ ਪੰਜ ਤਰੀਕ ਹੋ ਚੁਕੀ ਸੀ। ਪਰ ਬਾਬੇ ਬਾਰੂ ਨੂੰ ਨਾ ਕੋਈ ਬਾਹਰਲੇ ਘਰੋਂ ਲੈਣ ਆਇਆ, ਤੇ ਨਾ ਹੀ ਉਹ ਆਪ ਜਾਣ ਲਈ ਤਿਆਰ ਸੀ। ਵਿਦਿਆ ਹੁਣ ਉਸ ਨਾਲ ਖ਼ਾਸੀ ਔਖੀ ਹੋ ਕੇ ਬੋਲਦੀ ਸੀ। ਬੱਚੇ ਵੀ ਅੱਜ ਕਲ੍ਹ ਬਾਬੇ ਦੀ ਕਿਸੇ ਗੱਲ ਤੇ ਕੰਨ ਨਹੀਂ ਸਨ ਧਰਦੇ। ਪਰ ਫੇਰ ਵੀ ਬਾਬੇ ਬਾਰੂ ਨੇ ਹਿੰਮਤ ਕਰ ਕੇ ਆਪਣੇ ਪੁੱਤਰ ਕਰਤਾਰ ਸਿੰਘ ਨੂੰ ਕਹਿ ਹੀ ਦਿਤਾ, "ਪੁਤਰ ਤਾਰਿਆ ਮੈਂ ਬਾਹਰਲੇ ਘਰੀਂ ਨਹੀਂ ਜਾਣਾ। ਮੈਨੂੰ ਆਪਣੇ ਕੋਲ ਹੀ ਰਹਿਣ ਦੇ। ਮੇਰਾ ਬਾਹਰਲੇ ਘਰੀਂ ਭੋਰਾ ਵੀ ਜੀਅ ਨਹੀਂ ਲੱਗਦਾ।"

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਖ਼ਾਸੀ | :ਬਹੁਤ |
| ਧਰਦੇ | :ਸੁਣਦੇ |
| ਭੋਰਾ | :ਬਿਲਕੁਲ ਵੀ |
| ਜੀਅ | :ਚਿਤ, ਮਨ |

"ਜੀਅ ਦਾ ਭਲਾ ਕੀ ਮਤਲਬ ਏ ਬਾਪੂ, ਜਦ ਮਾਂ ਦੇ 'ਵਾਰ੍ਹੇ' ਵਾਲੇ ਦਿਨ ਪੰਜ ਭਾਈਆਂ ਵਿਚ ਇਹ ਫੈਸਲਾ ਹੋਇਆ ਹੈ, ਕਿ ਅਸੀਂ ਪੰਜ ਭਾਈ ਤੁਹਾਨੂੰ ਤਿੰਨ-ਤਿੰਨ ਮਹੀਨੇ ਰੋਟੀ ਦੇਵਾਂਗੇ। ਵਾਰੀ ਦੇ ਮੁਤਾਬਕ ਪਹਿਲੀ ਤਰੀਕ ਤੋਂ ਤੁਹਾਡੇ ਤਿੰਨ ਮਹੀਨੇ ਏਥੇ ਪੂਰੇ ਹੋ ਚੁਕੇ ਹਨ। ਹੁਣ ਤੁਹਾਨੂੰ ਪ੍ਰੀਤੂ ਦੇ ਘਰ ਚਲੇ ਜਾਣਾ ਚਾਹੀਦਾ ਹੈ।" ਬਾਬਾ ਅੱਗੋਂ ਕੁਝ ਵੀ ਉੱਤਰ ਨਾ ਦੇ ਸਕਿਆ।

ਆਖ਼ਰ ਬਾਬੇ ਬਾਰੂ ਨੂੰ ਬਾਹਰਲੇ ਘਰ ਪ੍ਰੀਤੂ ਕੋਲ ਆਉਣਾ ਹੀ ਪਿਆ। ਭਾਵੇਂ ਅੰਦਰੋਂ ਉਸ ਦੀ ਵੱਢੀ ਰੂਹ ਨਹੀਂ ਸੀ ਕਰਦੀ ਏਥੇ ਆਉਣ ਨੂੰ, ਪਰ ਮਰਦਾ ਕੀ ਨਾ ਕਰਦਾ। ਕਰਤਾਰੇ ਨੇ ਤਿੰਨ ਮਹੀਨੇ ਪਿਛੋਂ ਸਾਫ਼ ਕਹਿ ਜੋ ਦਿਤਾ ਸੀ, "ਬਾਪੂ ਹੁਣ ਤੂੰ ਪ੍ਰੀਤੂ ਦੇ ਘਰ ਚਲਾ ਜਾ।"

ਪ੍ਰੀਤੂ ਦੀ ਵਹੁਟੀ ਬੰਤ ਬਾਬੇ ਬਾਰੂ ਦੀ ਸੇਵਾ ਵਿਚ ਕੋਈ ਕਸਰ ਨਾ ਰਖਦੀ। ਹਫ਼ਤੇ ਵਿਚ ਦੋ ਵਾਰੀ ਉਸ ਦੇ ਕਪੜੇ ਧੋ ਦੇਂਦੀ, ਚਾਹ-ਪਾਣੀ ਸਮੇਂ ਸਿਰ ਬਾਬੇ ਨੂੰ ਤਿਆਰ ਕਰਕੇ ਦੇ ਦਿੰਦੀ। ਆਪਣੇ ਬੱਚਿਆਂ ਨੂੰ ਵੀ ਉਸ ਨੇ ਸਮਝਾ ਰਖਿਆ ਸੀ ਕਿ "ਤੁਸੀਂ ਜਿੰਨੀ ਬਾਬੇ ਦੀ ਸੇਵਾ ਕਰੋਗੇ, ਤੁਹਾਨੂੰ ਉੱਨਾ ਹੀ ਅੱਛਾ ਫ਼ਲ ਮਿਲੇਗਾ। ਵੱਡਿਆਂ ਦੀ ਆਤਮਾ ਖ਼ੁਸ਼ ਰੱਖਣ 'ਤੇ ਰੱਬ ਵੀ ਖ਼ੁਸ਼ ਰਹਿੰਦਾ ਹੈ।"

ਪਰ ਐਨਾ ਕੁਝ ਕਰਨ 'ਤੇ ਵੀ ਬੰਤ ਦੀ ਆਪਣੀ ਆਤਮਾ ਨੂੰ ਕਦੇ ਸ਼ਾਂਤੀ ਨਹੀਂ ਸੀ ਮਿਲਦੀ। ਉਸ ਦਾ ਪਤੀ ਸ਼ਰਾਬੀ ਸੀ। ਜਦੋਂ ਵੀ ਆਥਣ ਨੂੰ ਉਹ ਘਰ ਆਉਂਦਾ ਤਾਂ ਆਉਂਦਿਆਂ ਹੀ ਅਵਾ-ਤਵਾ ਬੋਲਣਾ ਸ਼ੁਰੂ ਕਰ ਦਿੰਦਾ। ਕਿਸੇ ਨਾ ਕਿਸੇ ਬਹਾਨੇ ਬੰਤ ਨਾਲ ਝਗੜਾ ਕਰਦਾ। ਬੱਚਿਆਂ ਨੂੰ ਉਚੀ-ਉਚੀ ਗਾਲ੍ਹਾਂ ਕੱਢਣ ਲੱਗ ਪੈਂਦਾ। ਜੋ ਕੋਈ ਵੀ ਉਸ ਦੀ ਗੱਲ ਨੂੰ ਨਾ ਉਲਟਾਉਂਦਾ, ਉਹ ਜਾ ਕੇ ਬਾਬੇ ਬਾਰੂ ਦੇ ਦੁਆਲੇ ਹੋ ਜਾਂਦਾ। ਤੇ ਉਸ ਦੀ ਮੰਜੀ ਨੂੰ ਠੇਡਾ ਮਾਰ ਕੇ ਕਹਿੰਦਾ, "ਬਾਪੂ ਅਜੇ ਕਿੰਨਾ ਚਿਰ ਹੋਰ ਇਹ ਮੰਜੀ ਪੂਜਣੀ ਹੈ ਮੈਂ।" ਇਹ ਗੱਲ ਸੁਣ ਕੇ ਬੁੱਢੇ ਬਾਬੇ ਦਾ ਸਾਰਾ ਸਰੀਰ ਕੰਬਣ ਲਗਦਾ ਤੇ, ਅੰਦਰੋਂ ਅੰਦਰੀ ਉਹ ਰੋ ਉਠਦਾ। ਉਸ ਨੂੰ ਸਾਰੀ ਦੁਨੀਆ ਹਨੇਰੀ ਜਾਪਣ ਲੱਗ ਪੈਂਦੀ। ਉਸ ਦੇ ਅੱਸੀ ਸਾਲ ਪੁਰਾਣੇ ਹੱਡ ਜਿਵੇਂ ਉਸ ਨੂੰ ਮਿੱਟੀ ਬਣੇ ਨਜ਼ਰ ਆਉਂਦੇ।



ਉਸ ਦਾ ਸ਼ਰਾਬੀ ਪੁੱਤਰ ਉਸ ਦੇ ਸਤਿਕਾਰ ਦੀ ਥਾਂ ਉਸ ਨੂੰ ਵੀ ਅਵਾ-ਤਵਾ ਬੋਲਣੋਂ ਨਹੀਂ ਸੀ ਝਿਜਕਦਾ। ਕਿੰਨੀ ਬੇਪਤੀ ਕਰਦਾ ਸੀ ਪ੍ਰੀਤੂ, ਬਾਬੇ ਬਾਰੂ ਦੀ। ਸ਼ਰਾਬੀ ਪੁੱਤ ਦੀਆਂ ਗੱਲਾਂ ਸੁਣ ਕੇ ਉਹ ਬੁਤ ਦਾ ਬੁਤ ਬਣ ਕੇ ਰਹਿ ਜਾਦਾ।

### ਔਖੇ ਸ਼ਬਦਾਂ ਦੇ ਅਰਥ

| | |
|---|---|
| ਵਾਰ੍ਹੇ | :ਵੱਡਾ ਕਰਨਾ, ਬਜ਼ੁਰਗ ਦੀ ਅੰਤਮ ਕਿਰਿਆ ਵੇਲੇ ਦੀ ਰਸਮ |
| ਵੱਢੀ ਰੂਹ ਨਹੀਂ ਸੀ ਕਰਦੀ | :ਬਿਲਕੁਲ ਮਨ ਨਹੀਂ ਸੀ ਕਰਦਾ |
| ਕਸਰ | :ਘਾਟ |
| ਆਥਣ | :ਸ਼ਾਮ ਵੇਲਾ |
| ਅਵਾ-ਤਵਾ | :ਊਲ-ਜਲੂਲ, ਬੇਮਤਲਬ |
| ਮੰਜੀ ਪੂਜਣੀ | :ਵਿਅੰਗ ਨਾਲ ਸੇਵਾ ਕਰਨੀ ਤੋਂ ਭਾਵ |
| ਬੇਪਤੀ | :ਬੇਇਜ਼ਤੀ |
| ਬੁਤ ਦਾ ਬੁਤ | :ਸੁੰਨ, ਖ਼ਾਮੋਸ਼ |

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਟਿਕਿਆ | :ਸਥਿਰ |
| ਰੁਲਦਾ | :ਖੱਜਲ-ਖ਼ਰਾਬ ਹੁੰਦਾ |
| ਪਰੋਸਦੀ | :ਦਿੰਦੀ |
| ਗੁਗੇ ਦੀ ਪੂਜਾ | :ਸੱਪ ਦੀ ਪੂਜਾ |
| ਡੰਗ | :ਡੱਸਣਾ |
| ਸੋਲਾਂ ਆਨੇ ਠੀਕ | :ਬਿਲਕੁਲ ਠੀਕ |
| ਵੇਲੇ ਸਿਰ | :ਸਮੇਂ ਸਿਰ |
| ਚੁੱਭਵੀਂ ਗੱਲ | :ਤਾਹਨਾ-ਮਿਹਣਾ |
| ਡੂਢ ਸੌ ਰੁਪਏ | :150 ਰੁਪਏ |
| ਉਧੇੜਬੁਣ | :ਬੇ ਸਿੱਟਾ ਗੱਲ, ਖ਼ਿਆਲੀ ਸੋਚ |
| ਲਵਾ ਦੇਵਾਂ | :ਨਾਂ ਲਵਾ ਦੇਣਾ, ਨਾਂ ਕਰ ਦੇਣਾ |
| ਸਹਾਰ | :ਬਰਦਾਸ਼ਤ ਕਰਨਾ, ਸਹਿਣਾ |
| ਨੀਅਤ ਫਿੱਟੀ ਪਈ ਹੈ | :ਬੇਈਮਾਨ ਹੋ ਜਾਣਾ |
| ਹਥਿਆਉਣ | :ਕਬਜ਼ੇ ਵਿਚ ਕਰਨ |
| ਰੋਣਹਾਕਾ | :ਰੋਣ ਵਰਗੀ ਹਾਲਤ |

ਫੇਰ ਸੋਚਾਂ ਹੀ ਸੋਚਾਂ ਵਿਚ ਉਹ ਆਪਣੇ ਪੰਜਾਂ ਪੁੱਤਾਂ ਦੇ ਘਰਾਂ ਤੇ ਓਹਨਾਂ ਦੇ ਬੱਚਿਆਂ ਨੂੰ ਪਰਖਦਾ। ਆਖ਼ਰ ਉਸ ਦਾ ਮਨ ਕਹਿ ਉਠਦਾ, ਮਨਾ ਕਰਤਾਰੇ ਕੋਲ ਜੇ ਟਿਕਿਆ ਰਹਿ ਸਕੇ ਤਾਂ ਹੀ ਚੰਗੀ ਗੱਲ ਹੈ। ਪਰ ਉਹ ਵੀ ਤਾਂ ਰੱਖੇ ?

ਹੁਣ ਬਾਬੇ ਦੀ ਵਾਰੀ ਤਲੋਕੇ ਦੇ ਘਰ ਜਾਣ ਦੀ ਸੀ। ਤਲੋਕਾ ਸੱਚੀ-ਮੁੱਚੀਂ ਆਪਣੇ ਪਿਓ ਦੇ ਬੁਢਾਪੇ ਨੂੰ ਇਸ ਤਰ੍ਹਾਂ ਰੁਲਦਾ ਨਹੀਂ ਸੀ ਦੇਖ ਸਕਦਾ। ਜਦੋਂ ਬਾਬਾ ਤਲੋਕੇ ਦੇ ਘਰ ਹੁੰਦਾ ਤਾਂ ਤਲੋਕੇ ਦੀ ਵਹੁਟੀ ਸਭ ਤੋਂ ਪਹਿਲਾਂ ਬਾਬੇ ਨੂੰ ਰੋਟੀ ਪਰੋਸਦੀ। ਸਭ ਤੋਂ ਪਹਿਲਾਂ ਬਾਬੇ ਨੂੰ ਚਾਹ ਦਿੰਦੀ। ਏਸ ਘਰ ਬਾਬੇ ਦੇ ਕਪੜੇ ਧੋ ਕੇ ਰੋਜ਼ ਬਦਲੇ ਜਾਂਦੇ ਸਨ। ਤਲੋਕਾ ਉਸ ਦੀ ਖ਼ੁਸ਼ੀ ਦਾ ਪੂਰਾ-ਪੂਰਾ ਧਿਆਨ ਰਖਦਾ, ਪਰ ਫਿਰ ਵੀ ਬਾਬੇ ਨੂੰ ਇਉਂ ਲਗਦਾ ਜਿਵੇਂ ਕੋਈ ਗੁਗੇ ਦੀ ਪੂਜਾ ਹੋ ਰਹੀ ਹੈ। ਗੁਗੇ ਨਾਲ ਭਲਾ ਕਿਸੇ ਨੂੰ ਕੀ ਪਿਆਰ ਹੋ ਸਕਦਾ ਹੈ ? ਉਸ ਦੀ ਪੂਜਾ ਡੰਗ ਦੇ ਡਰ ਤੋਂ ਹੀ ਕੀਤੀ ਜਾਂਦੀ ਹੈ।

ਗੱਲ ਵੀ ਇਹ ਸੋਲਾਂ ਆਨੇ ਠੀਕ ਸੀ। ਤਲੋਕਾ ਬਾਬੇ ਦੀ ਸੇਵਾ ਵਿਚ ਆਪਣੀ ਵਹੁਟੀ 'ਤੇ ਸਖ਼ਤ ਨਜ਼ਰ ਰੱਖਦਾ ਸੀ। ਜਿਸ ਕਰਕੇ ਉਸ ਦੀ ਵਹੁਟੀ ਵੇਲੇ ਸਿਰ ਬਾਬੇ ਦੇ ਸਾਰੇ ਕੰਮ ਕਰ ਦਿੰਦੀ, ਰੋਜ਼ ਕਪੜੇ ਧੋਂਦੀ, ਚਾਹ ਪਾਣੀ ਸਮੇਂ ਸਿਰ ਦੇ ਦਿੰਦੀ, ਉਸ ਦਾ ਮੰਜਾ ਬਿਸਤਰਾ ਸਾਫ਼ ਰਖਦੀ। ਪਰ ਆਉਂਦੀ ਜਾਂਦੀ ਉਹ ਬਾਬੇ ਨੂੰ ਕੋਈ ਨਾ ਕੋਈ ਚੁੱਭਵੀਂ ਗੱਲ ਜ਼ਰੂਰ ਸੁਣਾ ਜਾਂਦੀ। "ਬਾਪੂ ਤੂੰ ਭਲਾ ਸਾਰੀ ਉਮਰ ਵਿਚ ਕੀ ਕੀਤਾ ਹੈ ਆਪਣੇ ਪੁਤਰਾਂ ਲਈ। ਪਿੰਡ ਵਿਚ ਸਭ ਤੋਂ ਥੋੜ੍ਹੀ ਜ਼ਮੀਨ ਹੈ ਸਾਡੇ ਕੋਲ। ਤੇਰੀ ਕੋਈ ਸੇਵਾ ਕਰੇ ਤਾਂ ਭਲਾ ਕਿਵੇਂ ਕਰੇ।" ਬਾਬਾ ਨੂੰਹਾਂ ਦੀਆਂ ਚੁਭਵੀਆਂ ਗੱਲਾਂ ਸੁਣ ਕੇ ਅੰਦਰੋ ਅੰਦਰੀ ਰੋ ਉਠਦਾ। ਜੀਅ ਕਰਦਾ ਪੰਜਾਂ ਨੂੰ ਛੱਡ-ਛਡਾ ਕੇ ਕਿਧਰੇ ਦੂਰ ਚਲਾ ਜਾਵੇ। ਪਰ ਇਸ ਵਿਚ ਤਲੋਕੇ ਦਾ ਕੀ ਕਸੂਰ, ਨਾ ਉਹ ਤਲੋਕੇ ਨੂੰ ਕੁਝ ਦਸਦਾ, ਨਾ ਨੂੰਹ ਨੂੰ ਕੋਈ ਜਵਾਬ ਦਿੰਦਾ। ਬਾਬਾ ਨਹੀਂ ਸੀ ਚਾਹੁੰਦਾ ਕਿ ਘਰ ਵਿਚ ਉਸ ਦੇ ਪਿਛੇ ਲੜਾਈ ਹੋਵੇ।

ਫੇਰ ਆਪ ਹੀ ਸੋਚ ਕੇ ਮਨ ਨੂੰ ਤਸੱਲੀ ਦੇ ਲੈਂਦਾ, ਠੀਕ ਹੀ ਤਾਂ ਕਹਿੰਦੀ ਹੈ ਤਲੋਕੇ ਦੀ ਬਹੂ। ਤਲੋਕੇ ਦੀ ਤਨਖਾਹ ਵੀ ਤਾਂ ਡੂਢ ਸੌ ਰੁਪੈ ਹੀ ਹੈ। ਉਸ ਨੇ ਬੱਚੇ ਵੀ ਪਾਲਣੇ ਹਨ। ਏਸੇ ਤਰ੍ਹਾਂ ਬਾਬਾ ਬਾਰੂ ਸਾਰਾ ਦਿਨ ਸੋਚਾਂ ਦੀ ਉਧੇੜਬੁਣ ਵਿਚ ਉਲਝਿਆ ਰਹਿੰਦਾ। ਕਦੇ ਸੋਚਦਾ ਅੱਧੀ ਜ਼ਮੀਨ ਤਲੋਕੇ ਦੇ ਨਾਉਂ ਲਵਾ ਦੇਵਾਂ। ਬਾਕੀ ਤਾਂ ਆਪਣੇ-ਆਪਣੇ ਘਰ ਸਾਰੇ ਚੰਗਾ ਖਾਂਦੇ-ਪੀਂਦੇ ਹਨ। ਇਸੇ ਦਾ ਗੁਜ਼ਾਰਾ ਮੁਸ਼ਕਿਲ ਹੈ। ਪਰ ਇਹ ਗੱਲ ਉਸ ਦੇ ਦੂਜੇ ਪੁੱਤਰ ਕਿਵੇਂ ਸਹਾਰ ਸਕਦੇ ਹਨ। ਉਹ ਤਾਂ ਪੂਰੇ ਹਿੱਸੇ ਲਈ ਮਰਨ-ਮਾਰਨ ਨੂੰ ਤਿਆਰ ਹੋ ਜਾਣਗੇ।

ਨਾਲੇ ਦਿਆਲਾ ਜੋ ਹੁਣ ਸਾਰੀ ਜ਼ਮੀਨ ਨੂੰ ਵਾਹੁੰਦਾ ਬੀਜਦਾ ਹੈ ਉਹ ਕਦੋਂ ਮੰਨਣ ਲੱਗਿਆ, ਏਸ ਗੱਲ ਨੂੰ। ਉਸ ਦੇ ਘਰ ਰੱਬ ਦਾ ਦਿਤਾ ਦੁੱਧ-ਪੁੱਤ ਸਭੋ ਕੁਝ ਹੈ। ਪਰ ਫੇਰ ਵੀ ਉਸ ਦੀ ਨੀਅਤ ਫਿੱਟੀ ਪਈ ਹੈ। ਅੰਦਰੋ-ਅੰਦਰੀ ਉਹ ਪਟਵਾਰੀ ਨਾਲ ਮਿਲ ਕੇ ਅੱਗੇ ਦੀ ਸਾਰੀ ਜ਼ਮੀਨ ਹਥਿਆਉਣ ਨੂੰ ਫਿਰਦਾ ਹੈ। ਤਾਹੀਓਂ ਤਾਂ ਉਹ ਬਾਬੇ ਬਾਰੂ ਨੂੰ ਪਿੰਡ ਵਿਚ ਬੁਲਾ ਕੇ ਖੁਸ਼ ਨਹੀਂ।

ਸੋਚ-ਸੋਚ ਬਾਬਾ ਰੋਣਹਾਕਾ ਹੋ ਜਾਂਦਾ। ਐਡਾ ਵੱਡਾ ਪਰਿਵਾਰ ਸੀ ਉਸ ਦਾ ਕਿ ਲੋਕ ਪਿੰਡ ਵਿਚ ਉਸ ਨੂੰ ਵਡੇ ਪਰਿਵਾਰ ਵਾਲਾ ਕਹਿ ਕੇ ਬੁਲਾਉਂਦੇ ਸਨ। ਜਦੋਂ ਕਦੇ ਉਹ ਸਾਰੇ ਪੋਤੇ-ਪੋਤੀਆਂ ਵਿਚ ਬੈਠਾ ਹੁੰਦਾ ਸੀ ਤਾਂ ਉਸ ਨੂੰ ਕਈ ਵਾਰ ਇਹ ਵੀ ਭੁੱਲ ਜਾਂਦਾ ਕਿ ਕਿਹੜਾ ਪੁਤਰ ਦਿਆਲੇ ਦਾ ਤੇ ਕਿਹੜਾ ਪ੍ਰੀਤੂ ਦਾ ਹੈ। ਪਰ ਕੋਈ ਉਸ ਦੀ ਬਾਤ ਨਹੀਂ ਪੁਛਦਾ।

ਜਦੋਂ ਉਸ ਦੀ ਪਤਨੀ ਜਿਊਂਦੀ ਸੀ ਤਾਂ ਉਹ ਪਿੰਡ ਹੀ ਰਹਿੰਦਾ ਸੀ। ਤੇ ਦਿਆਲੇ ਨੇ ਉਸ ਦੀ ਮੰਜੀ ਨੀਰੇ ਆਲੇ ਅੰਦਰ ਡਾਹ ਰਖੀ ਸੀ। ਪਰ ਜਦ ਉਹ ਮਰ ਗਈ ਤਾਂ ਉਸ ਦੀ ਮੰਜੀ ਦਾ ਕੋਈ ਵੀ ਟਿਕਾਣਾ ਨਹੀਂ ਸੀ ਰਿਹਾ।

ਪਹਿਲਾ ਦੂਜੇ ਵੱਲ, ਦੂਜਾ ਤੀਜੇ ਵੱਲ, ਤੀਜਾ ਚੌਥੇ ਵੱਲ ਧੱਕਣ ਨੂੰ ਤਿਆਰ ਰਹਿੰਦਾ ਸੀ। ਜਿੰਨਾ ਵਡਾ ਉਸ ਦਾ ਪਰਿਵਾਰ ਸੀ, ਉੱਨੀਆਂ ਹੀ ਤੰਦਾਂ ਵਿਚ ਉਹ ਉਲਝਿਆ ਪਿਆ ਸੀ। ਕਈ ਵਾਰੀ ਬਹੁਤਾ ਦੁਖੀ ਹੋ ਕੇ ਉਹ ਆਪਣੀ ਸਵਰਗਵਾਸੀ ਪਤਨੀ ਨੂੰ ਕਹਿ ਉਠਦਾ, "ਦੇਖ ਭਾਗਵੰਤੀਏ, ਤੂੰ ਕਹਿੰਦੀ ਹੁੰਦੀ ਸੀ ਜਿੰਨੇ ਪੁੱਤ ਬਹੁਤੇ ਹੋਣਗੇ ਉੱਨਾ ਹੀ ਬਹੁਤਾ ਸੁਖ ਮਿਲੇਗਾ ਬੁਢਾਪੇ ਵਿਚ। ਕਦੇ ਭਲਾ ਕਿਸੇ ਨੂੰ ਦੁੱਧ ਤੇ ਪੁੱਤ ਵੀ ਬਹੁਤੇ ਲੱਗੇ ਹਨ ? ਅੱਜ ਮੇਰੀ ਹਾਲਤ ਦੇਖ ਜ਼ਰਾ ਆ ਕੇ। ਮੈਂ ਕਿੰਨਾ ਦੁਖੀ ਹਾਂ। ਮੇਰੀ ਰੁਖੀ-ਸੁਖੀ ਵੀ ਸਭ ਨੂੰ ਭਾਰੀ ਲੱਗਦੀ ਹੈ।"

ਫੇਰ ਇਕ ਵਾਰ ਉਸ ਨੇ ਪੰਜਾਂ ਪੁੱਤਰਾਂ ਤੇ ਨਜ਼ਰ ਦੌੜਾਈ। ਪਰ ਪੰਜਵਾਂ ਤਾਂ ਅਜੇ ਵਿਆਹਿਆ ਵੀ ਨਹੀਂ। ਨਾਲੇ ਉਹ ਤਾਂ ਬਾਹਰ ਨੌਕਰੀ ਕਰਦਾ ਹੈ। ਮੇਰੇ ਕੋਲੋਂ ਪੰਜ ਸੌ ਮੀਲ ਦੂਰ, ਉਸ ਨਾਲ ਭਲਾ ਮੇਰਾ ਕੀ ਗਿਲਾ।

ਹੁਣ ਸਾਲ ਦਾ ਅੰਤ ਆ ਗਿਆ ਸੀ। ਹੁਣ ਫੇਰ ਬਾਬੇ ਦੀ ਵਾਰੀ ਕਰਤਾਰੇ ਦੇ ਘਰ ਜਾਣ ਦੀ ਆ ਗਈ। ਬਾਬਾ ਬਾਰੂ ਅੰਦਰੋ-ਅੰਦਰੀ ਖੁਸ਼ ਹੋ ਰਿਹਾ ਸੀ। ਕਿਉਂਕਿ ਕਰਤਾਰੇ ਦੇ ਘਰ ਦੇ ਨਾਲ ਹੀ ਉਸ ਦਾ ਛੋਟਾ ਭਰਾ ਆਪਣੇ ਇਕਲੌਤੇ ਪੁੱਤਰ ਕੋਲ ਰਹਿੰਦਾ ਸੀ, ਜਿਸ ਨੂੰ ਕਿਸੇ ਬਟਵਾਰੇ ਦੀ ਲੋੜ ਨਹੀਂ ਸੀ ਸਤਾਉਂਦੀ। ਤੇ ਬਾਬਾ ਬਾਰੂ ਕਿੰਨਾ ਚਿਰ ਆਪਣੇ ਛੋਟੇ ਭਰਾ ਕੋਲ ਬੈਠਾ ਆਪਣਾ ਦੁਖ-ਸੁਖ ਫੋਲਦਾ ਰਹਿੰਦਾ ਸੀ।

### ਔਖੇ ਸ਼ਬਦਾਂ ਦੇ ਅਰਥ

| | |
|---|---|
| ਨੀਰੇ ਆਲੇ ਅੰਦਰ | :ਤੂੜੀ ਆਦਿ ਪਸ਼ੂਆਂ ਦੇ ਚਾਰੇ ਵਾਲੇ ਕਮਰੇ ਵਿੱਚ |
| ਡਾਹ | :ਵਿਛਾ |
| ਧੱਕਣ | :ਭੇਜਣ |
| ਤੰਦਾਂ | :ਝਮੇਲਿਆਂ, ਉਲਝਣਾਂ |
| ਰੁਖੀ-ਸੁਖੀ | :ਸਾਦੀ ਰੋਟੀ |
| ਭਾਰੀ | :ਬੋਝ |
| ਗਿਲਾ | :ਸ਼ਿਕਵਾ, ਨਰਾਜ਼ਗੀ |
| ਇਕਲੌਤੇ | :ਇਕੱਲੇ, ਇਕੋ ਇਕ |
| ਬਟਵਾਰੇ | :ਵੰਡ, ਹਿੱਸਿਆਂ ਵਿੱਚ ਵੰਡਣਾ |
| ਫੋਲਦਾ | :ਸਾਂਝਾ ਕਰਦਾ |

## ਟਿੱਪਣੀ

'ਦੁੱਧ ਤੇ ਪੁੱਤ' ਕਹਾਣੀ ਵਿੱਚ ਲੇਖਿਕਾ ਨੇ ਬਜ਼ੁਰਗ ਪਾਤਰ ਬਾਬੇ ਬਾਰੂ ਦੀ ਦੁੱਖ ਭਰੀ ਦਾਸਤਾਨ ਬਿਆਨ ਕੀਤੀ ਹੈ। ਉਸ ਦੇ ਪੰਜ ਪੁੱਤਰ—ਕਰਤਾਰਾ, ਪ੍ਰੀਤੂ, ਤਲੋਕਾ, ਦਿਆਲਾ ਤੇ ਬਾਹਰਲੇ ਦੇਸ ਰਹਿਣ ਵਾਲਾ ਪੁੱਤ ਸਨ। ਉਨ੍ਹਾਂ ਨੇ ਆਪਣੀ ਮਾਂ ਦੇ ਮਰਨ ਤੋਂ ਬਾਅਦ ਭੋਗ ਤੋਂ ਬਾਅਦ ਤਹਿ ਕੀਤਾ ਕਿ ਬਾਪੂ ਨੂੰ ਉਹ ਤਿੰਨ-ਤਿੰਨ ਮਹੀਨੇ ਆਪਣੇ-ਆਪਣੇ ਘਰ ਰੱਖਣਗੇ। ਬਾਪੂ ਦਾ ਮਨ ਆਪਣੇ ਜੱਦੀ ਘਰ ਇਕੋ ਪੁਤਰ ਕਰਤਾਰੇ ਕੋਲ ਰਹਿਣ ਨੂੰ ਕਰਦਾ ਹੈ। ਉਸ ਦੀਆਂ ਨੂੰਹਾਂ ਸਿਰਫ਼ ਇੱਕ ਨੂੰ ਛੱਡ ਕੇ ਗੱਲ-ਗੱਲ 'ਤੇ ਬਾਪੂ ਨੂੰ ਤਾਹਨੇ-ਮਿਹਣੇ

ਦਿੰਦੀਆਂ ਹਨ ਕਿ ਉਸ ਨੇ ਨਾ ਤਾਂ ਕੋਈ ਚੰਗੀ ਜ਼ਮੀਨ ਜਾਇਦਾਦ ਬਣਾਈ ਹੈ, ਅਤੇ ਨਾ ਹੀ ਸੋਨੇ ਦੇ ਗਹਿਣੇ ਉਨ੍ਹਾਂ ਨੂੰ ਵਿਰਾਸਤ ਵਿੱਚ ਦਿੱਤੇ ਹਨ। ਦੂਜੇ ਪਾਸੇ ਬਾਬੇ ਬਾਰੂ ਦੇ ਭਰਾ ਦਾ ਇੱਕੋ-ਇੱਕ ਪੁੱਤਰ ਹੈ ਜੋ ਆਪਣੇ ਮਾਪਿਆਂ ਦਾ ਆਗਿਆਕਾਰ ਪੁੱਤਰ ਹੈ। ਬਾਬਾ ਬਾਰੂ ਆਪਣੀ 80 ਸਾਲ ਦੀ ਉਮਰ ਵੱਲ ਦੇਖਕੇ ਕੋਸਦਾ ਹੈ ਕਿ ਸਮਾਂ ਕਿੰਨਾਂ ਬਦਲ ਗਿਆ ਹੈ। ਘਰਵਾਲੀ ਦੇ ਮਰਨ ਤੋਂ ਬਾਅਦ ਉਸ ਦੀ ਕਿੰਨੀ ਬੇਕਦਰੀ ਹੋ ਰਹੀ ਹੈ। ਜੋ ਆਪਣੇ ਪੁੱਤਰਾਂ 'ਤੇ ਬਹੁਤ ਮਾਣ ਕਰਦੀ ਸੀ।

ਕਹਾਣੀਕਾਰਾ ਬਚਿੰਤ ਕੌਰ ਇਸ ਕਹਾਣੀ ਰਾਹੀਂ ਇੱਕ ਸੰਦੇਸ਼ ਦੇ ਰਹੀ ਹੈ ਕਿ ਵੱਡੇ ਪਰਿਵਾਰ ਦੇ ਮਾਂ-ਬਾਪ ਆਪਣੇ ਬੱਚਿਆਂ ਨੂੰ ਕਦੇ ਬੋਝ ਨਹੀਂ ਸਮਝਦੇ ਸਨ। ਪਰ ਬੱਚੇ ਆਪਣੇ ਪਿਤਾ ਨੂੰ ਰੋਟੀ ਦੇਣ ਲਈ ਥਾਂ-ਥਾਂ ਭੇਜ ਦੇਣ ਲਈ ਮਜ਼ਬੂਰ ਕਰਦੇ ਹਨ। ਇਸ ਲਈ ਬਾਪੂ ਬਾਰੂ ਸੋਚਦਾ ਹੈ ਕਿ 'ਦੁੱਧ ਤੇ ਪੁੱਤ' ਫਿਟਣ ਲੱਗਿਆਂ ਕਦੇ ਦੇਰ ਨਹੀਂ ਲਾਉਂਦੇ। ਲੇਖਿਕਾ ਅਜਿਹੇ ਸਮਾਜ 'ਤੇ ਤਿੱਖਾ ਵਿਅੰਗ ਕਰਦੀ ਹੈ। ਇੱਥੇ ਪੈਸਾ ਭਾਰੂ ਹੋਣ ਕਰਕੇ ਨੈਤਿਕ ਕਦਰਾਂ-ਕੀਮਤਾਂ ਨੂੰ ਢਾਅ ਲੱਗ ਰਹੀ ਹੈ। ਮਾਪਿਆਂ ਦੀ ਬੇਕਦਰੀ ਕਹਾਣੀ ਦਾ ਮੁੱਖ ਵਿਸ਼ਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) 'ਦੁੱਧ ਤੇ ਪੁੱਤ' ਕਹਾਣੀ ਵਿੱਚ ਬਾਬੇ ਬਾਰੂ ਦੇ ਕਿੰਨੇ ਪੁੱਤਰ ਹਨ।

(ii) ਇਸ ਕਹਾਣੀ ਵਿੱਚ ਬਾਪੂ ਆਪਣੇ ਮਨ ਦੀ ਗੱਲ ਕਿਸ ਨੂੰ ਦਸਦਾ ਹੈ।

(iii) ਮਾਂ ਦੇ ਮਰਨ ਤੋਂ ਬਾਅਦ ਪੁੱਤਰਾਂ ਨੇ ਕੀ ਫ਼ੈਸਲਾ ਕੀਤਾ।

(iv) ਬਾਬੇ ਬਾਰੂ ਪ੍ਰਤੀ ਉਸ ਦੇ ਪ੍ਰੀਤੂ ਪੁੱਤਰ ਦਾ ਕਿਹੋ ਜਿਹਾ ਵਿਹਾਰ ਹੈ।

(v) ਇਸ ਕਹਾਣੀ ਦੇ ਸਿਰਲੇਖ ਤੋਂ ਕੀ ਭਾਵ ਹੈ।

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ :**

(i) ਤੁਸੀਂ ਆਪਣੇ ਮਾਪਿਆਂ ਲਈ ਕੀ ਕਰਨਾ ਚਾਹੁੰਦੇ ਹੋ। ਖੁੱਲ੍ਹ ਕੇ ਬਿਆਨ ਕਰੋ।

(ii) ਅੱਜ ਕੱਲ੍ਹ ਮਾਪਿਆਂ ਤੇ ਬੱਚਿਆਂ ਵਿੱਚ ਵਧ ਰਹੀ ਦੂਰੀ ਦੇ ਕਾਰਨ ਦੱਸੋ।

(iii) ਹੁਣ ਪਤੀ-ਪਤਨੀ ਤੇ ਬੱਚਿਆਂ ਦਾ ਇਕੱਠੇ ਰਹਿਣ ਦਾ ਰਿਵਾਜ਼ ਸ਼ੁਰੂ ਹੋ ਗਿਆ ਹੈ। ਇਸ ਮਾਹੌਲ ਵਿੱਚ ਬਜ਼ੁਰਗਾਂ ਦੀ ਹੋ ਰਹੀ ਬੇਕਦਰੀ ਉਪਰ ਰੌਸ਼ਨੀ ਪਾਉਂਦਾ ਇੱਕ ਲੇਖ ਲਿਖੋ।

(iv) ਨਵੀਂ ਤੇ ਆਪਣੀ ਪੀੜ੍ਹੀ ਵਿੱਚ ਨੇੜਤਾ ਲਿਆਉਣ ਲਈ ਸੁਝਾਅ ਦਿਉ।

(v) ਡਿਪਟੀ ਕਮਿਸ਼ਨਰ ਨੂੰ ਇੱਕ ਪੱਤਰ ਲਿਖ ਕੇ ਬਜ਼ੁਰਗਾਂ ਦੀ ਸੁਰੱਖਿਆ ਵਧਾਉਣ ਦੀ ਬੇਨਤੀ ਕਰੋ।

**ਅ. ਵਚਨ ਬਦਲੋ :**

(i) ਕੱਪੜਾ ...
(ii) ਬੱਚਾ ...
(iii) ਤਾਰਾ ...
(iv) ਗੱਲ ...
(v) ਮੰਜੀ ...
(vi) ਤਨਖਾਹ ...
(vii) ਬਿਸਤਰਾ ..
(viii) ਤੰਦ ...
(ix) ਜ਼ਮੀਨ ...
(x) ਚੋਣਵੀਂ ...

**ੲ. ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਦੇ ਵਾਕ ਬਣਾਉ :**

(i) ਉੱਤਰ ...
(ii) ਦਰ ...
(iii) ਫਲ ...
(iv) ਵੱਢੀ ...
(v) ਵੰਡ ...

**ਸ. ਹੇਠ ਲਿਖੇ ਵਾਕਾਂ ਵਿੱਚੋਂ ਲਕੀਰੇ ਕਿਰਿਆ ਵਿਸ਼ੇਸ਼ਣਾਂ ਦੀਆਂ ਕਿਸਮਾਂ ਦੱਸੋ :**

(i) ਉਸ ਦੀ ਇਹ ਗੱਲ ਸੋਲਾਂ ਆਨੇ ਠੀਕ ਸੀ।
(ii) ਤਲੋਕਾ ਅੰਦਰ ਹੀ ਬੈਠਾ ਸੀ।
(iii) ਪਿੰਡ ਵਿੱਚ ਸਾਡੇ ਕੋਲ ਥੋੜੀ ਜ਼ਮੀਨ ਹੈ।
(iv) ਉਸ ਦਾ ਪੰਜਵਾਂ ਪੁੱਤਰ ਨੌਕਰੀ ਲਈ ਦੂਰ ਗਿਆ ਹੋਇਆ ਸੀ।...
(v) ਗੱਲਾਂ ਕਰਦਾ ਕਰਦਾ ਉਹ ਅਚਨਚੇਤ ਰੋ ਪਿਆ।...

**ਹ. ਹੇਠ ਲਿਖੇ ਵਾਕਾਂ ਵਿਚੋਂ ਕਿਰਿਆ ਦੀ ਚੋਣ ਕਰੋ :**

(i) ਨੂੰਹ ਨੇ ਬਾਬੇ ਨੂੰ ਤਾਹਨੇ-ਮਿਹਣੇ ਦਿੱਤੇ। ...
(ii) ਪੁੱਤਰ ਨੇ ਪਿਤਾ ਨੂੰ ਪਾਣੀ ਪਿਆਇਆ। ...
(iii) ਬਾਬਾ ਤੂੰ ਸਾਰੀ ਉਮਰ ਸਾਡੇ ਲਈ ਕੁਝ ਨਹੀਂ ਬਣਾਇਆ। ...
(iv) ਪਤਨੀ ਦੇ ਮਰਨ ਮਗਰੋਂ ਬਾਬੇ ਦੀ ਦੇਖ-ਭਾਲ ਹੋਣੀ ਚਾਹੀਦੀ ਸੀ। ...
(v) ਬਾਬੇ ਨੇ ਪੁੱਤਰ ਨੂੰ ਅਸ਼ੀਰਵਾਦ ਦਿੱਤਾ। ...

**ਕ. ਹੇਠ ਲਿਖੇ ਵਾਕਾਂ ਨੂੰ ਵਰਤਮਾਨ ਕਾਲ ਵਿੱਚ ਬਦਲ ਕੇ ਲਿਖੋ :**

(i) ਵਿਦਿਆ ਹੁਣ ਉਸ ਨਾਲ ਖ਼ਾਸੀ ਔਖੀ ਹੋ ਕੇ ਬੋਲਦੀ ਸੀ।
(ii) ਕਰਤਾਰੇ ਨੇ ਬਾਪੂ ਨੂੰ ਪ੍ਰੀਤੂ ਦੇ ਘਰ ਜਾਣ ਲਈ ਕਹਿ ਦਿੱਤਾ ਸੀ।
(iii) ਬਾਬੇ ਦੀ ਗੱਲ ਸੋਲਾਂ ਆਨੇ ਠੀਕ ਸੀ।
(iv) ਤਲੋਕਾ ਬਾਪੂ ਦੇ ਬੁਢਾਪੇ ਨੂੰ ਰੁਲਦਾ ਨਹੀਂ ਦੇਖ ਸਕਦਾ ਸੀ।
(v) ਦਿਆਲੇ ਦੇ ਘਰ ਰੱਬ ਦਾ ਦਿੱਤਾ ਸਭ ਕੁਝ ਸੀ।

# ਕਿਰਤ ਦਾ ਸਤਿਕਾਰ

## ਡਾ. ਹਰਚਰਨ ਸਿੰਘ



### ਸ਼ਖ਼ਸੀਅਤ ਤੇ ਰਚਨਾ

ਡਾ. ਹਰਚਰਨ ਸਿੰਘ ਪੰਜਾਬੀ ਸਾਹਿਤ-ਜਗਤ ਦੇ ਪ੍ਰਸਿੱਧ ਨਾਟਕਕਾਰ ਹਨ। ਉਨ੍ਹਾਂ ਨੇ ਵੱਡੀ ਗਿਣਤੀ ਵਿੱਚ ਇਕਾਂਗੀ ਲਿਖੇ ਹਨ। ਉਨ੍ਹਾਂ ਦੇ ਪ੍ਰਸਿੱਧ ਇਕਾਂਗੀ ਸੰਗ੍ਰਹਿ ਹਨ—'ਸਪਤ ਰਿਸ਼ੀ', 'ਪੰਜ ਗੀਟੜਾ', 'ਮੁੜਕੇ ਦੀ ਖ਼ੁਸ਼ਬੋ' ਤੇ 'ਪੰਚ ਪ੍ਰਧਾਨ'। ਉਨ੍ਹਾਂ ਨੇ ਬਹੁਤ ਸਾਰੇ ਨਾਟਕ ਵੀ ਲਿਖੇ ਹਨ। ਉਨ੍ਹਾਂ ਨੇ ਪਹਿਲੀ ਵਾਰੀ ਆਪਣੀ ਧਰਮ ਪਤਨੀ ਧਰਮ ਕੌਰ ਤੋਂ ਅਭਿਨੈ ਕਰਵਾਇਆ। ਇਸ ਨਾਲ ਪੰਜਾਬੀ ਨਾਟਕਾਂ ਵਿੱਚ ਇਸਤਰੀ-ਪਾਤਰ ਦੀ ਸਮੱਸਿਆ ਦਾ ਹੱਲ ਵੀ ਹੋ ਗਿਆ। ਉਨ੍ਹਾਂ ਦੇ ਨਾਟਕਾਂ ਦੇ ਵਿਸ਼ੇ ਆਮ ਤੌਰ 'ਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਸੰਬੰਧਤ ਹੁੰਦੇ ਹਨ।

### ਕਿਰਤ ਦਾ ਸਤਿਕਾਰ

ਸਮਾਂ : ਸੰਨ 1955

ਸਥਾਨ : ਦਿੱਲੀ ਦੀ ਇੱਕ ਬਸਤੀ

ਵੇਲਾ : ਸਵੇਰੇ 10 ਵਜੇ

ਝਾਂਕੀ : ਦਿੱਲੀ ਦਾ ਇੱਕ ਬੱਸ ਅੱਡਾ। ਤਿੰਨ ਬੰਦੇ ਅਤੇ ਇੱਕ ਇਸਤਰੀ ਬੱਸ ਦੀ ਉਡੀਕ ਵਿੱਚ ਖੜ੍ਹੇ ਹਨ। ਉਨ੍ਹਾਂ ਵਿੱਚੋਂ ਇੱਕ ਮੋਟਾ ਭਾਰਾ ਸੇਠ ਹੈ, ਜਿਸ ਨੇ ਦੁੱਧ-ਚਿੱਟੀ ਟੋਪੀ ਅਤੇ ਸ਼ੁੱਧ ਖੱਦਰ ਦੇ ਕੱਪੜੇ ਪਾਏ ਹੋਏ ਹਨ। ਉਹ ਕੁਝ ਕਾਹਲ ਤੇ ਘਬਰਾਹਟ ਵਿੱਚ ਜਾਪਦਾ ਹੈ। ਉਸ ਦੇ ਨਾਲ ਉਸ ਦਾ ਮੁਨਸ਼ੀ ਹੈ। ਤੀਜਾ ਕੇਸਰ ਨਾਂ ਦਾ ਇੱਕ ਬੰਦਾ ਹੈ, ਜੋ ਗੱਲਾਂ ਤੋਂ ਖੁੱਲ੍ਹੇ ਸੁਭਾਅ ਦਾ ਪ੍ਰਤੀਤ ਹੁੰਦਾ ਹੈ। ਇਹ ਉਨ੍ਹਾਂ ਥੋੜ੍ਹੇ ਬੰਦਿਆਂ ਵਿੱਚੋਂ ਹੈ, ਜੋ ਜ਼ਿੰਦਗੀ ਦਾ ਹਰ ਪਲ ਹੱਸ ਤੁਸ ਕੇ ਗੁਜ਼ਾਰਦੇ

**ਔਖੇ ਸ਼ਬਦਾਂ ਦੇ ਅਰਥ**

ਕਾਹਲ : ਤੇਜੀ ਵਿੱਚ

ਮੁਨਸ਼ੀ : ਹਿਸਾਬ ਰੱਖਣ ਵਾਲਾ, ਅਕਾਊਂਟੈਂਟ

ਹੱਸ ਤੁਸ : ਮੁਸ਼ਕਲਾਂ ਨਾਲ

ਹਨ। ਆਧੁਨਿਕ ਰੰਗ-ਢੰਗ ਦੀ ਇਸਤਰੀ ਵੀ ਹਾਸੇ ਮਖੌਲ ਨੂੰ ਬੁਰਾ ਨਹੀਂ ਸਮਝਦੀ।

ਸਵਾਰੀ : *(ਸਾਹੋ ਸਾਹ)* ਆਹ ਬੱਸ ਕਿਹੜੇ ਨੰਬਰ ਦੀ ਸੀ ?

ਕੇਸਰ : ਤੁਹਾਨੂੰ ਕਿਹੜੀ ਚਾਹੀਦੀ ਸੀ ?

ਸਵਾਰੀ : ਤੇਰਾਂ ਨੰਬਰ ਦੀ।

ਕੇਸਰ : ਬੱਸ ਓਹੀ ਸੀ, ਐਧਰ ਆ ਜਾਓ ਕਤਾਰ ਵਿੱਚ, ਸਾਹ ਕੱਢ ਲਓ।

ਸਵਾਰੀ : ਵੇਖੋ ਜੀ, ਕਿੰਨਾ ਜ਼ਰੂਰੀ ਕੰਮ ਸੀ।

ਸੇਠ : ਜਨਾਬ, ਅਸੀਂ ਤਾਂ ਤੁਹਾਡੇ ਨਾਲੋਂ ਵੀ ਕਾਹਲੇ ਆਂ। ਸਾਡਾ ਹਜ਼ਾਰਾਂ ਦਾ ਨੁਕਸਾਨ ਹੋ ਰਿਹਾ ਏ।

ਕੇਸਰ : ਸੇਠ ਸਾਹਬ ਤਾਂ ਭੁੰਜੇ ਲੱਥੇ ਹੋਏ ਨੇ। ਵੇਖਦਾ ਨਹੀਂ ਵਿਚਾਰੇ ਕਿੰਨੇ ਬੇਚੈਨ ਨੇ। ਇਨ੍ਹਾਂ ਦੀ ਧੋਤੀ ਪੈਰ ਵਿੱਚ ਅੜ ਗਈ ਨਹੀਂ ਤਾਂ ਇਨ੍ਹਾਂ ਨੇ ਕੰਡਕਟਰ ਉੱਤੇ ਹੀ ਚੜ੍ਹ ਜਾਣਾ ਸੀ।

ਸੇਠ : ਤੁਹਾਨੂੰ ਗੱਲਾਂ ਸੁੱਝਦੀਆਂ ਨੇ। ਕੰਮ ਕੋਈ ਨਹੀਂ ਨਾ ਹੋਣਾ।

ਕੇਸਰ : ਸੇਠ ਜੀ, ਬੱਸ ਨੇ ਆਪਣੇ ਟਾਈਮ 'ਤੇ ਆਉਣਾ, ਘਬਰਾਉਣ ਨਾਲ ਛੇਤੀ ਨਹੀਂ ਆ ਜਾਣਾ।

ਸੇਠ : ਜਨਾਬ, ਅਸੀਂ ਤਾਂ ਤੁਹਾਡੇ ਨਾਲੋਂ ਵੀ ਕਾਹਲੇ ਆਂ। ਸਾਡਾ ਹਜ਼ਾਰਾਂ ਦਾ ਨੁਕਸਾਨ ਹੋ ਰਿਹਾ ਏ।

ਸਵਾਰੀ : ਅਗਲੀ ਬੱਸ ਕਦੋਂ ਕੁ ਆਵੇਗੀ ?

ਕੇਸਰ : ਕੋਈ ਨਿਸ਼ਚਿਤ ਸਮਾਂ ਨਹੀਂ।

ਇਸਤਰੀ : ਸ਼੍ਰੀਮਾਨ ਜੀ, ਘਬਰਾਓ ਨਾ, ਬਾਬੂ ਲੋਕ ਸਭ ਆਪੋ-ਆਪਣੇ ਦਫ਼ਤਰਾਂ ਵਿੱਚ ਚਲੇ ਗਏ ਨੇ, ਹੁਣ ਸਾਡੀ ਈ ਵਾਰੀ ਏ।

ਕੇਸਰ : ਬੀਬੀ ਜੀ, ਤੁਹਾਡੇ ਹੁੰਦਿਆਂ ਘਬਰਾਹਟ ਕਿੱਦਾਂ ਹੋ ਸਕਦੀ ਏ। ਜਿਥੇ ਜਨਾਨੀ ਹੋਵੇ ਇਉਂ ਲਗਦਾ, ਜਿਵੇਂ ਪਰਵਾਰ ਵਿੱਚ ਬੈਠੇ ਹੁੰਦੇ ਆਂ। ਮੈਂ ਤਾਂ ਕਹਿੰਦਾ ਭਾਵੇਂ ਸ਼ਾਮ ਤੱਕ ਨਾ ਆਵੇ।

ਸੇਠ : ਕੀ ਕਿਹਾ, ਸ਼ਾਮ ਤੱਕ ਨਹੀਂ ਆਉਣੀ ?

ਕੇਸਰ : ਸੇਠ ਜੀ, ਜੇ ਤੁਹਾਨੂੰ ਬਹੁਤ ਕਾਹਲੀ ਏ, ਤਾਂ ਟੈਕਸੀ ਕਿਉਂ ਨਹੀਂ ਕਰ ਲੈਂਦੇ।

ਸੇਠ : ਭਾਈ ਸਾਹਬ, ਜੇ ਅਸੀਂ ਰੋਜ਼ ਟੈਕਸੀਆਂ 'ਤੇ ਚੜ੍ਹੀਏ ਤਾਂ ਫੇਰ ਖਟੀਆਂ ਕਿਵੇਂ ਖਟੀਏ।

ਕੇਸਰ : ਸੇਠ ਸਾਹਬ ਤਾਂ ਇਸ ਅਸੂਲ ਦੇ ਕਾਇਲ ਨੇ—ਚਮੜੀ ਜਾਏ ਪਰ ਦਮੜੀ ਨਾ ਜਾਏ।

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਮਖੌਲ | :ਮਜ਼ਾਕ |
| ਕਤਾਰ | :ਪੰਕਤੀ (ਲਾਈਨ) |
| ਕਾਹਲੇ | :ਜਲਦੀ ਵਿੱਚ |
| ਭੁੰਜੇ ਲੱਥੇ | :ਪਰੇਸ਼ਾਨ ਹੋਣਾ |
| ਅੜ | :ਅਟਕ ਜਾਣਾ |
| ਖਟੀਆਂ | :ਕਮਾਈਆਂ |
| ਖਟੀਏ | :ਕਮਾਈਏ |
| ਕਾਇਲ | :ਮੰਨਣ ਵਾਲੇ |
| ਦਮੜੀ | :ਪੈਸਾ |

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਜਾਨ ਮਾਰਕੇ | :ਮਿਹਨਤ ਕਰਕੇ |
| ਬਹੁੜਿਆ | :ਆਇਆ |
| ਉਡੀਕ | :ਇੰਤਜ਼ਾਰ |
| ਆਹਰੇ | :ਕੰਮ-ਧੰਦੇ |
| ਲਿਸ਼-ਲਿਸ਼ | :ਚਮਕਣ |
| ਗੂਠੇ | :ਅੰਗੂਠੇ |
| ਦੂਣ ਸਵਾਇਆ | :ਦੁਗਣਾ, ਵਧਣਾ |

ਸੇਠ : ਭਾਈ ਸਾਹਬ, ਜਾਨ ਮਾਰ ਕੇ ਪੈਸਾ ਕਮਾਈਦਾ ਏ।

ਕੇਸਰ : ਦੂਜੇ ਦੀ ਜਾਨ ਮਾਰ ਕੇ ਕਿ ਆਪਣੀ ?
*(ਸਾਰੇ ਹੱਸ ਪੈਂਦੇ ਹਨ)*

ਸੇਠ : ਕੋਈ ਨਹੀਂ ਜਾਨ ਮਾਰਦਾ ਅੱਜ-ਕਲ੍ਹ ਕਿਸੇ ਖਾਤਰ। ਲੋਕ ਬੜੇ ਸਿਆਣੇ ਹੋ ਗਏ ਨੇ।

ਮੁੰਡਾ : ਬੂਟ ਪਾਲਸ਼ ਕਰਵਾ ਲਵੋ, ਬਾਬੂ ਜੀ ਬੂਟ ਪਾਲਸ਼।

ਕੇਸਰ : ਲੈ ਪਈ ਤੂੰ ਚੰਗਾ ਵੇਲੇ ਸਿਰ ਬਹੁੜਿਆ ਏਂ।

ਇਸਤਰੀ : ਇਹ ਬੜੇ ਹੁਸ਼ਿਆਰ ਹੁੰਦੇ ਨੇ, ਜਿਥੇ ਲੋਕੀ ਉਡੀਕ ਵਿੱਚ ਹੋਣ ਉਥੇ ਜ਼ਰੂਰ ਪੁੱਜਦੇ ਨੇ।

ਕੇਸਰ : ਚੰਗਾ ਸਗੋਂ ਵਿਹਲੇ ਬੰਦਿਆਂ ਨੂੰ ਆਹਰੇ ਲਾਈ ਰੱਖਦੇ ਨੇ। ਉਡੀਕ ਮਹਿਸੂਸ ਨਹੀਂ ਹੋਣ ਦਿੰਦੇ।

ਮੁੰਡਾ : ਬੀਬੀ ਜੀ, ਸੈਂਡਲ ਪਾਲਸ਼ ਕਰਵਾ ਲਓ, ਲਿਸ਼-ਲਿਸ਼ ਕਰਨ ਲੱਗ ਪੈਣਗੇ।

ਇਸਤਰੀ : ਕਿੰਨੇ ਪੈਸੇ ਲਵੇਂਗਾ ?

ਮੁੰਡਾ : ਜੋ ਮਰਜ਼ੀ ਦੇ ਦੇਣਾ।

ਇਸਤਰੀ : ਪਹਿਲੋਂ ਦੱਸ, ਤੁਸੀਂ ਲੋਕ ਪਿੱਛੋਂ ਝਗੜਾ ਕਰਦੇ ਓ।

ਮੁੰਡਾ : ਸਾਰੇ ਇੱਕੋ ਜਿਹੇ ਨਹੀਂ ਹੁੰਦੇ ਬੀਬੀ ਜੀ।

ਕੇਸਰ : ਇਨ੍ਹਾਂ ਦੀ ਸੈਂਡਲ ਅੱਧੀ ਸਵਾਰੀ ਏ। ਚਮੜੇ ਵੱਲ ਤਾਂ ਦੇਖ ਜ਼ਰਾ ਕੁ ਅੱਡੀ ਕੋਲ ਏ ਜਾਂ ਫੇਰ ਥੋੜ੍ਹਾ ਜਿਹਾ ਗੂਠੇ ਪਾਸ।

ਸੇਠ : ਸਾਰਾ ਪੈਰ ਨੰਗਾ ਰਹਿੰਦਾ ਏ। (ਚੋਰ ਅੱਖ ਨਾਲ ਇਸਤਰੀ ਵੱਲ ਵੇਖਦਾ ਹੈ।)

ਕੇਸਰ : ਭੈਣ ਜੀ, ਇਨ੍ਹਾਂ ਪੈਸੇ ਧੇਲੇ ਨੂੰ ਹਵਾ ਨਹੀਂ ਲੱਗਣ ਦੇਣੀ।

ਸੇਠ : ਭਲਿਆ ਲੋਕਾ ਪੈਸਾ ਕੋਲ ਰੱਖੀਦਾ ਹੀ ਨਹੀਂ ਸਭ ਬਿਜਨੈਸ 'ਤੇ ਲਾ ਛਡੀਦਾ ਏ।

ਕੇਸਰ : ਅੰਦਰੋਂ ਅੰਦਰੀ ਦੂਣ ਸਵਾਇਆ ਹੁੰਦਾ ਰਹਿੰਦਾ ਏ।

ਸੇਠ : ਆਖ਼ਰ ਪੈਸੇ ਨੇ ਹੀ ਪੈਸੇ ਨੂੰ ਕਮਾਉਣਾ ਏਂ।

ਇਸਤਰੀ : *(ਪੈਰ ਅੱਗੇ ਕਰਦੀ ਹੋਈ)* ਬਹੁਤ ਚੰਗਾ ਪਾਲਸ਼ ਕਰਦਾ ਏਂ। ਦੇਖੋ ਮੂੰਹ ਵਿਚੋਂ ਦਿਸਣ ਲੱਗ ਪਿਆ ਏ।



ਕੇਸਰ : ਸ਼ੀਸ਼ਾ ਤਾਂ ਮਿਲ ਈ ਗਿਆ ਏ। ਤੁਸੀਂ ਹੁਣ ਮੇਕਅਪ ਸ਼ੁਰੂ ਕਰ ਦਿਓ। *(ਸਾਰੇ ਹੱਸ ਪੈਂਦੇ ਹਨ। ਇਸਤਰੀ ਵੀ ਕੇਸਰ ਵੱਲ ਵੇਖ ਕੇ ਮੁਸਕਰਾਉਂਦੀ ਹੈ)*

ਇਸਤਰੀ : ਬਹੁਤ ਮਿਹਨਤੀ ਮੁੰਡਾ ਏ। ਕਿੰਨੇ ਕੁ ਪੈਸੇ ਕਮਾ ਲੈਂਦਾ ਏਂ ?

ਮੁੰਡਾ : ਇਹੋ ਜੀ ਰੁਪਿਆ-ਧੇਲੀ।

ਇਸਤਰੀ : ਬਸ।

ਮੁੰਡਾ : ਮੈਂ ਬਹੁਤਾ ਲਾਲਚ ਨਹੀਂ ਕਰਦਾ ਜੀ, ਬਸ ਫੀਸ 'ਤੇ ਕਿਤਾਬਾਂ ਜੋਗੇ ਕਮਾ ਲੈਂਦਾ ਹਾਂ। ਰੋਟੀ ਜੋਗੇ ਮਾਂ ਕੱਪੜੇ ਸਿਉਂ ਕੇ ਕਮਾ ਲੈਂਦੀ ਏ।

ਇਸਤਰੀ : *(ਹਮਦਰਦੀ ਨਾਲ)* ਤੇਰਾ ਪਿਉ ਕੋਈ ਨਹੀਂ ?

ਮੁੰਡਾ : ਨਹੀਂ ਜੀ ਪਾਕਿਸਤਾਨ ਸਮੇਂ ਕਤਲ ਹੋ ਗਿਆ ਸੀ।

ਕੇਸਰ : ਬਹੁਤ ਸਮਝਦਾਰ ਲੜਕਾ ਏ।

ਇਸਤਰੀ : ਕਿਹੜੀ ਜਮਾਤ ਵਿੱਚ ਪੜ੍ਹਦਾ ਏਂ।

ਮੁੰਡਾ : ਨੌਵੀਂ ਜਮਾਤ ਵਿੱਚ ਜੀ।

ਇਸਤਰੀ : ਕਿਹੜੇ ਸਕੂਲ ਵਿੱਚ।

ਮੁੰਡਾ : *(ਹੱਥ ਨਾਲ ਇਸ਼ਾਰਾ ਕਰਕੇ)* ਔਹ ਏ ਜੀ ਸਾਹਮਣੇ ਸਕੂਲ।

ਇਸਤਰੀ : ਤੂੰ ਫ਼ੀਸ ਮਾਫ਼ ਕਰਵਾ ਲੈਣੀ ਸੀ।

ਮੁੰਡਾ : ਅਰਜ਼ੀ ਦਿੱਤੀ ਹੋਈ ਏ ਪਹਿਲਾਂ ਤਾਂ ਮਾਫ਼ ਸੀ।

ਕੇਸਰ : ਬੜਾ ਉਦਮੀ ਲੜਕਾ ਏ।

ਮੁੰਡਾ : ਬਾਹਰਲੇ ਮੁਲਕਾਂ ਵਿੱਚ ਵਿਦਿਆਰਥੀ ਆਪ ਕਮਾ ਕੇ ਪੜ੍ਹਦੇ ਨੇ। ਬੀਬੀ ਜੀ, ਸਾਡੇ ਦੇਸ ਵਿੱਚ ਅਜੇ ਕੰਮ ਦਾ ਸਤਿਕਾਰ ਨਹੀਂ।

ਇਸਤਰੀ : ਤੇਰੇ ਵਰਗੇ ਹੋਣਹਾਰ ਬੱਚੇ ਜ਼ਰੂਰ ਕਰ ਦੇਣਗੇ ਇਥੇ ਵੀ, ਸ਼ਾਬਾਸ਼।

ਮੁੰਡਾ : ਲਓ ਦੇਖ ਲਓ ਬੀਬੀ ਜੀ।

ਇਸਤਰੀ : *(ਪਰਸ ਵਿੱਚੋਂ ਪੈਸੇ ਕੱਢ ਕੇ)* ਆਹ ਲੈ ਦੁਆਨੀ।

ਮੁੰਡਾ : ਮਿਹਰਬਾਨੀ ਜੀ।

ਇਸਤਰੀ : ਮਿਹਰਬਾਨੀ ਕਿਹੜੀ ਗੱਲ ਦੀ, ਤੂੰ ਕੰਮ ਕਰਕੇ ਪੈਸੇ ਕਮਾਏ ਨੇ।

ਸੇਠ : ਹੈਂ ! ਦੁਆਨੀ ! ਬੀਬੀ ਜੀ ਤੁਸੀਂ ਤਾਂ ਭਾਅ ਵਿਗਾੜ ਦਿੱਤਾ ਏ। ਮੈਂ ਆਪ ਬੂਟ ਪਾਲਸ਼ ਕਰਵਾਣੇ ਸਨ।

ਇਸਤਰੀ : ਸੇਠ ਜੀ, ਦਿਲ ਵੱਡਾ ਰੱਖਣਾ ਚਾਹੀਦਾ ਏ।

ਕੇਸਰ : ਦਿਲ ਹੈ ਈ ਕਿੱਥੇ, ਚਰਬੀ ਵਿੱਚ ਸਾਰਾ ਲੁਕਿਆ ਪਿਆ ਏ।

ਮੁੰਡਾ : ਸੇਠ ਜੀ, ਪੈਰ ਅੱਗੇ ਕਰੋ, ਜੋ ਮਰਜ਼ੀ ਦੇ ਦੇਣਾ। *(ਸੇਠ ਦੇ ਬੂਟਾਂ ਨੂੰ ਹੱਥ ਲਾਉਂਦਾ ਹੈ)*

**ਔਖੇ ਸ਼ਬਦਾਂ ਦੇ ਅਰਥ**

ਧੇਲੀ : ਅਠੱਨੀ (ਪੰਜਾਹ ਪੈਸੇ)
ਜੋਗੇ : ਗੁਜ਼ਾਰੇ ਲਾਇਕ
ਸਿਉਂ : ਸਿਲਾਈ
ਅਰਜ਼ੀ : ਬਿਨੇ-ਪੱਤਰ
ਉਦਮੀ : ਹਿੰਮਤੀ
ਮੁਲਕਾਂ : ਦੇਸਾਂ
ਦੁਆਨੀ : ਦੋ ਆਨੇ (ਰੁਪਏ ਦਾ ਅੱਠਵਾਂ ਹਿੱਸਾ, ਇੱਕ ਆਨੇ ਵਿੱਚ ਛੇ ਪੈਸੇ ਹੁੰਦੇ ਹਨ)
ਭਾਅ : ਕੀਮਤ, ਮੁੱਲ
ਚਰਬੀ : ਮਾਸ

### ਔਖੇ ਸ਼ਬਦਾਂ ਦੇ ਅਰਥ

| | |
|---|---|
| ਜੋੜੇ | :ਬੂਟ, ਜੁੱਤੀ |
| ਲੱਥਦੇ | :ਉਤਰਦੇ |
| ਹੱਥੀਂ | :ਹੱਥਾਂ ਨਾਲ |
| ਨਿਰਮਲ | :ਸਾਫ਼ |
| ਹਿਰਦਾ | :ਦਿਲ |
| ਰੋਕੜੀ | :ਰਕਮ, ਪੈਸੇ |
| ਨੜਿਨਵੇਂ ਦੇ ਗੇੜ | :ਚੁਰਾਸੀ ਦੇ ਗੇੜ, ਸੋਚਾਂ |
| ਝੱਗੇ ਵਿਚੋਂ | :ਕੁੜਤੇ ਦੀ ਜੇਬ ਵਿੱਚੋਂ |
| ਕੰਟਰੋਲ | :ਕੀਮਤ ਤੈਅ ਹੋ ਜਾਣੀ |
| ਛਣਕਦੇ | :ਖਾਲੀ ਜਾਂ ਕੰਗਾਲ ਹੋ ਜਾਈਏ |
| ਕਾਮੇ | :ਕੰਮ ਕਰਨ ਵਾਲੇ |
| ਮਜ਼ੂਰੀ | :ਮਜ਼ਦੂਰੀ |
| ਮੰਗਤੇ | :ਭਿਖਾਰੀ |

ਸੇਠ : *(ਪੈਰ ਪਿੱਛੇ ਹਟਾ ਕੇ)* ਹਟ, ਪੈਰਾਂ ਨੂੰ ਹੱਥ ਨਾ ਲਾ, ਪਾਪ ਚੜ੍ਹਦਾ ਏ।

ਮੁੰਡਾ : ਸੇਠ ਜੀ, ਜੋੜੇ ਸਾਫ਼ ਕਰਨ ਨਾਲ ਸਗੋਂ ਪਾਪ ਲੱਥਦੇ ਨੇ। ਮਨ ਵਿੱਚ ਨਿਮਰਤਾ ਵਸਦੀ ਏ। ਗੁਰਦਵਾਰੇ, ਮੰਦਰ ਨਹੀਂ ਜਾਂਦੇ ਤੁਸੀਂ ?

ਸੇਠ : ਜਿਹੜੇ ਪਾਪ ਕਰਦੇ ਨੇ ਉਹੋ ਮੰਦਰ-ਗੁਰਦਵਾਰੇ ਜਾਂਦੇ ਨੇ ਪਾਪ ਬਖਸ਼ਾਉਣ।

ਮੁੰਡਾ : ਸੇਠ ਜੀ ਹੱਥੀਂ ਕੰਮ ਕੀਤੇ ਬਿਨਾਂ ਮਨ ਨਿਰਮਲ ਤੇ ਹਿਰਦਾ ਸ਼ੁੱਧ ਨਹੀਂ ਹੋ ਸਕਦਾ।

ਇਸਤਰੀ : ਕਿੰਨਾਂ ਸਮਝਦਾਰ ਲੜਕਾ ਹੈ।

ਕੇਸਰ : ਸੇਠ ਜੀ, ਕਰ ਦਿਓ ਪੈਰ ਅੱਗੇ ਕਿਹੜੀ ਰੋਕੜੀ ਖਰਚ ਹੋਣ ਲੱਗੀ ਏ।

ਸੇਠ : ਤੂੰ ਪਹਿਲੋਂ ਇਨ੍ਹਾਂ ਦੇ ਪਾਲਸ਼ ਕਰ ਦੇ ਮੈਂ ਸੋਚ ਲਵਾਂ।

ਕੇਸਰ : ਸੇਠ ਜੀ, ਤੁਸੀਂ ਕਿਹੜੇ ਨੜਿਨਵੇਂ ਦੇ ਗੇੜ ਵਿੱਚ ਪੈ ਗਏ ਓ। ਝੱਗੇ ਵਿੱਚੋਂ ਇੱਕ ਦੁਆਨੀ ਦੇਣੀ ਪੈਣੀ ਏਂ।

ਸੇਠ : ਦੁਆਨੀ ? ਚਾਂਦਨੀ ਚੌਕ ਵਿੱਚ ਮੈਂ ਰੋਜ਼ ਦੋ ਪੈਸੇ ਦੇ ਕਰਵਾਉਨਾ ਵਾਂ।

ਕੇਸਰ : ਪਰ ਤੁਹਾਡੇ ਬੂਟ ਪਾਲਸ਼ ਹੋਇਆਂ ਨੂੰ ਤਾਂ ਮਹੀਨਾ ਹੋ ਗਿਆ ਲਗਦਾ ਏ।

ਮੁੰਡਾ : ਸੇਠ ਜੀ, ਦੁਆਨੀ ਦੀ ਤੇ ਪਾਲਸ਼ ਈ ਲਗ ਜਾਣੀ ਏ।

ਸੇਠ : ਦੋ ਪੈਸੇ ਲੈਣੇ ਨੇ ਤਾਂ ਕਰ ਦੇ, ਨਹੀਂ ਤਾਂ ਮੌਜ ਕਰ।

ਕੇਸਰ : ਸੇਠ ਜੀ, ਹੁਣ ਤਾਂ ਕੰਟਰੋਲ ਬਣ ਗਿਆ ਏ, ਦੁਆਨੀ ਈ ਦੇਣੀ ਪਊ।

ਸੇਠ : ਫੇਰ ਤੁਸੀਂ ਕਿਉਂ ਨਹੀਂ ਕਰਵਾਉਂਦੇ ?

ਕੇਸਰ : ਅਸੀਂ ਤੁਹਾਡੇ ਵਾਂਗ ਸੋਚਾਂ ਥੋੜਾ ਸੋਚਣੀਆਂ ਨੇ, ਲੈ ਪਈ ਪਹਿਲੋਂ ਮੇਰੇ ਕਰ ਦੇ।

ਮੁੰਡਾ : ਇੱਥੇ ਰੱਖੋ ਜੀ।

ਸੇਠ : ਜੇ ਅਸੀਂ ਲੋਕ ਤੁਹਾਡੇ ਵਾਂਗ ਫ਼ਜ਼ੂਰ ਖਰਚੀ ਕਰੀਏ, ਫੇਰ ਤਾਂ ਛਣਕਦੇ ਫਿਰੀਏ।

ਮੁੰਡਾ : ਸੇਠ ਜੀ ਗੁੱਸਾ ਨਾ ਕਰਨਾ, ਤੁਸੀਂ ਲੋਕ ਧਰਮ ਪਿੱਛੇ ਦਾਨ ਕਰ ਦਿੰਦੇ ਓ, ਪਰ ਇੱਕ ਕਾਮੇ ਨੂੰ ਉਹਦੀ ਮਜ਼ੂਰੀ ਨਹੀਂ ਦੇ ਸਕਦੇ।

ਸੇਠ : ਓਇ, ਤੂੰ ਬੂਟ ਪਾਲਸ਼ ਕਰਦਾ ਏਂ ਕਿ ਬਹਿਸ।

ਇਸਤਰੀ : ਸੇਠ ਜੀ, ਸੱਚੀ ਗੱਲ ਦਾ ਗੁੱਸਾ ਨਾ ਕਰੋ। ਤੁਸੀਂ ਲੋਕ ਦਾਨ ਪੁੰਨ ਕਰਕੇ ਮੰਗਤੇ ਪੈਦਾ ਕਰਦੇ ਓ, ਪਰ ਇੱਕ ਮਜ਼ਦੂਰ ਨੂੰ ਉਹਦੀ ਮਜ਼ਦੂਰੀ ਦੇਣ ਨੂੰ ਤਿਆਰ ਨਹੀਂ ਓ।

| | |
|---|---|
| ਮੁੰਡਾ | : ਸੇਠ ਜੀ, ਇਹ ਕੰਮ ਮੰਗਣ ਨਾਲੋਂ ਹਜ਼ਾਰ ਦਰਜੇ ਚੰਗਾ ਏ। *(ਸੇਠ ਗੁੱਸੇ ਨਾਲ ਮੂੰਹ ਦੂਜੇ ਪਾਸੇ ਕਰਕੇ ਖੜ੍ਹਾ ਹੋ ਜਾਂਦਾ ਹੈ)* |
| ਕੇਸਰ | : ਸੇਠ ਜੀ, ਐਧਰ ਦੇਖੋ ਜ਼ਰਾ, ਕਿਵੇਂ ਸ਼ੀਸ਼ੇ ਵਾਂਗ ਚਮਕਣ ਲੱਗ ਪਏ ਨੇ, ਤੁਹਾਡੀ ਟੋਪੀ ਇਸ ਵਿੱਚੋਂ ਸਾਫ ਦਿੱਸਣ ਲੱਗ ਪਈ ਏ। |
| ਸੇਠ | : *(ਜ਼ਰਾ ਹੌਲੀ)* ਕਿੱਥੇ ਮੂਰਖਾਂ ਨਾਲ ਵਾਹ ਪੈ ਗਿਆ। |
| ਕੇਸਰ | : *(ਸੁਣਨ ਪਿੱਛੋਂ ਵਿਅੰਗ ਨਾਲ)* ਸੇਠ ਜੀ ਨੇ ਜ਼ਰੂਰ 1947 ਤੋਂ ਬਾਅਦ ਟੋਪੀ ਪਾਉਣੀ ਸ਼ੁਰੂ ਕੀਤੀ ਹੋਵੇਗੀ। ਚੰਗਾ ਅਸੂਲ ਏ, ਗੰਗਾ ਗਏ ਤਾਂ ਗੰਗਾ ਦਾਸ, ਜਮਨਾ ਗਏ ਤਾਂ ਜਮਨਾ ਦਾਸ। |
| ਸੇਠ | : ਭਲਿਆ ਲੋਕਾ, ਇਸ ਟੋਪੀ ਦੀ ਖ਼ੈਰ-ਖ਼ੈਰੀਅਤ ਨਾਲ ਹੀ ਤਾਂ ਸਾਰੇ ਵਪਾਰ ਫਲਦੇ ਨੇ ਅੱਜ-ਕੱਲ੍ਹ। |
| ਕੇਸਰ | : ਸੇਠ ਜੀ ਇਸ ਟੋਪੀ ਨਾਲ ਤੁਸੀਂ ਪੂਰੇ ਦੇਸ-ਭਗਤ ਲੱਗਦੇ ਓ। |
| ਮੁੰਡਾ | : ਦੇਖ ਲਓ ਜੀ ਬੂਟ। |
| ਕੇਸਰ | : ਬਹੁਤ ਖੂਬ ! ਲੈ ਫੜ ਦੁਆਨੀ। |
| ਮੁੰਡਾ | : ਸ਼ੁਕਰੀਆ ! ਤੁਸੀਂ ਵੀ ਕਰਵਾ ਲਓ ਸੇਠ ਜੀ। |
| ਸੇਠ | : ਓਹ ਸ਼ਾਇਦ ਬਸ ਆ ਗਈ ਏ। |
| ਮੁੰਡਾ | : ਦੇਖ ਲਓ ਜੀ ਬੂਟ। |
| ਕੇਸਰ | : ਉਹ ਤਾਂ ਟਰੱਕ ਏ ਸੇਠ ਜੀ ! ਕਰਾ ਲਓ ਬੂਟ ਨਾਲੇ ਲੜਕੇ ਦੀ ਮਦਦ ਹੋ ਜਾਵੇਗੀ। |
| ਸੇਠ | : ਕਿਉਂ ਪਈ ਪੁਗਦਾ ਈ ਸੌਦਾ। |
| ਕੇਸਰ | : ਸੇਠ ਜੀ ਹਰ ਗੱਲ ਵਪਾਰੀ ਲਹਿਜੇ ਵਿੱਚ ਕਰਦੇ ਨੇ। |
| ਮੁੰਡਾ | : ਚਲੋ ਸੇਠ ਜੀ ਜੋ ਮਰਜ਼ੀ ਏ ਦੇ ਦਿਓ। |
| ਸੇਠ | : *(ਖੁਸ਼ ਹੋ ਕੇ)* ਇਹ ਲੜਕਾ ਵਾਕਿਆ ਈ ਬਹੁਤ ਲਾਇਕ ਏ। ਚੰਗਾ ਵਪਾਰੀ ਬਣੇਗਾ। ਬਿਜਨਸ ਦਾ ਸਿੱਧਾ ਅਸੂਲ ਏ, ਜੋ ਪੈਸਾ-ਧੇਲਾ ਆਵੇ, ਬਸ ਖੀਸੇ ਵਿਚ ਪਾਉਣ ਦੀ ਕਰੋ। |
| ਕੇਸਰ | : ਬਸ ਜੇਬ ਵਿੱਚ ਪਾਈ ਜਾਓ, ਹਵਾ ਨਾ ਲਵਾਓ। |
| ਮਾਈ | : ਬੀਬੀ, ਮੇਰੇ ਬੱਚੇ ਤਿੰਨ ਦਿਨ ਦੇ ਭੁੱਖੇ ਨੇ। |
| ਇਸਤਰੀ | : *(ਪਰਸ ਵਿਚੋਂ ਪੈਸੇ ਕੱਢ ਕੇ)* ਲੈ ਮਾਈ। |
| ਮਾਈ | : ਬੀਬੀ, ਤੇਰਾ ਬੱਚਾ ਜੀਵੇ। (ਮਾਈ ਸੇਠ ਅੱਗੇ ਹੱਥ ਕਰਦੀ ਹੈ) |
| ਸੇਠ | : ਮਾਫ਼ ਕਰ ਮਾਈ, ਖਹਿੜਾ ਵੀ ਛੱਡ। |
| ਮੁੰਡਾ | : ਲੈ ਮਾਈ ਇੱਕ ਆਨਾ। |
| ਮੁੰਡਾ | : ਦੇਖ ਲਓ ਜੀ ਬੂਟ। |

### ਔਖੇ ਸ਼ਬਦਾਂ ਦੇ ਅਰਥ

| | |
|---|---|
| ਵਾਹ | :ਵਾਸਤਾ |
| ਖੈਰ ਖੈਰੀਅਤ | :ਸੁਖ ਸਾਂਦ |
| ਪੁਗਦਾ | :ਮਨਜ਼ੂਰ |
| ਲਹਿਜੇ | :ਅੰਦਾਜ਼ |
| ਵਾਕਿਆ ਈ | :ਅਸਲ ਵਿੱਚ |
| ਲਾਇਕ | :ਸਮਝਦਾਰ |
| ਪੈਸਾ ਧੇਲਾ | :ਪੈਸਾ, ਧਨ |
| ਖੀਸੇ | :ਜੇਬ |
| ਹਵਾ ਨਾ ਲਵਾਓ | :ਖਰਚ ਨਾ ਕਰੋ |
| ਖੈਹੜਾ | :ਪਿੱਛਾ |

**ਔਖੇ ਸ਼ਬਦਾਂ ਦੇ ਅਰਥ**

ਉੱਕਾ :ਬਿਲਕੁਲ
ਮਾਰ ਲੱਗ ਗਈ:ਮੁਸੀਬਤ ਪੈ ਗਈ
ਖਰਾਇਤ :ਭੀਖ
ਕਸੂਤਾ :ਬੁਰੀ ਤਰ੍ਹਾਂ

ਕੇਸਰ : ਬੜਾ ਫਜ਼ੂਲ ਖਰਚ ਕਰਦਾ ਏ ਲੜਕਾ।
ਮੁੰਡਾ : ਇੱਕ ਗਰੀਬ ਹੀ ਗਰੀਬ ਦਾ ਦੁੱਖ ਸਮਝ ਸਕਦਾ ਏ।
ਅਖ਼ਬਾਰ ਵਾਲਾ : ਪੇਪਰ ਲੈ ਲਵੋ, ਅੱਜ ਦਾ ਪੇਪਰ।
ਸੇਠ : ਕੋਈ ਪੰਜਾਬੀ ਦਾ ਪੇਪਰ ਵਿਖਾ।
*(ਸੇਠ ਅਖ਼ਬਾਰ ਲੈ ਕੇ ਭਾਅ ਵਾਲਾ ਪੰਨਾ ਵੇਖਣ ਲੱਗਦਾ ਹੈ)*
ਸੇਠ : ਓਏ ਚੁੰਨੀ ਲਾਲ।
ਚੁੰਨੀ ਲਾਲ : ਹੁਕਮ ਸੇਠ ਜੀ।
ਮੁੰਡਾ : ਦੇਖ ਲਓ ਜੀ ਬੂਟ।
ਸੇਠ : ਮਾਰੇ ਗਏ, ਉੱਕਾ ਹੀ ਮਾਰੇ ਗਏ।
ਚੁੰਨੀ ਲਾਲ : ਸੋਨੇ-ਚਾਂਦੀ ਦੇ ਭਾਅ ਡਿੱਗ ਪਏ।
ਕੇਸਰ : ਸੇਠ ਜੀ, ਇਹ ਸਾਰਾ ਤੁਹਾਡਾ ਕਸੂਰ ਏ, ਤੁਸੀਂ ਖੁਦ ਭਾਅ ਗਿਰਾਇਆ ਏ, ਤੁਸੀਂ ਮੁੰਡੇ ਨੂੰ ਦੁਆਨੀ ਦਿਓ, ਸੋਨੇ-ਚਾਂਦੀ ਦੇ ਭਾਅ ਵੀ ਚੜ੍ਹ ਜਾਣਗੇ।
ਸੇਠ : ਲੈ ਬਈ ਪਾਲਸ਼ ਕਰ ਦੇ।
ਮੁੰਡਾ : ਪੈਰ ਇਧਰ ਰੱਖੋ ਜੀ।
ਇਸਤਰੀ : 27 ਨੰਬਰ ਦੀ ਬੱਸ ਆ ਗਈ।
ਸੇਠ : 13 ਨੰਬਰ ਦੀ ਬੱਸ ਨੂੰ ਕੀ ਮਾਰ ਲੱਗ ਗਈ ਏ।
ਮੁੰਡਾ : ਸੇਠ ਜੀ ਪੈਸੇ ਦਿਓ।
ਸੇਠ : *(ਇੱਕ ਆਨਾ ਦਿੰਦਾ ਹੋਇਆ)* ਲੈ ਪਈ ਕਾਕਾ।
ਮੁੰਡਾ : ਸੇਠ ਜੀ ਖਰਾਇਤ ਨਹੀਂ ਮੰਗ ਰਿਹਾ, ਮਿਹਨਤ ਮਜ਼ੂਰੀ ਕੀਤੀ ਏ, ਆਪਣਾ ਹੱਕ ਮੰਗ ਰਿਹਾਂ।
ਸੇਠ : ਹੱਕ ਦਾ ਬੱਚਾ ਕਰਨੇ ਬੂਟ ਪਾਲਸ਼ ਤੇ ਬੋਲਣਾ ਉੱਚਾ। ਜਾਹ ਲਾ ਲੈ ਜਿਹੜਾ ਤੇਰਾ ਜ਼ੋਰ ਲਗਦਾ ਏ, ਨਹੀਂ ਦਿੰਦਾ।
*(ਮੁੰਡੇ ਦੇ ਬੂਟ ਕਸੂਤਾ ਲੱਗਦਾ ਏ ਉਹ ਰੋਣ ਲੱਗਦਾ ਏ)*
ਕੇਸਰ : ਇਹਨੇ ਕੀ ਵਿਗਾੜਿਆ ਏ ਤੁਹਾਡਾ।
ਇਸਤਰੀ : ਕੁਝ ਹੋਸ਼ ਤੋਂ ਕੰਮ ਲੈਣਾ ਚਾਹੀਦਾ ਏ।
ਸੇਠ : ਤੁਸੀਂ ਚੁੱਪ ਰਹੋ ਜੀ।
*(ਇੰਨੇ ਨੂੰ ਸਕੂਲ ਦਾ ਮਾਸਟਰ ਤੇ ਦੋ-ਤਿੰਨ ਮੁੰਡੇ ਖੇਡਣ ਵਾਲੀ ਯੂਨੀਫਾਰਮ ਵਿੱਚ ਨਿਕਲਦੇ ਹਨ।)*
ਮਾਸਟਰ : ਕਿਸ਼ਨ ਰੋਂਦਾ ਕਿਉਂ ਏਂ ? ਕੀ ਗੱਲ ਏ ?
ਕਿਸ਼ਨ : ਇਹਨਾਂ ਨੇ ਮੈਨੂੰ ਮਾਰਿਆ।

ਸੇਠ : ਤੁਹਾਡਾ ਇਸ ਨਾਲ ਕੀ ਵਾਸਤਾ।

ਮਾਸਟਰ : ਇਹ ਮੇਰੇ ਸਕੂਲ ਦਾ ਹੋਣਹਾਰ ਲੜਕਾ ਏ।

ਸੇਠ : ਇਹ ਬਹੁਤ ਗੁਸਤਾਖ਼ ਏ।

ਮੁੰਡਾ : ਮੈਂ ਆਪਣਾ ਹੱਕ ਮੰਗਿਆ ਸੀ।

ਕੇਸਰ : ਇਨ੍ਹਾਂ ਨੂੰ ਇਸ ਗੱਲ ਦੀ ਸਜ਼ਾ ਮਿਲਣੀ ਚਾਹੀਦੀ ਏ।

ਮਾਸਟਰ : ਤੁਹਾਡਾ ਵਕਤ ਦਾ ਹਰਜ ਹੋਵੇਗਾ, ਮੇਰੇ ਨਾਲ ਜ਼ਰਾ ਪੁਲਿਸ ਸਟੇਸ਼ਨ ਤਕ ਚਲੋ। *(ਚਲੋ ਸੇਠ ਸਾਹਬ)*

ਸੇਠ : ਸਾਡੇ ਤਾਂ ਪਿਓ-ਦਾਦੇ ਨੇ ਠਾਣੇ ਦੀ ਸ਼ਕਲ ਨਹੀਂ ਦੇਖੀ।

ਲੜਕੇ : ਮਾਸਟਰ ਜੀ ਹੁਕਮ ਕਰੋ ਅਸੀਂ ਧੂ ਕੇ ਲੈ ਚਲੀਏ ?

ਸੇਠ : ਮਾਸਟਰ ਜੀ ਮੁਆਫ ਕਰੋ, ਜੋ ਮਦਦ ਚਾਹੁੰਦੇ ਹੋ ਲੜਕੀ ਦੀ ਕਰਨ ਨੂੰ ਤਿਆਰ ਹਾਂ।

ਕੇਸਰ : ਮਾਸਟਰ ਜੀ ਜਿਹੜੀ ਗੱਲ ਪੰਚਾਇਤ ਤੱਕ ਨਜਿੱਠੀ ਜਾ ਸਕੇ ਉਹ ਠਾਣੇ ਅਦਾਲਤਾਂ ਵਿੱਚ ਨਹੀਂ ਪੁਚਾਣੀ ਚਾਹੀਦੀ।

ਮਾਸਟਰ : ਪੰਚਾਂ ਦਾ ਕਿਹਾ ਸਿਰ ਮੱਥੇ।

ਕੇਸਰ : ਚਲੋ ਸੇਠ ਜੀ ਲੜਕੇ ਦੀ ਇੱਕ ਸਾਲ ਦੀ ਫੀਸ ਦੇ ਦਿਓ।

ਸੇਠ : ਕੁਝ ਤਾਂ ਰਿਆਇਤ ਕਰੋ, ਚਲੋ ਅੱਧੋ-ਅੱਧ ਸਹੀ।

ਇੱਕ ਮੁੰਡਾ : ਉਹ ਸਿਪਾਹੀ ਆ ਰਿਹਾ ਇੱਧਰ।

ਸੇਠ : *(ਫਤੂਹੀ ਵਿਚੋਂ ਸੌ ਦਾ ਨੋਟ ਕੱਢਦਾ ਹੋਇਆ)* ਮੇਰੇ ਕੋਲ ਤਾਂ ਬੱਸ ਇਹ ਹੀ ਹੈ।

ਮਾਸਟਰ : ਕਿਸ਼ਨ ਫੜ ਲੈ ਰੁਪਏ।

ਇਸਤਰੀ : ਮਾਸਟਰ ਜੀ, ਇਹ ਬਹੁਤ ਹੋਣਹਾਰ ਲੜਕਾ ਹੈ, ਧਿਆਨ ਰੱਖਣਾ।

ਮਾਸਟਰ : ਚੱਲ ਪਈ ਕਿਸ਼ਨ ਤੈਨੂੰ ਖਿਡਾ ਲਿਆਈਏ।

ਸੇਠ : ਚੱਲ ਪਈ ਚੁੰਨੀ ਲਾਲ, ਘਰ ਚਲੀਏ। ਅੱਜ ਦਿਨ ਮੰਦਾ ਏ, ਸਵੇਰੇ-ਸਵੇਰੇ ਭਾਅ ਡਿਗ ਪਏ ਤੇ ਏਧਰ ਕੁੰਡਾ ਹੋ ਗਿਆ।
*(ਸਾਰੇ ਹੱਸ ਪੈਂਦੇ ਨੇ)*

## ਟਿੱਪਣੀ

ਇਸ ਇਕਾਂਗੀ ਵਿੱਚ ਕੰਜੂਸ ਤੇ ਖੁੱਲ੍ਹੇ ਸੁਭਾਅ ਵਾਲੇ ਵਿਅਕਤੀ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ। ਲੇਖਕ ਨੇ ਇਹ ਦੱਸਿਆ ਹੈ ਕਿ ਕਿਸ ਤਰ੍ਹਾਂ ਨਾਲ ਮਿਹਨਤ ਕਰਨ ਵਾਲੇ ਲੜਕੇ ਨੂੰ ਉਸ ਦੀ ਮਿਹਨਤ ਦਾ ਫਲ ਨਹੀਂ ਦਿੱਤਾ ਜਾਂਦਾ। ਦੂਜੇ ਪਾਸੇ ਸਮਾਜ ਦੇ ਉੱਚ ਵਰਗ ਦੀ ਪ੍ਰਤੀਨਿਧਤਾ ਕਰਦਾ ਹੋਇਆ ਸੇਠ ਜਦੋਂ ਆਪਣੇ ਧੰਦੇ ਵਿੱਚ ਨੁਕਸਾਨ ਹੁੰਦਾ

### ਔਖੇ ਸ਼ਬਦਾਂ ਦੇ ਅਰਥ

ਹੋਣਹਾਰ : ਹੁਸ਼ਿਆਰ
ਗੁਸਤਾਖ਼ : ਚਲਾਕ, ਢੀਠ, ਮੂੰਹ ਫਟ
ਹਰਜ : ਨੁਕਸਾਨ
ਠਾਣੇ : ਪੁਲਿਸ ਸਟੇਸ਼ਨ, ਥਾਣੇ
ਧੂ ਕੇ : ਘਸੀਟ ਕੇ
ਨਜਿੱਠੀ : ਨਿਬੇੜੀ
ਪੰਚਾਂ ਦਾ ਕਿਹਾ ਸਿਰ ਮੱਥੇ : ਪ੍ਰਵਾਨ
ਫਤੂਹੀ : ਕਮੀਜ਼
ਖਿਡਾ : ਖੇਡਣਾ
ਕੁੰਡਾ : ਨੁਕਸਾਨ

ਵੇਖਦਾ ਹੈ ਤਾਂ ਦੋਨਾਂ ਹੱਥਾਂ ਨਾਲ ਆਪਣਾ ਸਿਰ ਪਿਟਣਾ ਸ਼ੁਰੂ ਕਰ ਦਿੰਦਾ ਹੈ। ਜਦੋਂ ਸਾਰੇ ਲੋਕ ਉਸ ਲੜਕੇ ਦਾ ਸਾਥ ਦਿੰਦੇ ਹਨ ਤਾਂ ਫਿਰ ਸੇਠ ਨੂੰ ਝੁਕਣਾ ਪੈਂਦਾ ਏ। ਉਸ ਦਾ ਮਨ ਬਦਲ ਜਾਂਦਾ ਹੈ। ਸੇਠ ਵਲੋਂ ਸਿਰਫ਼ ਕਿਰਤ ਦਾ ਸਤਿਕਾਰ ਹੀ ਨਹੀਂ ਕੀਤਾ ਜਾਂਦਾ ਸਗੋਂ ਲੜਕੇ ਦੀ ਮਾਇਕ ਸਹਾਇਤਾ ਵੀ ਕੀਤੀ ਜਾਂਦੀ ਹੈ।

## ਅਭਿਆਸ

### 1. ਦੱਸੋ ਖਾਂ ਭਲਾ :

(i) ਇਕਾਂਗੀ ਵਿੱਚ ਕੁਲ ਕਿੰਨੇ ਪਾਤਰ ਹਨ ? ਉਨ੍ਹਾਂ ਬਾਰੇ ਜਾਣਕਾਰੀ ਦਿਓ।

(ii) ਬੱਸ ਸਟਾਪ ਦਾ ਦ੍ਰਿਸ਼ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

(iii) ਕਿਸ਼ਨ ਕੌਣ ਹੈ ਅਤੇ ਉਹ ਕੀ ਕੰਮ ਕਰਦਾ ਹੈ ?

(iv) ਇਕਾਂਗੀ ਦੇ ਵਿਸ਼ੇ-ਵਸਤੂ ਬਾਰੇ ਦੱਸੋ।

(v) ਕੇਸਰ ਤੇ ਸੇਠ ਦੇ ਸੰਵਾਦ ਤੋਂ ਕਿਸ ਤਰ੍ਹਾਂ ਦੇ ਵਿਚਾਰਾਂ ਦਾ ਪਤਾ ਲਗਦਾ ਹੈ?

(vi) ਇਸਤਰੀ ਪਾਤਰ ਦੀ ਕਿਸ਼ਨ ਨਾਲ ਹਮਦਰਦੀ ਕਿਉਂ ਹੈ ? ਆਪਣਾ ਜਵਾਬ 100-125 ਸ਼ਬਦਾਂ ਵਿੱਚ ਦਿਓ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਖੁੱਲ੍ਹੇ ਤੇ ਤੰਗ ਵਿਚਾਰਾਂ ਦੀ ਪੇਸ਼ਕਾਰੀ ਕਰਦੇ ਹੋਏ ਕਿਸੇ ਹੋਰ ਵਿਸ਼ੇ ਬਾਰੇ ਇਕਾਂਗੀ ਲਿਖਣ ਦੀ ਕੋਸ਼ਿਸ਼ ਕਰੋ।

(ii) ਨਾਲੋ-ਨਾਲ ਪੜ੍ਹਾਈ ਤੇ ਕਿਰਤ ਕਰਨ ਦੀ ਮਿਸਾਲ ਪੈਦਾ ਕਰਨ ਵਾਲੇ ਕਿਸੇ ਵਿਅਕਤੀ ਬਾਰੇ ਜਾਣਕਾਰੀ ਭਰਪੂਰ ਇੱਕ ਲੇਖ ਲਿਖੋ।

(iii) ਬਾਲ-ਮਜ਼ਦੂਰੀ ਇੱਕ ਕਾਨੂੰਨੀ ਅਪਰਾਧ ਹੈ। ਇਸ ਦੇ ਬਾਵਜੂਦ ਬੱਚੇ ਘਰਾਂ, ਹੋਟਲਾਂ, ਸੜਕਾਂ ਆਦਿ ਲਈ ਕੰਮ ਕਰਨ ਦੀ ਮਜ਼ਬੂਰੀ ਦਾ ਸ਼ਿਕਾਰ ਹਨ। ਬੱਚਿਆਂ ਤੇ ਮਾਪਿਆਂ ਨੂੰ ਪੜ੍ਹਾਈ ਵੱਲ ਪ੍ਰੇਰਿਤ ਕਰਨ ਲਈ ਇੱਕ ਭਾਸ਼ਣ ਤਿਆਰ ਕਰੋ।

(iv) ਅੱਜ ਕੱਲ੍ਹ ਪੁਰਾਤਨ ਸਿੱਕਿਆਂ ਦਾ ਚਲਣ ਲਗਭਗ ਖ਼ਤਮ ਹੋ ਗਿਆ ਹੈ। ਪੁਰਾਣੇ ਸਿੱਕਿਆਂ ਨੂੰ ਇਕੱਤਰ ਕਰਕੇ ਵੇਰਵੇ ਸਹਿਤ ਇੱਕ ਚਾਰਟ ਤਿਆਰ ਕਰੋ।

(v) ਕੀ ਤੁਹਾਨੂੰ ਕੰਮ ਕਰਨਾ ਚੰਗਾ ਲਗਦਾ ਹੈ। ਵਿਦਿਆਰਥੀ ਜੀਵਨ ਵਿੱਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਵੇਰਵੇ ਨਾਲ ਇੱਕ ਪ੍ਰੋਜੈਕਟ ਤਿਆਰ ਕਰੋ।

**ਅ. ਲਿੰਗ ਬਦਲੋ :**

(i) ਮੁੰਡਾ ...

(ii) ਇਸਤਰੀ ..

(iii) ਸੇਠ ...

(iv) ਭਰਾ ...

**ੲ. ਸਮਾਨਾਰਥਕ ਸ਼ਬਦ ਲਿਖੋ :**

(i) ਮਖੌਲ ...

(ii) ਉਡੀਕ ...

(iii) ਮੰਗਤਾ ...

(iv) ਖ਼ੈਰੀਅਤ ...

**ਸ. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ :**

(i) ਮੁੰਡਾ ਬੂਟ ਪਾਲਿਸ਼ ਕਰਦੇ ਹਨ।

(ii) ਇਸਤਰੀ ਨੇ ਪੁੱਛਿਆ ਮੁੰਡਾ ਕਿਹੜੀ ਜਮਾਤ ਵਿੱਚ ਪੜ੍ਹਦੀ ਹੈ।

(iii) ਸੇਠ ਜੀ ਟੋਪੀ ਨਾਲ ਤੁਸੀਂ ਪੂਰੇ ਦੇਸ਼-ਭਗਤ ਲਗਦਾ ਹੈ।

(iv) ਪੰਚਾਇਤ ਵਿੱਚ ਹੀ ਫੈਸਲਾ ਕਰ ਲੈਣੇ ਚਾਹੀਦੇ ਹਨ।

(v) ਮਾਸਟਰ ਜੀ ਇਹ ਮੁੰਡਾ ਬਹੁਤ ਹੋਣਹਾਰ ਵਿਦਿਆਰਥੀ ਹਨ।

**ਹ. ਹੇਠਾਂ ਦਿੱਤੇ ਵਾਕਾਂ ਵਿੱਚੋਂ ਨਾਂਵ ਚੁਣ ਕੇ ਉਨ੍ਹਾਂ ਦੀ ਕਿਸਮ ਲਿਖੋ :**

(i) ਬੂਟ ਪਾਲਿਸ਼ ਕਰਨ ਵਾਲਾ ਮੁੰਡਾ ਗਰੀਬ ਹੈ। ...

(ii) ਮੁੰਡਾ ਬੂਟ ਪਾਲਿਸ਼ ਕਰਦਾ ਹੈ। ...

(iii) ਸੋਨਾ ਬਹੁਤ ਮਹਿੰਗਾ ਹੋ ਗਿਆ ਹੈ। ...

(iv) ਮੁੰਡੇ ਨੂੰ ਹੋਣਹਾਰ ਕਿਹਾ ਗਿਆ ਹੈ। ...

(v) ਇਕਾਂਗੀ ਵਿੱਚ ਅਮੀਰ ਗਰੀਬ ਦਾ ਫ਼ਰਕ ਦੱਸਿਆ ਗਿਆ ਹੈ।

**ਕ. ਹੇਠ ਲਿਖੇ ਵਾਕਾਂ ਵਿੱਚ ਲਕੀਰੇ ਪੜਨਾਂਵਾਂ ਦੀਆਂ ਕਿਸਮਾਂ ਲਿਖੋ :**

(i) ਸੇਠ ਜੀ ਤੁਸੀਂ ਆਪ ਮੁੰਡੇ ਨੂੰ ਪੈਸੇ ਦਿਉ। ...

(ii) ਕੌਣ ਬੂਟ ਪਾਲਸ਼ ਕਰ ਰਿਹਾ ਹੈ ? ...

(iii) ਉਹ ਮਜ਼ਦੂਰੀ ਕਰਦੇ ਹਨ। ...

(iv) ਉਨ੍ਹਾਂ ਦਾ ਸਕੂਲ ਕਿੱਥੇ ਹੈ। ...

(v) ਜਿਹੜੇ ਮਿਹਨਤ ਕਰਦੇ ਹਨ ਉਹ ਸਫ਼ਲ ਹੋ ਜਾਂਦੇ ਹਨ। ...

# ਕਰਤਾਰਾ ਕੌਤਕੀ

## ਗੁਰਦਿਆਲ ਸਿੰਘ



### ਸ਼ਖ਼ਸੀਅਤ ਤੇ ਰਚਨਾ

ਗੁਰਦਿਆਲ ਸਿੰਘ ਪੰਜਾਬੀ ਸਾਹਿਤ ਦੀ ਇੱਕ ਅਹਿਮ ਸ਼ਖ਼ਸੀਅਤ ਹਨ, ਆਪ ਪ੍ਰੋਫ਼ੈਸਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ। ਉਨ੍ਹਾਂ ਨੂੰ ਵਿਸ਼ੇਸ਼ ਪ੍ਰਸਿੱਧੀ ਪੰਜਾਬੀ ਨਾਵਲ ਦੇ ਖੇਤਰ ਵਿੱਚ ਮਿਲੀ। 'ਮੜ੍ਹੀ ਦਾ ਦੀਵਾ', 'ਅਣਹੋਏ', 'ਅੱਧ ਚਾਨਣੀ ਰਾਤ', 'ਪਰਸਾ' ਆਦਿ ਉਨ੍ਹਾਂ ਦੇ ਪ੍ਰਮੁੱਖ ਨਾਵਲ ਹਨ। ਉਨ੍ਹਾਂ ਨੇ ਇਕਾਂਗੀ ਵੀ ਲਿਖੇ ਹਨ। ਗੁਰਦਿਆਲ ਸਿੰਘ ਦੀਆਂ ਰਚਨਾਵਾਂ ਦੇ ਵਿਸ਼ੇ ਮਾਲਵੇ ਦੇ ਕਿਰਸਾਣੀ ਤੇ ਖੇਤੀ ਮਜ਼ਦੂਰਾਂ ਦੇ ਯਥਾਰਥ ਨਾਲ ਸੰਬੰਧਤ ਹੁੰਦੇ ਹਨ। ਉਨ੍ਹਾਂ ਨੂੰ ਸਾਹਿਤ ਅਕਾਦਮੀ ਪੁਰਸਕਾਰ ਤੇ ਹੋਰ ਮਾਣ-ਸਨਮਾਨ ਵੀ ਮਿਲੇ ਨੇ।

### ਕਰਤਾਰਾ ਕੌਤਕੀ

ਪਾਤਰ : ਕਰਤਾਰਾ, ਪਾਲਾ, ਚਿੜੀਆ, ਭੋਲਾ ਤੇ ਬੀਬੋ। ਉਮਰ 10 ਸਾਲ ਤੋਂ 14 ਸਾਲ ਵਿਚਕਾਰ। ਕਰਤਾਰਾ ਸਭ ਤੋਂ ਵੱਡਾ ਤੇ ਬੀਬੋ ਸਭ ਤੋਂ ਛੋਟੀ ਉਮਰ ਦੀ ਹੈ। ਸਾਰੇ ਪਿੰਡ ਦੇ ਸਕੂਲ ਦੇ ਵਿਦਿਆਰਥੀ ਹਨ।

ਸਮਾਂ : ਆਥਣ ਵੇਲਾ

ਸਥਾਨ : ਕਰਤਾਰੇ ਦੇ ਘਰ ਦਾ ਵਿਹੜਾ—ਪਰਦਾ ਉਠਦਿਆਂ, ਸੱਜੇ ਪਾਸਿਓਂ ਪਾਲਾ, ਚਿੜੀਆ ਤੇ ਭੋਲਾ ਆਉਂਦੇ ਹਨ।

ਪਾਲਾ : ਓ ਕਰਤਾਰਿਆ ! ਕਰਤਾਰ ! *(ਕਰਤਾਰਾ ਅੰਦਰੋਂ ਆਉਂਦਾ ਹੈ)* ਅੱਜ ਸਕੂਲ ਖੇਡਣ ਨਹੀਂ ਚੱਲਣਾ ?

**ਔਖੇ ਸ਼ਬਦਾਂ ਦੇ ਅਰਥ**

ਕੌਤਕੀ : ਚਮਤਕਾਰੀ, ਚੋਜੀ, ਕੌਤਕ ਕਰਨ ਵਾਲਾ

ਕਰਤਾਰਾ : *(ਹੱਥ ਵਿੱਚ ਫੜੀ ਹੋਈ ਸੋਟੀ ਉੱਤੇ ਦੋਏ ਹੱਥ ਰੱਖ ਕੇ ਉੱਤੇ ਠੋਡੀ ਟਿਕਾਉਂਦਿਆਂ)* ਮੇਰੀ ਸਲਾਹ ਐ ਪਈ ਅੱਜ ਘਰੇ ਹੀ ਖੇਡੀਏ ... ਤਮਾਸ਼ਾ ਕਰੀਏ।

ਚਿੜੀਆ : ਤੇ ਤੇਰੀ ਬੇਬੇ ਤੇ ਬਾਪੂ ਜੀ।

ਕਰਤਾਰਾ : ਉਹ ਗਏ ਨੇ ਮੰਡੀ। ਰਾਤ ਨੂੰ ਮੁੜਨਗੇ। ਮੈਂ ਤੇ ਬੀਬੋ ਈ ਘਰ ਆਂ। ਬਾਪੂ ਸਾਡਾ ਘਰ ਨਹੀਂ, ਸਾਨੂੰ ਕਿਸੇ ਦਾ ਡਰ ਨਹੀਂ। ਆਈ ਬਾਤ ਸਮਝ ਮੇਂ ?

ਪਾਲਾ : ਪਰ ਘਰੇ ਕੀ ਖੇਡਾਂਗੇ ?

ਕਰਤਾਰਾ : ਮੇਰੀ ਸਲਾਹ ਹੈ, ਉਹੋ ਜਿਹਾ ਤਮਾਸ਼ਾ ਕਰੀਏ ਜਿਹੜਾ ਪਰਸੋਂ ਆਪਣੇ ਪਿੰਡ ਉਹ ਮੋਟਾ ਬੰਦਾ ਤੇ ਉਹਦੇ ਨਾਲ ਦੇ ਮੁੰਡੇ ਵਿਖਾ ਕੇ ਗਏ ਸੀ ?

ਚਿੜੀਆ : ਪਰ ਉਹਨਾਂ ਨਾਲ ਤਾਂ ਇੱਕ ਕੁੜੀ ਵੀ ਸੀ ?

ਕਰਤਾਰਾ : ਉਹ ਗੱਲ ਵੀ ਮੈਂ ਸੋਚ ਲਈ ਐ। ਉਹ ਕੁੜੀ ਸਾਡੀ ਬੀਬੋ ਬਣ ਜਾਊ। ਮੈਂ ਉਹਨੂੰ ਸਾਰੀ ਗੱਲ ਸਮਝਾ ਦਿੱਤੀ ਸੀ। ਉਹ ਬੱਸ, ਭਾਂਡੇ ਮਾਂਜ ਕੇ ਹੁਣੇ ਆਈ ਸਮਝੋ।

ਪਾਲਾ : ਤੈਨੂੰ ਯਾਰ ਇਹੋ ਜਿਹੇ ਕੌਤਕ ਸੁਝਦੇ ਕਿੱਥੋਂ ਨੇ ?

ਕਰਤਾਰਾ : *(ਖ਼ੁਸ਼ੀ ਨਾਲ ਸਿਰ ਹਿਲਾ ਕੇ)* ਹਾਂ, ਤਬੀ ਤਾਂ ਕਹਿੰਦੇ ਹੈਂ ਇਸੀ ਕਾ ਨਾਮ ਬੀਦਾਨਾ ਹੈ ਜੋ ਸਾਗੂਦਾਣੇ ਦੇ ਸਾਥ ਖਾਇਆ ਜਾਂਦਾ ਹੈ... ਹਮਾਰਾ ਨਾਟਕ ...

ਪਾਲਾ : *(ਵਿੱਚੋਂ ਟੋਕ ਕੇ)* ਚੰਗਾ ਭਕਾਈ ਫੇਰ ਮਾਰੀਂ, ਹੁਣ ਦੱਸ ਆਪਾਂ ਤਮਾਸ਼ਾ ਸ਼ੁਰੂ ਕਿਵੇਂ ਕਰਨੈ ?

ਕਰਤਾਰਾ : *(ਹਰੇਕ ਦੇ ਮੋਢੇ ਉੱਤੇ ਵਾਰੋ-ਵਾਰੀ ਹੱਥ ਲਾਉਂਦਿਆਂ)* ਦੇਖੋ ਤੂੰ ਤਾਂ ਬਣ ਜਾਏਂ ਆਪਣੇ ਪਿੰਡ ਵਾਲਾ ਕਰਪਾਲੂ ਕੰਜੂਸ। ਇਹ ਭੋਲਾ ਬਣ ਜਾਏਗਾ ਬਚਨਾ ਕਾਰੀਗਰ ਤੇ ਚਿੜੀਆ ਹੋਇਆ ਘੀਲਾ—ਬੱਸ ਤਮਾਸ਼ਾ ... ਸੱਚ ਭਾਈ ਤਮਾਸ਼ਾ ਨਹੀਂ ਨਾਟਕ, ਨਾਟਕ। ਬੱਸ, ਨਾਟਕ ਤਿਆਰ ਸਮਝੋ।

ਚਿੜੀਆ : ਕਿਉਂ ਮੈਂ ਘੀਲਾ ਕਿਉਂ ਬਣਾਂ ? ... ਆ ਗਏ ਵੱਡੇ ਨਾਢੂ ਖਾਂ ! ਪਾਲਾ ਕੋਈ ਵੱਡੀ ਮਾਂ ਦਾ ਪੁੱਤ ਐ।



**ਔਖੇ ਸ਼ਬਦਾਂ ਦੇ ਅਰਥ**

| | |
|---|---|
| ਮੰਡੀ | :ਸ਼ਹਿਰ,ਕਸਬਾ |
| ਤਮਾਸ਼ਾ | :ਜਾਦੂਗਰ ਦੀ ਖੇਡ, ਦਿਖਾਵਾ |
| ਭਾਂਡੇ | :ਬਰਤਨ |
| ਮਾਂਜ ਕੇ | :ਧੋ ਕੇ ਸੁਆਰ ਕੇ |
| ਕੌਤਕ | :ਚਮਤਕਾਰ, ਕਮਾਲ, ਚੋਜ |
| ਸਾਗੂਦਾਣਾ | :ਖਾਧ ਪਦਾਰਥ |
| ਭਕਾਈ | :ਫਾਲਤੂ ਬੋਲਣਾ |
| ਨਾਢੂ ਖਾਂ | :ਮਾਣ ਮੱਤਾ, ਘਮੰਡੀ, ਅਹੰਕਾਰੀ |

**ਔਖੇ ਸ਼ਬਦਾਂ ਦੇ ਅਰਥ**

ਹੱਛਾ :ਅੱਛਾ, ਚੰਗਾ

ਫ਼ਰਿਆਦ :ਬੇਨਤੀ, ਅਰਦਾਸ, ਅਰਜ਼ੋਈ

ਕਰਤਾਰਾ : ਓਇ ਮੂਰਖਾ ! ਤੂੰ ਕੋਈ ਸੱਚੀ ਮੁੱਚੀ ਘੀਲਾ ਬਣ ਜਾਏਂਗਾ ? ਇਹ ਤਾਂ ਨਾਟਕ ਐ। ਆਈ ਬਾਤ ਸਮਝ ਮੇਂ ?

ਚਿੜੀਆ : ਸੱਚੀਮੁੱਚੀ ਨਾ ਸਹੀ ਪਰ ਪਿੱਛੋਂ ਸਾਰੇ ਮੈਨੂੰ 'ਘੀਲਾ ਘੀਲਾ' ਕਹਿ ਕੇ ਛੇੜਿਆ ਕਰੋਗੇ। ਮੈਂ ਨਹੀਂ ਬਣਦਾ ...

ਪਾਲਾ : ਚੰਗਾ, ਤੂੰ ਵੱਡਾ ਸਰਦਾਰ ਹੀ ਸਹੀ, ਮੈਂ ਬਣ ਜਾਨਾਂ ਘੀਲਾ ... ਫੇਰ ਨਾਲੇ ਮਗਰੋਂ ਤੂੰ ਮੈਨੂੰ ਛੇੜ ਕੇ ਵਿਖਾਈਂ, ਜੇ ਤੇਰਾ ਮੁਰਗਾ ਨਾ ਬਣਾ ਦਿਆਂ ਤਾਂ। *(ਪਾਲਾ ਹੱਸ ਪੈਂਦਾ ਹੈ ਤੇ ਨਾਲ ਦੂਜੇ ਵੀ ਹਸਦੇ ਹਨ।)*

ਕਰਤਾਰਾ : ਹੱਛਾ, ਹੁਣ ਮੈਂ ਹੋਇਆ ਅਫ਼ਸਰ। *(ਅੰਦਰ ਜਾ ਕੇ ਮੁੰਜ ਦਾ ਮੂੜ੍ਹਾ ਚੁੱਕ ਕੇ ਬਾਹਰ ਆਉਂਦਿਆਂ)* ਇਹ ਹੋ ਗਈ ਮੇਰੀ ਕੁਰਸੀ। ਆਹ ਹੈ ਮੇਰੀ ਖੂੰਡੀ। *(ਹੱਥ ਵਿੱਚ ਫੜੀ ਸੋਟੀ ਵਿਖਾਂਦਾ ਹੋਇਆ, ਮੂੜ੍ਹੇ ਉੱਤੇ ਬੈਠ ਜਾਂਦਾ ਹੈ।)*

ਪਾਲਾ : ਹੁਣ ਮੈਂ ਤੇਰੇ ਕੋਲ ਫ਼ਰਿਆਦ ਕਰਨ ਆਵਾਂ ?

ਕਰਤਾਰਾ : ਹਾਂ, ਬੱਸ, ਜਿਵੇਂ ਪਰਸੋਂ ਉਹ ਮੁੰਡੇ-ਕੁੜੀਆਂ ਕਰਦੇ ਸੀ, ਜੋ ਉਹਨਾਂ ਨੇ ਕਿਹਾ ਸੀ, ਤੁਸੀਂ ਸਾਰਿਆਂ ਨੇ ਓਵੇਂ ਕਰਨੈ, ਉਹੋ ਗੱਲਾਂ ਕਹਿਣੀਐਂ।

ਪਾਲਾ : ਅਸੀਂ ਤਾਂ ਉਹ ਅੱਧੀਆਂ ਭੁੱਲ ਵੀ ਗਏ।

ਕਰਤਾਰਾ : ਜਿਹੜੀਆਂ ਭੁੱਲ ਗਏ ਓ ਉਹ ਆਪਣੇ ਕੋਲੋਂ ਜੋੜ ਲਿਓ। ਜਾਂ ਮੈਂ ਦੱਸੀ ਜਾਊਂ ... ਮੈਨੂੰ ਸਾਰੀਆਂ ਯਾਦ ਐ। ਹੱਛਾ ਹੁਣ ਨਾਟਕ ਸ਼ੁਰੂ ਕਰੋ ... ਆਈ ਬਾਤ ਸਮਝ ਮੇਂ ?

ਪਾਲਾ : *(ਆਪਣੀ ਪੱਗ ਦਾ ਲੜ ਖੋਲ੍ਹ ਕੇ ਗਲ ਵਿੱਚ ਪਾਉਂਦਾ, ਦੋਹਾਂ ਹੱਥਾਂ ਨਾਲ ਉਹਨੂੰ ਫੜ ਕੇ ਹੱਥ ਜੋੜਦਿਆਂ ਅੱਗੇ ਵਧਦਾ ਹੈ)* ਹਜ਼ੂਰ ਮਾਈ ਬਾਪ ! ... ਮੇਰੀ ਇੱਕ ਫ਼ਰਿਆਦ ਐ ...

ਕਰਤਾਰਾ : *(ਵਿੱਚੋਂ ਟੋਕ ਕੇ)* ਓਇ ਗਧਿਆ, ਹੁਣ ਜ਼ਮਾਨਾ ਬਦਲ ਗਿਆ। ਫ਼ਰਿਆਦ ਤਾਂ ਲੋਕ ਰਾਜਿਆਂ ਮੂਹਰੇ ਕਰਦੇ ਹੁੰਦੇ ਸੀ। ਤੂੰ ਸਿੱਧਾ...'ਟੇਨਛਨ' ਹੋ ਕੇ ਬੋਲ। ਅੱਜ ਕੱਲ੍ਹ ਅਫ਼ਸਰ ਲੋਕਾਂ ਦੇ ਸੇਵਕ ਐ, ਲੋਕ ਅਫ਼ਸਰਾਂ ਦੇ ਨੌਕਰ ਨਹੀਂ। ਆਈ ਬਾਤ ਸਮਝ ਮੇਂ ? ਆਪਣਾ ਸਰਪੰਚ ਕਦੇ ਵੇਖਿਆ ਨਹੀਂ ਅਫ਼ਸਰਾਂ ਨਾਲ ਕਿਵੇਂ ਗੱਲਾਂ ਕਰਦਾ ਹੁੰਦੈ ? ਐਨ ਬਰਾਬਰ ਖੜੋ ਕੇ ...

ਪਾਲਾ : *(ਪੱਗ ਦਾ ਲੜ ਠੀਕ ਕਰਕੇ)* ਚੰਗਾ ਫੇਰ ਹੁਣ ਵੇਖੀਂ ਤੂੰ ਮਿੱਤਰਾਂ ਦੇ ਨਜ਼ਾਰੇ। *(ਪਹਿਲਾਂ ਪਿਛਾਂਹ ਮੁੜ ਜਾਂਦਾ ਹੈ ਤੇ ਫੇਰ ਫ਼ੌਜੀਆਂ ਵਾਂਗ ਤੁਰਦਾ ਕਰਤਾਰੇ ਦੇ ਸਾਹਮਣੇ ਆ ਕੇ ਬੜੇ ਰੁਅਬ ਨਾਲ ਉੱਚੀ ਬੋਲਦਾ ਹੈ)* ਓਏ ਅਫ਼ਸਰਾ ! ਏਸ ਚਿੜੀਏ ਜਾਣੀ ਘੀਲੇ ਨੇ ਅੱਜ ਤੋਂ ਗਿਆਰਾਂ ਸਾਲ ਪਹਿਲਾਂ ਮੈਥੋਂ ਨਕਦ ਸੱਤ ਸੌ ਰੁਪਈਏ ...

ਕਰਤਾਰਾ : ਧੀਰਾ ਹੇ ਧੀਰਾ ! ਹੁਣ ਤੂੰ ਮੈਨੂੰ 'ਓਇ ਅਫ਼ਸਰਾ' ਕਹਿਨੈ ਮਾੜੀ ਜਿਹੀ ਇੱਜ਼ਤ ਨਾਲ ਬੋਲ 'ਅਫ਼ਸਰ ਜੀ' ਤਾਂ ਕਹਿ ਨਹੀਂ ਤਾਂ ... ਵੇਖਣ ਵਾਲੇ ਤੈਨੂੰ ਹੀ ਕਹਿਣਗੇ ਕਿ ਬੜਾ ਬੂਝੜ ਬੰਦੈ।

ਪਾਲਾ : *(ਰੋਸੇ ਜਿਹੇ ਨਾਲ)* ਤੇਰਾ ਵੀ ਯਾਰ ਕੋਈ ਪਤਾ ਨਹੀਂ ਲਗਦਾ। ਕਦੇ ਮਰ ਜਾ ਚਿੜੀਏ ਕਦੇ ਜਿਉਂ ਪਉ ਚਿੜੀਏ ਇਹ ਕੋਈ ਗੱਲ ਬਣੀ ? ਹੁਣ ਫੇਰ ਕੀ ਬੋਲਾਂ ?

*(ਬਾਕੀ ਸਾਰੇ ਹੱਸ ਪੈਂਦੇ ਹਨ।)*

ਚਿੜੀਆ : ਚੱਲ, ਹੁਣ ਮੈਂ ਸ਼ੁਰੂ ਕਰਦਾਂ। *(ਇੱਕ ਵਾਰ ਪਿਛਾਂਹ ਮੁੜ ਕੇ ਕਰਤਾਰੇ ਦੇ ਸਾਹਮਣੇ ਆਉਂਦਿਆਂ)* ਅਫ਼ਸਰ ਜੀ ! ਜਿਹੜੀ ਗੱਲ ਇਹ ਪਾਲਾ ਜਾਣੀ ਕਰਪਾਲੂ ਕੰਜੂਸ ਕਹਿੰਦੈ ਪਈ ਮੈਂ ਇਸ ਤੋਂ ਗਿਆਰਾਂ ਸਾਲ ਪਹਿਲਾਂ ਸੱਤ ਸੌ ਰੁਪਈਏ ਲੈ ਕੇ ਖਾ ਗਿਆ ਤੇ ਹੁਣ ਨਾ ਬਿਆਜ ਦੇਂਦਾ ਹਾਂ ਤੇ ਨਾ ਪੈਸੇ ਮੋੜਦਾ ਹਾਂ, ਇਹ ਨਿਰਾ ਝੂਠ ਬਕਦੈ ...

ਪਾਲਾ : *(ਪੱਗ ਦਾ ਖੁੱਲ੍ਹਿਆ ਲੜ ਟੰਗਣ ਲਈ ਹੱਥ ਵਿੱਚ ਫੜ ਕੇ ਗੁੱਸੇ ਨਾਲ ਅੱਗੇ ਵਧਦਾ ਹੋਇਆ)* ਮੈਂ ਇਹ ਗੱਲ ਕਦੋਂ ਆਖੀ ਐ ਓਇ ਬਠਲੀ ਸਿਰਿਆ ?

ਕਰਤਾਰਾ : ਕਰ'ਤੀ ਨਾ ਉਹੋ ਗੱਲ ! ਓਇ ਮੂਰਖਾ ! ਤੂੰ ਕਹਿਣੀ ਤਾਂ ਏਹੋ ਗੱਲ ਸੀ, ਕਿ ਨਹੀਂ ਪਰਸੋਂ ਵਾਲੇ ਨਾਟਕ ਵਿੱਚ ਉਸ ਬੰਦੇ ਨੇ ਜਿਵੇਂ ਕਿਹਾ ਸੀ ?

ਪਾਲਾ : ਪਰ ਪਹਿਲਾਂ ਮੈਨੂੰ ਕਹਿ ਤਾਂ ਲੈਣ ਦਿੰਦੇ। ਇਹ, ਵਿੱਚੋਂ ਹੀ ਆਪਣਾ ਘੋੜਾ ਭਜਾ ਤੁਰਿਆ। ਇਹ ਕੀ ਨਾਟਕ ਹੋਇਆ ਫੇਰ ?

ਚਿੜੀਆ : ਚੰਗਾ ਪਹਿਲਾਂ ਤੂੰ ਕਹਿ ਲੈ ਜੋ ਕਹਿਣੈ। *(ਰੋਸੇ ਨਾਲ ਪਿਛਾਂਹ ਹੋ ਜਾਂਦਾ ਹੈ।)*

ਕਰਤਾਰਾ : *(ਬੀਬੋ ਨੂੰ ਆਉਂਦੀ ਵੇਖ ਕੇ)* ਲਓ, ਬੀਬੋ ਆ ਗਈ। ਤੁਸੀਂ ਦੋਏ ਪਿੱਛੇ ਹਟ ਜਾਓ। ਹੁਣ ਪਹਿਲਾਂ ਇਹ ਬੋਲੂਗੀ।

ਬੀਬੋ : *(ਚੁੰਨੀ ਦੇ ਪੱਲੇ ਨਾਲ ਹੱਥ ਪੂੰਝਦੀ ਹੋਈ)* ਮੈਂ ਵੀਰਾ ਕੀ ਬੋਲਣੈ ?

ਕਰਤਾਰਾ : ਤੈਨੂੰ ਦੱਸਿਆ ਤਾਂ ਸੀ ਤੜਕੇ। ਚਿੜੀਆ ਬਣਿਐ ਘੀਲਾ, ਤੂੰ ਬਣੇਗੀ ਚਿੜੀਏ ਦੀ ਭੈਣ। ਜਿਵੇਂ ਉਹ ਪਰਸੋਂ ਵਾਲੇ ਨਾਟਕ ਵਿੱਚ ਉਸ ਬੰਦੇ ਘੀਲੇ ਦੀ ਭੈਣ ਬੋਲਦੀ ਸੀ, ਓਵੇਂ ਤੂੰ ਬੋਲੀਂ ! ਆਈ ਬਾਤ ਸਮਝ ਮੇਂ ?

ਬੀਬੋ : *(ਰੁੱਸ ਕੇ ਪਿਛਾਂਹ ਮੁੜਦੀ ਹੋਈ)* ਮੈਂ ਨਹੀਂ ਏਸ ਮੱਚੇ-ਸੜੇ ਦੀ ਭੈਣ ਬਣਦੀ।

ਕਰਤਾਰਾ : *(ਉੱਠ ਕੇ ਉਹਨੂੰ ਬਾਹੋਂ ਫੜਦਾ ਤੇ ਹੱਸਦਾ ਹੋਇਆ)* ਹੈ ਕਮਲੀ ! ਆਪਾਂ ਤਾਂ ਤਮਾਸ਼ਾ ਕਰਦੇ ਆਂ, ਕੋਈ ਸੱਚੀ-ਮੁੱਚੀ ਦੀ ਗੱਲ ਤਾਂ ਨਹੀਂ ਕਰਦੇ। ਆਈ ਬਾਤ ਸਮਝ ਮੇਂ ?

ਬੀਬੋ : *(ਕਰਤਾਰੇ ਤੋਂ ਬਾਂਹ ਛੁਡਾਉਣ ਦਾ ਯਤਨ ਕਰਦੀ ਹੋਈ)* ਮੈਂ ਤਾਂ ਐਵੇਂ

**ਔਖੇ ਸ਼ਬਦਾਂ ਦੇ ਅਰਥ**

ਬੂਝੜ : ਮੂਰਖ, ਅਗਿਆਨੀ
ਪਈ : ਬਈ (ਇਕ ਸੰਬੋਧਕੀ ਸ਼ਬਦ)
ਨਿਰਾ : ਬਿਲਕੁਲ
ਬਕਦੈ : ਬਕਵਾਸ ਕਰਦਾ ਹੈ
ਬਠਲੀ ਸਿਰਿਆ : ਬਠਲ ਵਰਗਾ ਸਿਰ
ਦੋਏ : ਦੋਵੇਂ
ਐਵੇਂ : ਫ਼ਜ਼ੂਲ ਹੀ, ਬੇਕਾਰ



**ਔਖੇ ਸ਼ਬਦਾਂ ਦੇ ਅਰਥ**

ਖਿਸਕ :ਤੁਰ ਜਾਣਾ
ਮੋੜਦੈ :ਵਾਪਸ ਕਰਦਾ ਹੈ
ਪਾਪਲੀਣ :ਕਪੜੇ ਦੀ ਇਕ ਵਧੀਆ ਕਿਸਮ
ਸੰਵਾ :ਬਣਵਾ ਕੇ
ਵਰ੍ਹਿਆਂ :ਸਾਲਾਂ
ਅਨਸਾਫ਼ :ਇਨਸਾਫ਼, ਨਿਆਂ
ਸਾਗ ਦੀ ਚੀਰਨੀ: ਮੁੱਠੀ ਭਰ ਸਾਗ
ਜਾਣੀ :ਪਤਾ ਨਹੀਂ
ਰਤਾ :ਥੋੜ੍ਹਾ ਜਿਹਾ
ਰੌਲਾ :ਸਮੱਸਿਆ, ਮਸਲਾ

ਐਵੇਂ ਵੀ ਇਹਦੀ ਭੈਣ ਨਹੀਂ ਬਣਦੀ। ਐਤਵਾਰ ਨੂੰ ਮੈਂ ਇਸਤੋਂ ਪੜ੍ਹਨ ਨੂੰ ਪੰਜਵੀਂ ਦੀ ਪੁਰਾਣੀ ਪੰਜਾਬੀ ਦੀ ਕਿਤਾਬ ਮੰਗਣ ਗਈ, ਮੈਨੂੰ ਕਹਿੰਦਾ, 'ਜਾਹ ਭੱਜ ਜਾ, ਮੇਰੇ ਕੋਲ ਕੋਈ ਕਿਤਾਬ-ਕਤੂਬ ਨਹੀਂ", ਸੜਿਆ ਜਿਹਾ ਨਾ ਹੋਵੇ।

ਚਿੜੀਆ : *(ਮੁਸਕਰਾ ਕੇ)* ਉਹ ਤਾਂ ਭੈਣੇ ਮੈਂ ਤੈਨੂੰ ਐਵੇਂ ਹੀ ਕਹਿੰਦਾ ਸੀ। ਤੂੰ ਹੁਣ ਭਾਵੇਂ ਸਾਰੀਆਂ ਕਿਤਾਬਾਂ ਚੁੱਕ ਲਿਆਈਂ। ਮੈਂ ਉਹ ਪੁਰਾਣੀਆਂ ਕੀ ਕਰਨੀਐਂ ?

*(ਬੀਬੋ ਚੁੰਨੀ ਠੀਕ ਕਰਦੀ ਮੁੜ ਪੈਂਦੀ ਹੈ ਪਰ ਅਜੇ ਵੀ ਚਿੜੀਏ ਵੱਲ ਘੂਰ ਘੂਰ ਕੇ ਤਕਦੀ ਹੈ। ਉਸੇ ਵੇਲੇ ਭੋਲਾ ਉੱਥੋਂ ਖਿਸਕ ਜਾਂਦਾ ਹੈ।)*

ਕਰਤਾਰਾ : *(ਬੀਬੋ ਵੱਲ ਤੱਕ ਕੇ)* ਲੈ ਭੈਣੇ ਹੁਣ ਤੂੰ ਹੋਈ ਚਿੜੀਏ ਜਾਣੀ ਘੀਲੇ ਦੀ ਭੈਣ। ਮੈਂ ਹੋਇਆ ਵੱਡਾ ਅਫ਼ਸਰ। ਆਈ ਬਾਤ ਸਮਝ ਮੇਂ ? ਮੈਂ ਤੈਨੂੰ ਪੁਛਦੈਂ ... ਬੀਬੀ ਇਹ ਪਾਲਾ ਜਾਣੀ ਕਰਪਾਲੂ ਕੰਜੂਸ ਕਹਿੰਦੈ ਕਿ ਤੇਰਾ ਭਰਾ ਚਿੜੀਏ ਜਾਣੀ ਘੀਲੇ ਨੇ ਅੱਜ ਤੋਂ ਗਿਆਰਾਂ ਸਾਲ ਪਹਿਲਾਂ ਇਸ ਤੋਂ ਸੱਤ ਸੌ ਰੁਪਈਆ ਮੁੰਡੇ ਦੇ ਵਿਆਹ ਵਾਸਤੇ ਲਿਆ ਸੀ। ਹੁਣ ਨਾ ਉਹ ਪੈਸੇ ਮੋੜਦੈ, ਨਾ ਉਹ ...

ਬੀਬੋ : *(ਗੁੱਸੇ ਨਾਲ ਪਾਲੇ ਵੱਲ ਤੱਕਦੀ, ਚੀਕਵੀਂ ਅਵਾਜ਼ ਵਿੱਚ)* ਐਵੇਂ ਕੁੱਤਾ ਭੌਂਕਦੈ। ਕਿਹੜੀਆਂ ਇਹਨੇ ਸੱਤ ਸੌ ਮੋਹਰਾਂ ਦਿੱਤੀਆਂ ਸੀ ਮੇਰੇ ਵੀਰ ਨੂੰ ? ਜੇ ਮੇਰਾ ਵੀਰ ਸੱਤ ਸੌ ਰੁਪਈਆ ਲਿਆਇਆ ਹੁੰਦਾ ਤਾਂ ਪਹਿਲਾਂ ਮੈਨੂੰ ਛਾਪੇ ਦੀ ਪਾਪਲੀਣ ਦਾ ਸੂਟ ਸੰਵਾਂ ਕੇ ਨਾ ਦਿੰਦਾ ? ਮੇਰੇ ਸਿਰ 'ਤੇ ਤਾਂ ਦਸਾਂ ਵਰ੍ਹਿਆਂ ਦੀ ਪੁਰਾਣੀ ਚੁੰਨੀ ਐਂ *(ਚੁੰਨੀ ਦਾ ਪੱਲਾ ਸਾਹਮਣੇ ਕਰ ਕੇ ਵਿਖਾਂਦੀ ਹੈ।)* ਤੂੰ ਭਾਈ ਬੜਾ ਵੱਡਾ ਅਫ਼ਸਰ ਐਂ। ਸਾਡੇ ਨਾਲ ਅਨਸਾਫ਼ ਕਰੀਂ। ਏਸ ਕਰਪਾਲੂ ਕੰਜੂਸ ਨੇ ਤਾਂ ਸਾਨੂੰ ਕਦੇ ਖੇਤੋਂ ਸਾਗ ਦੀ ਚੀਰਨੀ ਨਹੀਂ ਤੋੜਨ ਦਿੱਤੀ। ਇਹ ਕਿੱਧਰੋਂ ਆ ਗਿਆ ਮੇਰੇ ਭਰਾ ਨੂੰ ਸੱਤ ਸੌ ਰੁਪਈਆ ਉਧਾਰ ਦੇਣ ਵਾਲਾ ? ... ਐਵੇਂ ਭਕਾਈ ਮਾਰਦੈ।

ਕਰਤਾਰਾ : *(ਖੁਸ਼ ਹੋ ਕੇ, ਏਧਰ ਓਧਰ ਵੇਖਦਾ ਹੋਇਆ)* ... ਓ ਪਈ ਭੋਲਾ ਜਾਣੀ ਬਚਨਾ ਕਾਰੀਗਰ ਕਿੱਧਰ ਗਿਆ ? ਹੁਣ ਤਾਂ ਉਸ ਦੀ ਬੋਲਣ ਦੀ ਵਾਰੀ ਸੀ ... ਬੀਬੋ ਨੇ ਤਾਂ ਕਮਾਲ ਕਰ 'ਤੀ, ਨਾਟਕ ਵਾਲੀ ਕੁੜੀ ਦਾ ਅੱਖਰ-ਅੱਖਰ ਯਾਦ ਕਰ ਲਿਆ। ਸ਼ਾਬਾਸ਼ੇ ਭੈਣੇ !

ਭੋਲਾ : *(ਰਤਾ ਕੁੱਬ ਕੱਢ ਕੇ ਬੁੱਢਿਆਂ ਵਾਂਗ ਪਿੱਛੇ ਹੱਥ ਕਰਕੇ ਤੁਰਦਾ ਹੋਇਆ ਆਉਂਦਾ ਹੈ)* ਹਜ਼ੂਰ ਅਫ਼ਸਰ ਸਾਹਿਬ ! ਮੈਂ ਬਾਹਰ ਖੜ੍ਹੇ ਨੇ ਸਾਰੇ ਰੌਲਾ

ਸੁਣ ਲਿਆ। ਪਾਲਾ ਜਾਣੀ ਕਰਪਾਲੂ ਕੰਜੂਸ ਬੰਦਾ ਈ ਬੜਾ ਮਾੜਾ ਹੈ ਜੀ। ਇਹਨੇ ਤਾਂ ਹਜ਼ੂਰ ਅਜੇ ਤਾਈਂ ਮੇਰੇ ਹਾੜੀ ਦੀ ਸੇਪੀ ਦੇ ਦਾਣੇ ਨਹੀਂ ਦਿੱਤੇ। ਤੁਸੀਂ ਚਿੜੀਏ ਜਾਣੀ ਘੀਲੇ ਦਾ ਅਨਸਾਫ਼ ਮਗਰੋਂ ਕਰਿਓ, ਪਹਿਲਾਂ ਮੇਰਾ ਹਸਾਬ ਇਹਦੇ ਨਾਲ ਕਰਾਓ ਜਨਾਬ !

ਕਰਤਾਰਾ : ਕਿਉਂ ਪਈ ਪਾਲਾ ਸਿੰਘ ਇਹ ਭੋਲਾ ਜਾਣੀ ਬਚਨਾ ਕਾਰੀਗਰ ਕੀ ਕਹਿੰਦੈ ? ਆਈ ਬਾਤ ਸਮਝ ਮੇਂ ?

ਪਾਲਾ : *(ਗੁੱਸੇ ਨਾਲ)* ਇਹ ਕਿੱਧਰ ਕੀਕਨੇ ਮੇਰੇ ਗਲ ਪਾ ਦਿੱਤੇ ਤੂੰ ... ਸੱਚ ਭੁੱਲ ਗਿਆ ਅਫ਼ਸਰ ਸਾਹਿਬ ! ਗੱਲ ਅਸਲ ਇਹ ਹੈ ਕਿ ਪਿੰਡ ਦੇ ਸਾਰੇ ਲੋਕ ਅੱਗੇ ਵਰਗੇ ਸਾਊ ਬੰਦੇ ਨਹੀਂ ਰਹੇ। ਅੱਗੇ ਲੋਕ ਇੱਕ-ਦੂਜੇ ਦਾ ਕੰਮ ਕਰਦੇ ਸੀ ਤੇ ਆਪਣੀ ਮਿਹਨਤ-ਮਜੂਰੀ ਲੈਂਦੇ ਸੀ। ਹੁਣ ਪਤਾ ਨਹੀਂ ਕਿਹੋ ਜਿਹਾ ਜ਼ਮਾਨਾ ਆ ਗਿਆ। ਇਹ ਰੱਬ ਜਿੱਡੇ ਜਿੱਡੇ ਤਾਂ ਝੂਠ ਮਾਰਦੇ ਐ, ਨਾਲੇ ਪੈਸੇ ਲੈ ਕੇ ਮੋੜਦਾ ਨਹੀਂ। ਉੱਤੋਂ ਦਾਬੇ ਦਿੰਦੇ ਐ ਕਿ ਅਸੀਂ ਤੈਥੋਂ ਕਿਹੜੀ ਰੋਕੜ ਲਈ ਸੀ। ਇਹ ਬਚਨਾ ਕਾਰੀਗਰ ਝੂਠ ਬੋਲਦਾ ਹੈ। ਨਾਲੇ ਘੀਲਾ ਮੇਰੇ ਪੈਸੇ ਮੁੱਕਰਦਾ ਹੈ ਤੇ ਮੈਨੂੰ ਡਰਾਵੇ ਵੀ ਦਿੰਦਾ ਰਹਿੰਦਾ ਹੈ।

ਬੀਬੋ : ਲੈ, ਸੁਣ ਲੋ ਇਹਦੀ ਗੱਲ। ਵੇ ਚੱਪਣ ਕੰਨਿਆਂ ! ਅਸੀਂ ਤੈਨੂੰ ਇਹ ਗੱਲ ਕਦੋਂ ਆਖੀ ਸੀ। ਤੂੰ ਐਡੇ ਐਡੇ ਕੁਫਰ ਤੋਲਦੈਂ, ਤੈਨੂੰ ਸ਼ਰਮ ਨਹੀਂ ਆਉਂਦੀ ? ਕਦੋਂ ਤੈਥੋਂ ਭਾਨ ਲਈ ਸੀ ਤੇ ਕਦੋਂ ਤੈਨੂੰ ਘੀਲੇ ਨੇ ਡਰਾਵੇ ਦਿੱਤੇ ਐ। ਰੁਪਈਆ ਤੈਥੋਂ ਪੰਜ ਸੌ ਲਿਆ ਸੀ ਜ਼ਰੂਰ। ਤੇ ਉਹ ਵੀ ਪਾਈ-ਪਾਈ ਨਬੇੜ ਦਿੱਤੇ, ਬਿਆਜ ਸਣੇ। ਤੂੰ ਲਿਖੀ ਫਿਰਦੈਂ ਸੱਤ ਸੌ ਤੇ ਬਿਆਜ ਅੱਡ। ਜਾਹ ਲਾ ਲੈ ਜੋਰ। ਦੁਆਨੀ ਨੀ ਦਿੰਦੇ।

ਕਰਤਾਰਾ : ਭਾਈ ਬੀਬੀ ਸ਼ਾਂਤੀ ਕਰੋ। ਹਮਾਰੀ ਬਾਤ ਸੁਣੋ। ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜੇ ਕੋਈ ਕਿਸੇ ਨੂੰ ਕਰਜ਼ਾ ਦੇ ਕੇ ਨਜੈਜ ਜਾਂ ਪੈਸੇ ਵੱਧ ਲਿਖੇਗਾ ਬਿਆਜ ਵੱਧ ਲਵੇਗਾ ਤਾਂ ਉਸਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ ਨਾਲੇ ਜਿਸ ਕਾ ਕਰਜ਼ਾ ਦਸ ਸਾਲ ਸੇ ਪੁਰਾਣਾ ਹੋ ਗਿਆ ਹੈ ਉਸ ਕੋ ਮਾਫ ਕੀਤਾ ਜਾਵੇਗਾ ! ਤੇ ਜੇ ਸ਼ਾਹੂਕਾਰ ਨੇ ਮੂਲ ਸੇ ਜ਼ਿਆਦਾ ਬਿਆਜ ਲੇ ਲਿਆ ਹੋਵੇ ਤਾਂ ਵਾਧੂ ਬਿਆਜ ਵੀ ਵਾਪਸ ਕਰਵਾਇਆ ਜਾਵੇਗਾ।

ਭੋਲਾ : ਤੇ ਹਜ਼ੂਰ ਮੇਰੀ ਸੇਪੀ ਦੇ ਦਾਣੇ ਵੀ ਦਿਵਾ ਦਿਓ, ਇਸ ਕੰਜੂਸ ਤੋਂ। ਮੈਂ ਤਾਂ ਕੰਮ ਕੀਤੈ ਕੋਈ ਮੁਫ਼ਤ 'ਚ ਤਾਂ ਨੀਂ ਮੰਗਦਾ ?

ਕਰਤਾਰਾ : ਅਬੀ ਠਹਿਰੋ, ਤੁਮਾਰੀ ਬਾਤ ਵੀ ਸੁਣਤੇ ਹੈਂ। *(ਸੋਟੀ ਉਤਾਂਹ ਚੁੱਕ ਕੇ)* ਅਫ਼ਸਰ ਕਾ ਹੁਕਮ ਸੁਣੋ। ਸਾਰੇ ਚੁੱਪ ਹੋ ਜਾਓ। ਆਈ ਬਾਤ ਸਮਝ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਜਾਣੀ | :ਕਹਿਣ ਦਾ ਭਾਵ, ਮਤਲਬ |
| ਸੇਪੀ | :ਅਨਾਜ ਦੇ ਸੇਵਾਫਲ ਬਦਲੇ ਕੰਮ ਕਰਾਉਣਾ |
| ਮਜੂਰੀ | :ਮਜ਼ਦੂਰੀ |
| ਜ਼ਮਾਨਾ | :ਸਮਾਂ |
| ਦਾਬੇ | :ਧਮਕਾਉਣਾ, ਡਰਾਉਣਾ |
| ਰੋਕੜ | :ਰਕਮ |
| ਮੁੱਕਰਦਾ | :ਇਨਕਾਰ |
| ਚੱਪਣ ਕੰਨਿਆਂ | :ਚੱਪਣ ਵਰਗੇ ਕੰਨਾਂ ਵਾਲਾ |
| ਕੁਫ਼ਰ | :ਝੂਠ |
| ਤੋਲਦੈਂ | :ਬੋਲਦਾ ਹੈਂ |
| ਭਾਨ | :ਪੈਸੇ (ਖੁੱਲ੍ਹੇ ਸਿੱਕੇ) |
| ਪਾਈ-ਪਾਈ | :ਇੱਕ ਇੱਕ ਪੈਸਾ, ਸਾਰੇ ਰੁਪਏ |
| ਸਣੇ | :ਸਮੇਤ |
| ਅੱਡ | :ਵੱਖਰਾ |
| ਮੂਲ | :ਮੂਲਧਨ, ਪੂੰਜੀ |
| ਕੌਡੀਆਂ | :ਸਿੱਪੀਆਂ |

ਮੇਂ ? *(ਸਾਰੇ ਚੁੱਪ ਚਾਪ ਕਤਾਰ ਬੰਨ੍ਹ ਕੇ ਖੜੋ ਜਾਂਦੇ ਹਨ)* ਅੱਛਾ ਭਾਈ ਪਾਲਾ ਸਿੰਘ, ਜਾਣੀ ਕਿਰਪਾਲੂ, ਏਸ ਵੇਲੇ, ਤੁਮਾਰੇ ਪਾਸ ਕਿਆ ਹੈ ?... ਹਮਾਰਾ ਮਤਲਬ ਹੈ ਕਿ ਕੋਈ ਪੈਸਾ-ਟਕਾ ਤੁਮਾਰੀ ਜੇਬ ਮੇਂ ਹੈ ? ... ਆਈ ਬਾਤ ਸਮਝ ਮੇਂ?

ਪਾਲਾ : *(ਜੇਬ ਚੌੜੀ ਕਰਕੇ ਵੇਖਦਾ ਹੋਇਆ)* ਤਿੰਨ ਦਸੀਆਂ, ਇੱਕ ਪੰਜੀ ਤੇ ਚਾਰ ਕੌਡੀਆਂ।

ਕਰਤਾਰਾ : *(ਗੰਭੀਰ ਹੋ ਕੇ)* ਅੱਛਾ, ਅਬ ਹਮਾਰਾ ਅਨਸਾਫ਼ ਸੁਣੋ। ਦੋ ਦਸੀਆਂ ਤੋਂ ਤੂੰ ਵਾਧੂ ਲਏ ਬਿਆਜ ਕੇ ਬਦਲੇ, ਚਿੜੀਏ ਜਾਣੀ ਘੀਲੇ ਕੋ ਦਿਓ, ਇੱਕ ਦਸੀ ਭੋਲੇ ਜਾਣੀ ਬਚਨੇ ਕਾਰੀਗਰ ਕੋ ਦਿਓ ਸੇਪੀ ਕੇ ਦਾਣਿਆਂ ਕੇ ਬਦਲੇ। ਬਾਕੀ ਪੰਜੀ ਹਮਾਰੀ ... ਨਹੀਂ ਨਹੀਂ, ਬੀਬੋ ਜਾਣੀ ਘੀਲੇ ਦੀ ਭੈਣ ਕੋ ਦਿਓ, ਇਹ ਛਾਪੇ ਕੀ ਪਾਪਲੀਣ ਦਾ ਸੂਟ ਸਮਾਏਗੀ। ਔਰ ਕੌਡੀਆਂ ਹਮ ਕੋ ਦਿਓ, ਹਮਾਰੇ ਪਾਸ ਖੇਡਣ ਕੋ ਨਹੀਂ ਹੈ। ਆਈ ਬਾਤ ਸਮਝ ਮੇਂ ? ਇਹ ਕੌਡੀਆਂ ਹਮ ਖੇਡਣ ਕੇ ਮਾਂਗਤਾ ਹੈ, ਰਿਸ਼ਵਤ ਨਹੀਂ ਲੇਤਾ।

*(ਚਿੜੀਆ ਤੇ ਭੋਲਾ ਪੋਲਾ-ਪੋਲਾ ਹਸਦੇ ਹਨ ਤੇ ਬੀਬੋ ਮੂੰਹ ਅੱਗੇ ਚੁੰਨੀ ਦਾ ਪੱਲਾ ਦੇ ਕੇ, ਪਾਲੇ ਵੱਲ ਕੁਨੱਖੀ ਝਾਕਦੀ ਹਾਸਾ ਰੋਕਣ ਦਾ ਯਤਨ ਕਰਦੀ ਹੈ।)*

ਪਾਲਾ : *(ਰੋਸ ਨਾਲ, ਜੇਬ ਵਿੱਚ ਹੱਥ ਪਾਈ ਖੜੋਤਾ ਹੈ)* ਬੱਲੇ ਓਇ ਵੱਡਿਆ ਚਲਾਕਾ ! ਇਹ ਚੰਗਾ ਨਾਟਕ ਰਚਣ ਲੱਗੇ ਓਂ ਤੁਸੀਂ ਸਾਰੇ ਗੋਂਦ ਗੁੰਦ ਕੇ। ਪੈਂਤੀ ਪੈਸੇ ਮੈਂ ਬਾਪੂ ਤੋਂ ਕਾਪੀ ਖਰੀਦਣ ਨੂੰ ਲਿਆਂਦੇ ਐ, ਤੁਸੀਂ ਪੈਸਿਆਂ ਦੇ ਨਾਲ ਮੇਰੀਆਂ ਕੌਡੀਆਂ ਵੀ ਖੋਹ ਲਓ।

*(ਸਾਰੇ ਉੱਚੀ ਉੱਚੀ ਹੱਸ ਪੈਂਦੇ ਹਨ)*

ਕਰਤਾਰਾ : *(ਹਸਦਾ ਹੋਇਆ)* ਓਇ ਜਾ ਓਇ ਮਾੜੇ ਜੇਰੇ ਵਾਲਿਆ ! ਤੈਥੋਂ ਤਾਂ ਐਵੇਂ ਐਵੇਂ ਤਮਾਸ਼ੇ 'ਚ ਵੀ ਦਲੇਰੀ ਨਾ ਵਿਖਾਈ ਗਈ। ਆਈ ਬਾਤ ਸਮਝ ਮੇਂ ?

ਪਾਲਾ : *(ਮੁਸਕਰਾਉਂਦਿਆਂ)* ਮੈਂ ਦਲੇਰੀ ਵਿਖਾ ਕੇ ਪੈਂਤੀ ਪੈਸੇ ਠਗਾ ਬੈਠਾਂ ਤੇ ਤੁਸੀਂ ਕੱਲ੍ਹ ਨੂੰ ਰਲ ਕੇ ਇਹਨਾਂ ਦੀਆਂ ਕੁਲਫੀਆਂ ਖਾ ਜਾਓ। ਨਾਲੇ ਮੈਨੂੰ ਸਕੂਲ 'ਚ ਮਖ਼ੌਲ ਕਰੋ। ਮੇਰਾ ਦਿਮਾਗ ਖ਼ਰਾਬ ਹੋਇਐ ?

ਕਰਤਾਰਾ : (ਉੱਠ ਕੇ ਪਾਲੇ ਦੇ ਮੋਢੇ 'ਤੇ ਹੱਥ ਰਖਦਿਆਂ) ਜਾਹ ਯਾਰ ਤੂੰ ਤਾਂ ਨਾਟਕ ਦਾ ਸੁਆਦ ਈ ਗਾਲ ਦਿੱਤਾ ਅਸੀਂ ਕੋਈ ਤੇਰੇ ਪੈਸੇ ਸੱਚੀ-ਮੁੱਚੀ ਲੈ ਜਾਂਦੇ ? ... ਚੱਲੋ ਹੁਣ ਖੇਲ੍ਹ ਖਤਮ ਤੇ ਪੈਸਾ ਹਜ਼ਮ। ਬਾਕੀ ਨਾਟਕ ਕੱਲ੍ਹ ਖੇਡਾਂਗੇ। *(ਸੋਟੀ ਉਤਾਂਹ ਚੁਕਦਾ ਹੋਇਆ ਖੱਬੇ ਪਾਸੇ ਤੁਰ ਜਾਂਦਾ ਹੈ।)*

**ਔਖੇ ਸ਼ਬਦਾਂ ਦੇ ਅਰਥ**

ਦੱਸੀਆਂ :ਦਸ ਪੈਸੇ ਦੇ ਬਹੁਤ ਸਾਰੇ ਸਿੱਕੇ
ਪੰਜੀ :ਪੰਜ ਪੈਸੇ
ਸਮਾਏਗੀ :ਬਣਵਾਏਗੀ
ਕੁਨੱਖੀ :ਚੋਰ ਅੱਖ ਨਾਲ ਵੇਖਣਾ
ਗੋਂਦ :ਪਲਾਟ, ਯੋਜਨਾ, ਤਰਤੀਬ
ਜੇਰਾ :ਸਾਹਸ, ਹਿੰਮਤ, ਜਿਗਰਾ
ਮਖ਼ੌਲ :ਮਜ਼ਾਕ, ਹਾਸਾ-ਠੱਠਾ, ਟਿਚਕਰ
ਗਾਲ਼ :ਖ਼ਰਾਬ

ਭੋਲਾ : (ਹੱਥ ਬੰਨ੍ਹ ਕੇ ਕੰਬਦੀ ਜਿਹੀ ਬੁੱਢਿਆਂ ਵਰਗੀ ਆਵਾਜ਼ ਵਿੱਚ) ਹਜ਼ੂਰ ਮਾਈ ਬਾਪ ! ਮੇਰੇ ਸੇਪੀ ਦੇ ਪੈਸੇ ਤਾਂ ਦਵਾ ਜਾਓ ... ਮੈਂ ਬੁੱਢਾ ਆਦਮੀ ਕੱਲ੍ਹ ਨੂੰ ਆਟਾ ਕਿੱਥੋਂ ਲਿਆਊਂ ?

ਬੀਬੋ : *(ਚੁੰਨੀ ਦਾ ਪੱਲਾ ਮੂੰਹ ਵਿਚ ਦੱਬ ਕੇ ਹਸਦੀ-ਹਸਦੀ ਕਰਤਾਰੇ ਦੇ ਮਗਰੇ ਜਾਂਦਿਆਂ ਤੇ ਭੋਲੇ ਵੱਲ ਮੂੰਹ ਕਰਦਿਆਂ)* ਵੀਰਾ ਰੋਟੀ ਤੂੰ ਅੱਜ ਸਾਡੇ ਘਰੇ ਖਾ ਲਈਂ। ਆਈ ਬਾਤ ਸਮਝ ਮੇਂ।

ਕਰਤਾਰਾ : *(ਫੇਰ ਬਾਹਰ ਆ ਕੇ)* ਤੁਮਾਰਾ ਅਨਸਾਫ਼ ਅਗਲੀ ਵਾਰ ਆ ਕੇ ਕਰਾਂਗੇ। ਅਗਲੇ ਮਹੀਨੇ ਦੀ ਸਤਾਰਾਂ ਤਰੀਕ ਕੋ ਆਉਣਾ। ਜਦੋਂ ਵਾਜ ਪਵੇ ਹਾਜ਼ਰ ਹੋਣਾ। ਵਾਜ ਐਸੇ ਪਏਗੀ : "ਭੋਲਾ ਜਾਣੀ ਬਚਨਾ ਕਾਰੀਗਰ ਹਾਜ਼ਰ ਹੋਵੇ ਬਈ ਓ ...।" ਆਈ ਬਾਤ ਸਮਝ ਮੇਂ ?

*(ਚਿੜੀਆ, ਭੋਲਾ ਤੇ ਪਾਲਾ ਸੱਜੇ ਪਾਸੇ ਤੁਰ ਜਾਂਦੇ ਹਨ ਤੇ ਬੀਬੋ ਤੇ ਕਰਤਾਰਾ ਖੱਬੇ ਪਾਸੇ ਚਲੇ ਜਾਂਦੇ ਹਨ।)*

ਪਾਲਾ : *(ਜਾਂਦਾ ਜਾਂਦਾ)* ਕਰਤਾਰੇ ਨੂੰ ਗੱਲ ਬੜੀ ਸੁੱਝੀ, ਮੁੰਡਿਓ ! ਤਦੇ ਇਹਦਾ ਨਾਂ ਸਕੂਲ 'ਚ ਮਾਸਟਰ ਜੀ ਨੇ ਕੌਤਕੀ ਰੱਖਿਐ ਨਾ।

*(ਉਹ ਤਿੰਨੇ ਖਿੜ-ਖਿੜਾ ਕੇ ਹਸਦੇ ਹਨ।)*

*(ਪਰਦਾ ਡਿਗਦਾ ਹੈ)*

**ਔਖੇ ਸ਼ਬਦਾਂ ਦੇ ਅਰਥ**

ਵਾਜ :ਆਵਾਜ਼



## ਟਿੱਪਣੀ

ਇਕਾਂਗੀਕਾਰ ਗੁਰਦਿਆਲ ਸਿੰਘ ਦਾ ਇਹ ਇੱਕ ਬਾਲ-ਇਕਾਂਗੀ ਹੈ। 10 ਤੋਂ 14 ਸਾਲ ਤੱਕ ਦੀ ਉਮਰ ਵਰਗ ਦੇ ਬੱਚੇ ਇਸ ਦੇ ਪਾਤਰ ਹਨ। ਇਕਾਂਗੀ ਵਿੱਚ ਇੱਕ ਨਾਟਕ ਖੇਡਣ ਦੀ ਜੁਗਤ ਰਾਹੀਂ ਇਸ ਵਿੱਚ ਹਾਸ-ਰਸ ਪੈਦਾ ਕੀਤਾ ਗਿਆ ਹੈ। ਇਸ ਦਾ ਵਿਸ਼ਾ ਕਿਰਸਾਨੀ ਸਮਾਜ ਨਾਲ ਸੰਬੰਧਤ ਹੈ। ਇਸ ਦਾ ਵਾਤਾਵਰਨ, ਸਮੱਸਿਆ ਅਤੇ ਸ਼ਬਦਾਵਲੀ ਮਾਲਵੇ ਦੀ ਝਲਕ ਪੇਸ਼ ਕਰਦੇ ਹਨ। ਕਰਤਾਰਾ, ਪਾਲਾ, ਚਿੜੀਆ, ਭੋਲਾ ਤੇ ਬੀਬੋ ਇਸ ਦੇ ਪੰਜ ਬਾਲ-ਪਾਤਰ ਹਨ। ਉਹ ਆਪਣੇ ਸੰਵਾਦਾਂ ਰਾਹੀਂ ਕਿਸਾਨ ਤੇ ਮਜ਼ਦੂਰ ਵਰਗ ਦੀਆਂ ਮਜ਼ਬੂਰੀਆਂ ਨੂੰ ਪੇਸ਼ ਕਰਨ ਲਈ 'ਤਮਾਸ਼ਾ' ਭਾਵ ਨਾਟਕ ਦੀ ਸਿਰਜਨਾ ਕਰਦੇ ਹਨ। ਮੁੱਖ ਸਮੱਸਿਆ ਮਜ਼ਦੂਰੀ ਅਤੇ ਵਿਆਜ 'ਤੇ ਪੈਸਿਆਂ ਦੇ ਲੈਣ-ਦੇਣ ਨਾਲ ਸਬੰਧਤ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਇਸ ਇਕਾਂਗੀ ਵਿੱਚ ਖੇਡੇ ਗਏ ਨਾਟਕ ਦੇ ਪਾਤਰਾਂ ਦੀ ਜਾਣਕਾਰੀ ਦਿਓ।

(ii) ਪਾਲਾ ਕਰਤਾਰੇ ਕੋਲ ਕਿਹੜੀ ਫ਼ਰਿਆਦ ਲੈ ਕੇ ਆਉਂਦਾ ਹੈ ?

(iii) ਭੋਲੇ ਨੇ ਪਾਲੇ ਦੀ ਕੀ ਸ਼ਿਕਾਇਤ ਕੀਤੀ ?
(iv) ਕਰਤਾਰਾ ਕੀ ਇਨਸਾਫ਼ ਕਰਦਾ ਹੈ ?
(v) ਬੀਬੋ ਚਿੜੀਏ ਦੀ ਭੈਣ ਕਿਉਂ ਨਹੀਂ ਬਣਨਾ ਚਾਹੁੰਦੀ ?
(vi) ਪਾਲਾ ਨਵੇਂ ਤੇ ਪੁਰਾਣੇ ਬੰਦਿਆਂ ਦੀ ਤੁਲਨਾ ਕਰਦਾ ਹੋਇਆ ਕੀ ਕਹਿੰਦਾ ਹੈ ?
(vii) ਭੋਲਾ ਕਿਸ ਚੀਜ਼ ਦੇ ਪੈਸੇ ਮੰਗਦਾ ਹੈ ?

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਵਿਆਜ 'ਤੇ ਪੈਸੇ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਅਕਸਰ ਚਿੰਤਤ ਵੇਖਿਆ ਜਾਂਦਾ ਹੈ। ਕਿਸੇ ਅਜਿਹੇ ਵਿਅਕਤੀ ਦਾ ਪਾਤਰ-ਚਿਤਰਨ ਕਰੋ।

(ii) ਕੀ ਤੁਸੀਂ ਕਦੇ ਕਿਸੇ ਜਾਦੂਗਰ ਦੀ ਖੇਡ ਜਾਂ ਤਮਾਸ਼ਾ ਵੇਖਿਆ ਹੈ ? ਅਜਿਹੇ ਦ੍ਰਿਸ਼ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(iii) ਜੇਕਰ ਤੁਹਾਨੂੰ ਜੱਜ ਬਣਨ ਦਾ ਮੌਕਾ ਦਿੱਤਾ ਜਾਵੇ ਤਾਂ ਕੇਸਾਂ ਦਾ ਨਿਪਟਾਰਾ ਕਰਨ ਬਾਰੇ ਤੁਹਾਡਾ ਕੀ ਦ੍ਰਿਸ਼ਟੀਕੋਣ ਹੈ ? ਵਿਚਾਰ ਪੇਸ਼ ਕਰੋ।

(iv) ਕੀ ਤੁਸੀਂ ਕਦੇ ਕਿਸੇ ਨਾਟਕ ਵਿੱਚ ਹਿੱਸਾ ਲਿਆ ਹੈ ? ਆਪਣਾ ਅਨੁਭਵ ਪੇਸ਼ ਕਰੋ।

(v) ਕਿਸੇ ਅੱਖੀਂ ਦੇਖੇ ਨਾਟਕ ਦੇ ਪਾਤਰਾਂ ਤੇ ਮੰਚ ਦੇ ਦ੍ਰਿਸ਼ ਨੂੰ ਇੱਕ ਚਾਰਟ ਉਪਰ ਦਰਸਾਉਣ ਦੀ ਕੋਸ਼ਿਸ਼ ਕਰੋ।

### ਅ. ਵਚਨ ਬਦਲੋ :

(i) ਭਾਂਡਾ ...
(ii) ਮੁੰਡਾ ...
(iii) ਕੁੜੀ ...
(iv) ਮੂੜ੍ਹਾ ...
(v) ਗਧਾ ...
(vi) ਤਮਾਸ਼ਾ ...
(vii) ਕੁਰਸੀ ...
(viii) ਮਾਂ ...
(ix) ਪੱਗ ...
(x) ਸੂਟ ...

**ੲ. ਹੇਠ ਲਿਖੇ ਸ਼ਬਦਾਂ ਦਾ ਸ਼ੁੱਧ ਰੂਪ ਲਿਖੋ :**

(i) ਅਨਸਾਫ਼ ...

(ii) ਕਨਜੂਸ ...

(iii) ਕੌਢੀਆਂ ...

(iv) ਬੁੱਡਾ ...

**ਸ. ਹੇਠ ਲਿਖੇ ਧਾਤੂਆਂ ਤੋਂ ਕਿਰਿਆਵਾਂ ਬਣਾਓ :**

(i) ਖਾ ...

(ii) ਜਾ ...

(iii) ਸੋਚ ...

(iv) ਰੱਖ ...

(v) ਸੁਣ ...

(vi) ਉੱਠ ...

**ਹ. ਹੇਠ ਲਿਖੇ ਵਾਕਾਂ ਵਿੱਚ ਕਿਰਿਆ ਵਿਸ਼ੇਸ਼ਣਾਂ ਦੀ ਪਛਾਣ ਕਰੋ :**

(i) ਬੀਬੋ ਹੌਲੀ-ਹੌਲੀ ਬੋਲਦੀ ਹੈ। ...

(ii) ਅਗਲੇ ਮਹੀਨੇ ਦੀ ਸਤਾਰਾਂ ਤਰੀਕ ਨੂੰ ਇਥੇ ਆਉਣਾ। ...

(iii) ਲੋਕ ਕਿਉਂ ਰੋਜ਼ ਲੜਦੇ ਹਨ ? ...

(iv) ਕਰਤਾਰਾ ਵਧੀਆ ਇਨਸਾਫ਼ ਜ਼ਰੂਰ ਕਰੇਗਾ। ...

(v) ਬੀਬੋ ਖੇਤ ਵਿਚੋਂ ਸਾਗ ਦੀ ਚੀਰਨੀ ਛੇਤੀਂ-ਛੇਤੀਂ ਤੋੜ ਰਹੀ ਹੈ। ...

**ਕ. ਹੇਠ ਲਿਖੇ ਵਾਕਾਂ ਵਿੱਚ ਕਾਲ ਦੇ ਵੱਖੋ-ਵੱਖਰੇ ਰੂਪਾਂ ਦੀ ਪਛਾਣ ਕਰੋ :**

(i) ਕਰਤਾਰਾ ਇਨਸਾਫ਼ ਪਸੰਦ ਆਦਮੀ ਸੀ। ...

(ii) ਪਾਲਾ ਦੋ ਘੰਟਿਆਂ ਤੋਂ ਰਿਹਰਸਲ ਕਰ ਰਿਹਾ ਸੀ। ...

(iii) ਚਿੜੀਆ ਆ ਰਿਹਾ ਹੈ। ...

(iv) ਘੀਲੇ ਦੀ ਭੈਣ ਪਾਪਲੀਣ ਦਾ ਸੂਟ ਸਿਲਾਊਗੀ। ...

(v) ਬੀਬੋ ਨਾਟਕ ਵਿਚ ਘੀਲੇ ਦੀ ਭੈਣ ਦੀ ਭੂਮਿਕਾ ਨਿਭਾਉਂਦੀ ਹੈ। ...

**ਖ. ਹੇਠ ਲਿਖਿਆਂ ਅਖਾਣਾਂ ਦੇ ਅਰਥ ਦੱਸ ਕੇ ਵਾਕ ਬਣਾਉ :**

(i) ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ ...

(ii) ਅੱਖੀਂ ਵੇਖ ਕੇ ਮੱਖੀ ਨਹੀਂ ਨਿਗਲੀ ਜਾਂਦੀ ...

(iii) ਸਾਈਆਂ ਕਿਤੇ ਵਧਾਈਆਂ ਕਿਤੇ ...

(iv) ਇੱਕ ਚੁੱਪ ਸੌ ਸੁੱਖ ....

(v) ਹਾਂਡੀ ਉਬਲੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ ...

# ਕਰਤਾਰ ਸਿੰਘ ਸਰਾਭਾ

## ਡਾ. ਹਰਬੰਸ ਸਿੰਘ ਚਾਵਲਾ



### ਸ਼ਖ਼ਸੀਅਤ ਤੇ ਰਚਨਾ

ਸਿੱਖ ਇਤਿਹਾਸ ਅਤੇ ਬਾਲ ਸਾਹਿਤ ਲਿਖਣ ਵਾਲਿਆਂ ਦੋਹਾਂ ਹੀ ਖੇਤਰਾਂ ਵਿੱਚ ਡਾ. ਹਰਬੰਸ ਸਿੰਘ ਚਾਵਲਾ ਇੱਕ ਮਹੱਤਵਪੂਰਨ ਸਥਾਨ ਰੱਖਦੇ ਹਨ। ਆਪ ਜੀ ਦਾ ਜਨਮ 15 ਅਪਰੈਲ, 1937 ਈ. ਨੂੰ ਪਿੰਡ ਮੁਹਾਵਾ, ਮੰਡੀ ਬਹਾਉਦੀਨ, ਜ਼ਿਲ੍ਹਾ ਗੁਜਰਾਤ, ਤਹਿਸੀਲ ਫ਼ਾਲੀਆ (ਪਾਕਿਸਤਾਨ) ਵਿੱਚ ਹੋਇਆ। ਆਪ ਜੀ ਦੇ ਮਾਤਾ ਜੀ ਦਾ ਨਾਂ ਮਾਇਆ ਦੇਵੀ ਅਤੇ ਪਿਤਾ ਜੀ ਦਾ ਨਾਂ ਮੂਲਾ ਸਿੰਘ ਸੀ। ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ ਤੋਂ ਬਤੌਰ ਇਤਿਹਾਸ ਦੇ ਪ੍ਰੋਫ਼ੈਸਰ ਸੇਵਾ-ਮੁਕਤ ਹੋਏ। ਉਨ੍ਹਾਂ ਵਲੋਂ ਦਰਜਨ ਤੋਂ ਵੱਧ ਪੁਸਤਕਾਂ ਸਿੱਖ ਇਤਿਹਾਸ ਨਾਲ ਸੰਬੰਧਤ ਪੁਸਤਕਾਂ, 8 ਕਹਾਣੀ ਸੰਗ੍ਰਹਿ ਅਤੇ 1 ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ।

### ਕਰਤਾਰ ਸਿੰਘ ਸਰਾਭਾ

16 ਨਵੰਬਰ, 1915 ਨੂੰ ਜਦੋਂ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦਿੱਤੀ ਗਈ ਤਾਂ ਉਸ ਦੀ ਉਮਰ 19 ਸਾਲ ਅਤੇ ਕੁਝ ਮਹੀਨੇ ਸੀ। ਭਾਰਤ ਦੀ ਅਜ਼ਾਦੀ ਲਈ ਸ਼ਹੀਦ ਹੋਣ ਵਾਲੇ ਨੌਜਵਾਨਾਂ ਵਿੱਚੋਂ ਉਹ ਸਭ ਤੋਂ ਘੱਟ ਉਮਰ ਦਾ ਕ੍ਰਾਂਤੀਕਾਰੀ ਸੀ। ਉਹ ਗ਼ਦਰ ਲਹਿਰ ਦੇ ਮੋਢੀਆਂ ਵਿੱਚੋਂ ਸੀ, ਜਿਨ੍ਹਾਂ ਨੇ ਅੰਗਰੇਜ਼ਾਂ ਵਿਰੁੱਧ ਸ਼ਸਤਰ ਕ੍ਰਾਂਤੀ ਲਿਆ ਕੇ ਦੇਸ ਨੂੰ ਅਜ਼ਾਦ ਕਰਾਉਣ ਦਾ ਸੁਪਨਾ ਵੇਖਿਆ ਸੀ। ਗ਼ਦਰ ਲਹਿਰ ਦਾ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ, ਉਸ ਨੂੰ 'ਬਾਬਾ ਜਰਨੈਲ' ਕਹਿ ਕੇ ਬੁਲਾਇਆ ਕਰਦਾ ਸੀ। ਭਗਤ ਸਿੰਘ ਉਸ ਨੂੰ ਆਪਣਾ ਪ੍ਰੇਰਨਾ ਸਰੋਤ, ਆਪਣਾ ਗੁਰੂ, ਆਪਣਾ ਮਿੱਤਰ ਅਤੇ ਆਪਣਾ ਭਰਾ ਕਹਿ ਕੇ ਯਾਦ ਕਰਦਾ ਸੀ। ਜਦੋਂ ਭਗਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਕਰਤਾਰ ਸਿੰਘ ਦੀ ਤਸਵੀਰ ਉਸ ਦੀ ਜੇਬ ਵਿੱਚ ਸੀ, ਜਿਸ ਨੂੰ ਉਹ ਹਮੇਸ਼ਾ ਆਪਣੇ ਕੋਲ ਰੱਖਦਾ ਹੁੰਦਾ ਸੀ।

ਸੰਨ 1912 ਦੀ ਗੱਲ ਹੈ। 15 ਕੁ ਸਾਲ ਦਾ ਇੱਕ ਨੌਜਵਾਨ ਭਾਰਤ ਤੋਂ ਚੱਲ ਕੇ ਅਮਰੀਕਾ ਦੀ ਬੰਦਰਗਾਹ 'ਤੇ ਪੁੱਜਿਆ। ਜਹਾਜ਼ ਦੇ ਹੋਰ ਮੁਸਾਫ਼ਰਾਂ ਨੂੰ ਉਤਰ ਜਾਣ ਦੀ ਆਗਿਆ ਮਿਲ ਗਈ ਪਰ ਭਾਰਤ ਤੋਂ ਆਏ ਹਿੰਦੀਆਂ ਨੂੰ ਰੋਕ ਦਿੱਤਾ ਗਿਆ। ਉਨ੍ਹਾਂ ਵਿੱਚ ਇਹ ਨੌਜਵਾਨ ਵੀ ਸੀ ਜਿਹੜਾ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਅਮਰੀਕਾ ਵਰਗੇ ਅਜ਼ਾਦ ਦੇਸ ਵਿੱਚ ਪਹੁੰਚਿਆ ਸੀ। ਇਮੀਗਰੇਸ਼ਨ ਅਧਿਕਾਰੀ ਨੇ ਜਹਾਜ਼ ਤੋਂ ਉਤਰਦਿਆਂ ਹੀ ਉਸ ਨੂੰ ਪੁੱਛਿਆ :



"ਤੇਰਾ ਨਾਂ ਕੀ ਹੈ ?"

"ਕਰਤਾਰ ਸਿੰਘ ਸਰਾਭਾ।"

"ਤੂੰ ਇੱਥੇ ਕੀ ਕਰਨ ਆਇਆ ਹੈਂ ?"

"ਮੈਂ ਇੱਥੇ ਵਿਦਿਆ ਪ੍ਰਾਪਤ ਕਰਨ ਲਈ ਆਇਆ ਹਾਂ।"

"ਕੀ ਹਿੰਦੁਸਤਾਨ ਵਿੱਚ ਪੜ੍ਹਣ ਲਈ ਕੋਈ ਥਾਂ ਨਹੀਂ ਸੀ ?"

"ਹਿੰਦੁਸਤਾਨ ਵਿੱਚ ਯੂਨੀਵਰਸਿਟੀਆਂ ਤਾਂ ਹਨ ਪਰ ਮੈਨੂੰ ਪਤਾ ਲਗਾ ਹੈ ਕਿ ਅਮਰੀਕਾ ਵਿੱਚ ਬਹੁਤ ਚੰਗੀਆਂ ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿੱਚ ਕਈ ਦੇਸਾਂ ਦੇ ਵਿਦਿਆਰਥੀ ਆ ਕੇ ਪੜ੍ਹਦੇ ਹਨ। ਮੈਂ ਵੀ ਇੱਥੇ ਪੜ੍ਹਨਾ ਚਾਹੁੰਦਾ ਹਾਂ ਤੇ ਕੁਝ ਬਣਨਾ ਚਾਹੁੰਦਾ ਹਾਂ।"

"ਜੇ ਤੈਨੂੰ ਇਥੇ ਉਤਰਨ ਨਾ ਦਿੱਤਾ ਜਾਵੇ ਅਤੇ ਵਾਪਸ ਮੋੜ ਦਿੱਤਾ ਜਾਵੇ ਤਾਂ ਕੀ ਕਰੇਂਗਾ ?"

"ਅਮਰੀਕਾ ਵਰਗੇ ਅਜ਼ਾਦ ਦੇਸ ਵਿੱਚ ਵੀ ਜੇ ਵਿਦਿਆਰਥੀਆਂ ਨੂੰ ਰੋਕਾਂ ਪਾਈਆਂ ਜਾਂਦੀਆਂ ਹਨ ਤਾਂ ਸੰਸਾਰ ਦੀ ਉੱਨਤੀ ਕਿਵੇਂ ਹੋਵੇਗੀ ? ਮੇਰੀ ਬੇਨਤੀ ਹੈ ਕਿ ਮੈਨੂੰ ਨਾ ਰੋਕਿਆ ਜਾਵੇ। ਕੀ ਪਤਾ ਮੈਂ ਇੱਥੋਂ ਵਿੱਦਿਆ ਪ੍ਰਾਪਤ ਕਰਕੇ ਸੰਸਾਰ ਦੇ ਭਲੇ ਦਾ ਕੋਈ ਮਹਾਨ ਕੰਮ ਕਰ ਸਕਾਂ, ਜਿਸ ਨਾਲ ਹਿੰਦੁਸਤਾਨ ਦੀ ਹੀ ਨਹੀਂ ਅਮਰੀਕਾ ਦੀ ਵੀ ਇੱਜ਼ਤ ਵਧ ਸਕੇ।"

ਇਹ ਸੁਣ ਕੇ ਇਮੀਗਰੇਸ਼ਨ ਅਧਿਕਾਰੀ ਖੁਸ਼ ਹੋ ਗਿਆ ਤੇ ਉਸ ਨੇ ਸਰਾਭਾ ਨੂੰ ਸਾਨਫ਼ਰਾਂਸਿਸਕੋ ਉਤਰਨ ਦੀ ਆਗਿਆ ਦੇ ਦਿੱਤੀ।

ਕਰਤਾਰ ਸਿੰਘ ਦਾ ਜਨਮ ਪਿੰਡ ਸਰਾਭਾ, ਜ਼ਿਲ੍ਹਾ ਲੁਧਿਆਣਾ ਵਿੱਚ ਮੰਗਲ ਸਿੰਘ ਦੇ ਘਰ 24 ਮਈ, 1896 ਵਿੱਚ ਹੋਇਆ। ਉਹ ਰੱਜੇ ਪੁੱਜੇ ਕਿਸਾਨ ਸਨ। ਪਿੰਡ ਵਿੱਚ ਉਨ੍ਹਾਂ ਦੀ ਚੋਖੀ ਜ਼ਮੀਨ ਸੀ। ਕਰਤਾਰ ਸਿੰਘ ਅਜੇ ਬੱਚਾ ਹੀ ਸੀ ਕਿ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ। ਸਰਾਭਾ ਦਾ ਪਾਲਣ-ਪੋਸਣ ਆਪ ਦੇ ਦਾਦਾ ਬਚਨ ਸਿੰਘ ਨੇ ਕੀਤਾ। ਉਨ੍ਹਾਂ ਦੀ

**ਔਖੇ ਸ਼ਬਦਾਂ ਦੇ ਅਰਥ**

ਮੋਢੀਆਂ : ਬਾਨੀਆਂ
ਹਿੰਦੀਆਂ : ਹਿੰਦੁਸਤਾਨੀਆਂ
ਉੱਨਤੀ : ਤਰੱਕੀ
ਚੋਖੀ : ਬਹੁਤ ਜ਼ਿਆਦਾ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਰੀਝ | : ਇੱਛਾ |
| ਅਵਸਰ | : ਮੌਕਾ |
| ਤੀਖਣ | : ਤੇਜ਼ |
| ਮੁਹਾਰਤ | : ਨਿਪੁੰਨਤਾ |

ਇਹ ਰੀਝ ਸੀ ਕਿ ਸਰਾਭਾ ਵੱਡਾ ਹੋ ਕੇ ਕੋਈ ਵੱਡਾ ਸਰਕਾਰੀ ਅਫ਼ਸਰ ਬਣੇ। ਕਰਤਾਰ ਸਿੰਘ ਦੀ ਇੱਕ ਛੋਟੀ ਭੈਣ ਵੀ ਸੀ, ਜਿਸ ਦਾ ਨਾਂ ਧੰਨ ਕੌਰ ਸੀ।

ਕਰਤਾਰ ਸਿੰਘ ਦਾ ਬਚਪਨ ਬੜੇ ਲਾਡ ਪਿਆਰ ਵਿੱਚ ਬੀਤਿਆ। ਪੰਜ ਕੁ ਸਾਲ ਦੀ ਉਮਰ ਵਿੱਚ ਉਸ ਨੂੰ ਸਰਾਭੇ ਦੇ ਪ੍ਰਾਇਮਰੀ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ ਗਿਆ। ਉਸ ਤੋਂ ਬਾਅਦ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਵਿੱਚ ਦਾਖ਼ਲ ਹੋ ਗਿਆ। ਇੱਥੋਂ ਉਸ ਨੇ ਮਿਡਲ ਪਾਸ ਕੀਤੀ ਤੇ ਫਿਰ ਮਿਸ਼ਨ ਹਾਈ ਸਕੂਲ ’ਚ ਦਾਖ਼ਲਾ ਲੈ ਲਿਆ। ਇੱਥੇ ਪੜ੍ਹਾਈ ਵਿੱਚ ਦਿਲ ਨਾ ਲਗਣ ਕਰਕੇ ਉਹ ਨੌਵੀਂ ਜਮਾਤ ਦੀ ਪੜ੍ਹਾਈ ਵਿੱਚੇ ਹੀ ਛੱਡ ਕੇ ਆਪਣੇ ਚਾਚਾ ਜੀ ਕੋਲ ਉੜੀਸਾ ਚਲਾ ਗਿਆ।

ਉੜੀਸਾ ਵਿੱਚ ਰਹਿੰਦਿਆਂ ਉਸ ਨੇ ਦਸਵੀਂ ਪਾਸ ਕੀਤੀ। ਇਨ੍ਹਾਂ ਦਿਨਾਂ ਵਿੱਚ ਹੀ ਬੰਗਾਲ ਅਤੇ ਉੜੀਸਾ ਵਿੱਚ ਅਜ਼ਾਦੀ ਸਬੰਧੀ ਜਾਗ੍ਰਤੀ ਪੈਦਾ ਹੋ ਰਹੀ ਸੀ। ਉਸ ਨੇ ਅੰਗਰੇਜ਼ੀ ਅਖ਼ਬਾਰਾਂ ਰਾਹੀਂ ਦੇਸ-ਵਿਦੇਸ਼ ਵਿੱਚ ਵਾਪਰ ਰਹੀਆਂ ਘਟਨਾਵਾਂ ਬਾਰੇ ਪੜ੍ਹਿਆ। ਉਸ ਨੇ ਪਹਿਲੀ ਵਾਰ ਇਹ ਮਹਿਸੂਸ ਕੀਤਾ ਕਿ ਅੰਗਰੇਜ਼ੀ ਸਾਮਰਾਜ ਕਿਸ ਬੇਦਰਦੀ ਨਾਲ ਭਾਰਤਵਾਸੀਆਂ ਦਾ ਲਹੂ ਚੂਸ ਰਿਹਾ ਸੀ। ਇੱਥੇ ਉਸ ਨੂੰ ਅਗਾਂਹਵਧੂ ਸਾਹਿਤ, ਇਤਿਹਾਸ ਅਤੇ ਰਾਜਨੀਤੀ ਨਾਲ ਸੰਬੰਧਤ ਕਈ ਪੁਸਤਕਾਂ ਪੜ੍ਹਨ ਦਾ ਅਵਸਰ ਵੀ ਮਿਲਿਆ। ਉਹ ਬੜਾ ਸਮਝਦਾਰ ਅਤੇ ਤੀਖਣ ਬੁੱਧੀ ਵਾਲਾ ਵਿਦਿਆਰਥੀ ਸੀ। ਉਸ ਨੇ ਆਪਣੀ ਮਾਤ-ਭਾਸ਼ਾ ਪੰਜਾਬੀ ਦੇ ਨਾਲ-ਨਾਲ ਹਿੰਦੀ, ਉਰਦੂ ਅਤੇ ਅੰਗਰੇਜ਼ੀ ਦੀ ਚੰਗੀ ਮੁਹਾਰਤ ਹਾਸਲ ਕਰ ਲਈ ਸੀ। ਉਸ ਨੂੰ ਫੁਟਬਾਲ ਅਤੇ ਕ੍ਰਿਕਟ ਖੇਡਣ ਦਾ ਵੀ ਬਹੁਤ ਸ਼ੌਕ ਸੀ।

ਦੇਸ ਨੂੰ ਅਜ਼ਾਦ ਕਰਵਾਉਣ ਲਈ ਕ੍ਰਾਂਤੀਕਾਰੀ ਸੋਚ ਰੱਖਣ ਵਾਲਿਆਂ ਦੀ ਇੱਕ ਨਵੀਂ ਸੰਸਥਾ ਬਣਾਈ ਗਈ। ਇਸ ਦਾ ਨਾਮ ‘ਦੀ ਹਿੰਦੀ ਐਸੋਸੀਏਸ਼ਨ ਆਫ਼ ਪੈਸਿਫ਼ਿਕ ਕੋਸਟ’ ਰੱਖਿਆ ਗਿਆ। ਸਰਾਭਾ ਨੂੰ ਉਸ ਦੀ ਛੋਟੀ ਉਮਰ ਕਰਕੇ ਪਾਰਟੀ ਦਾ ਕੋਈ ਅਹੁਦਾ ਨਾ ਦਿੱਤਾ ਗਿਆ ਪਰ ਇੱਕ ਨਵੰਬਰ, 1913 ਨੂੰ ਜਦੋਂ ‘ਗ਼ਦਰ’ ਪਰਚੇ ਦਾ ਪ੍ਰਕਾਸ਼ਨ ਸ਼ੁਰੂ ਹੋਇਆ ਤਾਂ ਉਸ ਦੀ ਸਾਰੀ ਜ਼ਿੰਮੇਵਾਰੀ ਕਰਤਾਰ ਸਿੰਘ ਨੂੰ ਹੀ ਸੌਂਪੀ ਗਈ। ਇਸ ਪਰਚੇ ਦੇ ਨਾਂ ’ਤੇ ਹੀ ‘ਹਿੰਦੀ ਐਸੋਸੀਏਸ਼ਨ ਆਫ਼ ਪੈਸਿਫ਼ਿਕ ਕੋਸਟ’ ਦਾ ਨਾਂ ਬਦਲ ਕੇ ‘ਗ਼ਦਰ ਲਹਿਰ’ ਪ੍ਰਸਿੱਧ ਹੋ ਗਿਆ।

ਸਰਾਭਾ ਗ਼ਦਰ ਲਈ ਬੜੀਆਂ ਜੋਸ਼ੀਲੀਆਂ ਕਵਿਤਾਵਾਂ ਲਿਖਿਆ ਕਰਦਾ ਸੀ। ਜਦੋਂ ਪਰਚੇ ਦੀਆਂ ਕਾਪੀਆਂ ਆਪਣੇ ਸਾਈਕਲ ’ਤੇ ਰੱਖ ਕੇ ਉਹ ਘਰੋ-ਘਰੀਂ ਵੰਡਣ ਜਾਂਦਾ ਤਾਂ ਉਸ ਦੇ ਬੁਲ੍ਹਾਂ ’ਤੇ ਅਕਸਰ ਇਹ ਪੰਕਤੀਆਂ ਹੋਇਆ ਕਰਦੀਆਂ ਸਨ :

*ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,*
*ਗੱਲਾਂ ਕਰਨੀਆਂ ਢੇਰ ਸੁਖਲੀਆਂ ਨੇ।*
*ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,*
*ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।*

ਜਦੋਂ ਇਹ ਨੌਜਵਾਨ ਕ੍ਰਾਂਤੀਕਾਰੀ ਦੇਸ਼ ਨੂੰ ਅਜ਼ਾਦ ਕਰਵਾਉਣ ਦੇ ਆਪਣੇ ਮਿਸ਼ਨ ਦੀ ਪੂਰਤੀ ਵਿੱਚ ਲਗ ਗਿਆ ਉਦੋਂ ਉਸ ਦੀ ਉਮਰ ਕੇਵਲ 18 ਸਾਲ ਦੀ ਸੀ। ਉਸ ਦਾ ਨਿੱਤ ਦਾ ਪ੍ਰੋਗਰਾਮ ਇਸ ਤਰ੍ਹਾਂ ਸੀ ਕਿ ਉਹ ਪਿੰਡਾਂ ਵਿੱਚ ਜਾਂਦਾ, ਲੋਕਾਂ ਨੂੰ ਮਿਲਦਾ, ਉਨ੍ਹਾਂ ਵਿੱਚ ਗ਼ਦਰ ਦਾ ਪ੍ਰਚਾਰ ਕਰਦਾ ਅਤੇ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਤਿਆਰ ਹੋ ਜਾਣ ਲਈ ਪ੍ਰੇਰਦਾ।

ਕਰਤਾਰ ਸਿੰਘ ਸਰਾਭਾ ਉਸ ਸਮੇਂ ਗ਼ਦਰ ਲਹਿਰ ਦੀ ਅਗਵਾਈ ਕਰ ਰਿਹਾ ਸੀ। ਉਹ ਫ਼ੌਜੀ ਛਾਉਣੀਆਂ 'ਤੇ ਹਮਲੇ ਕਰਕੇ ਉੱਥੋਂ ਕੁਝ ਹਥਿਆਰ ਪ੍ਰਾਪਤ ਕਰਨਾ ਚਾਹੁੰਦਾ ਸੀ। ਇਸ ਕੰਮ ਲਈ ਪਾਰਟੀ ਦੇ ਜ਼ਿੰਮੇਵਾਰ ਮੈਂਬਰਾਂ ਨੂੰ ਵੱਖੋ-ਵੱਖਰੀਆਂ ਛਾਉਣੀਆਂ ਦਾ ਜਾਇਜ਼ਾ ਲੈਣ ਲਈ ਨਿਯੁਕਤ ਕੀਤਾ ਗਿਆ। ਇਨ੍ਹਾਂ ਸਾਰਿਆਂ ਵਿੱਚ ਤਾਲਮੇਲ ਬਣਾਈ ਰੱਖਣ ਦੀ ਜ਼ਿੰਮੇਵਾਰੀ ਕਰਤਾਰ ਸਿੰਘ ਦੀ ਸੀ ਜਿਸ ਨੂੰ ਨਾ ਸਮੇਂ ਸਿਰ ਖਾਣ-ਪੀਣ ਦੀ ਵਿਹਲ ਸੀ ਤੇ ਨਾ ਆਰਾਮ ਕਰਨ ਦੀ। ਉਸ ਦੇ ਦਿਲੋ-ਦਿਮਾਗ 'ਤੇ ਬਸ ਇੱਕੋ ਹੀ ਵਿਚਾਰ ਛਾਇਆ ਹੋਇਆ ਸੀ ਕਿ ਆਪਣੇ ਗੁਲਾਮ ਦੇਸ਼ ਨੂੰ ਕਿਸ ਤਰ੍ਹਾਂ ਅਜ਼ਾਦ ਕਰਵਾਇਆ ਜਾਵੇ।

ਗ਼ਦਰ ਲਹਿਰ ਸ਼ੁਰੂ ਕਰਨ ਲਈ 21 ਫਰਵਰੀ, 1915 ਦਾ ਦਿਨ ਨਿਸ਼ਚਿਤ ਕੀਤਾ ਗਿਆ। ਇਸ ਲਈ ਸਾਰੀਆਂ ਤਿਆਰੀਆਂ ਵੀ ਮੁਕੰਮਲ ਕਰ ਲਈਆਂ ਗਈਆਂ। ਗ਼ਦਰ ਮੇਰਠ, ਫ਼ਿਰੋਜ਼ਪੁਰ ਅਤੇ ਮੀਆਂਮੀਰ (ਲਾਹੌਰ) ਤੋਂ ਸ਼ੁਰੂ ਹੋਣਾ ਸੀ। ਸਰਾਭਾ ਨੇ ਫ਼ਿਰੋਜ਼ਪੁਰ ਅਤੇ ਵਿਸ਼ਨੂੰ ਗਣੇਸ਼ ਪਿੰਗਲੇ ਨੇ ਮੇਰਠ ਦੀ ਕਾਰਵਾਈ ਵਿੱਚ ਹਿੱਸਾ ਲੈਣਾ ਸੀ। ਗ਼ਦਰ ਦੇ ਕੁਝ ਹੋਰ ਪ੍ਰਮੁੱਖ ਨੇਤਾਵਾਂ ਨੇ 20 ਫਰਵਰੀ, 1915 ਨੂੰ ਲੋਪੋਕੇ ਦੇ ਪੁਲਿਸ ਸਟੇਸ਼ਨ 'ਤੇ ਹਮਲਾ ਬੋਲ ਕੇ 21 ਫਰਵਰੀ, 1915 ਨੂੰ ਲਾਹੌਰ ਪਹੁੰਚਣਾ ਸੀ। ਪਰ ਇਸ ਤੋਂ ਪਹਿਲਾਂ ਕਿ ਗ਼ਦਰ ਦੀਆਂ ਇਹ ਯੋਜਨਾਵਾਂ ਅਮਲੀ ਜਾਮਾ ਪਹਿਨ ਸਕਦੀਆਂ ਗ਼ਦਰ ਪਾਰਟੀ ਦੇ ਇੱਕ ਮੈਂਬਰ ਕਿਰਪਾਲ ਸਿੰਘ ਨੇ ਇਨ੍ਹਾਂ ਯੋਜਨਾਵਾਂ ਦੀ ਸੂਚਨਾ ਅੰਗਰੇਜ਼ ਅਧਿਕਾਰੀਆਂ ਤਕ ਪਹੁੰਚਾ ਦਿੱਤੀ। ਉਸ ਨੂੰ ਪਾਰਟੀ ਵਿੱਚ ਸ਼ਾਮਲ ਹੋਏ ਅਜੇ ਕੁਝ ਹੀ ਦਿਨ ਹੋਏ ਸਨ।

ਗ਼ਦਰ ਪਾਰਟੀ ਦੇ ਮੈਂਬਰਾਂ ਨੂੰ ਵੀ ਪਤਾ ਲੱਗ ਚੁੱਕਾ ਸੀ ਕਿ ਉਨ੍ਹਾਂ ਦੁਆਰਾ ਮਿੱਥੀ ਤਰੀਕ ਦਾ ਕਿਸੇ ਤਰ੍ਹਾਂ ਸਰਕਾਰ ਨੂੰ ਪਤਾ ਲੱਗ ਚੁੱਕਾ ਹੈ। ਉਨ੍ਹਾਂ ਨੇ ਕਾਹਲੀ ਵਿੱਚ ਫੈਸਲਾ ਲੈ ਕੇ ਗ਼ਦਰ ਦੀ ਤਰੀਕ ਦੋ ਦਿਨ ਪਹਿਲਾਂ ਕਰ ਦਿੱਤੀ। ਹੁਣ 21 ਫਰਵਰੀ, 1915 ਦੀ ਥਾਂ 19 ਫਰਵਰੀ ਨੂੰ ਗ਼ਦਰ ਕਰਨ ਦੇ ਆਦੇਸ਼ ਵਰਕਰਾਂ ਨੂੰ ਭੇਜੇ ਗਏ। ਇਹ ਸੂਚਨਾ ਵੀ ਕਿਰਪਾਲ ਸਿੰਘ ਨੇ ਅੰਗਰੇਜ਼ ਅਧਿਕਾਰੀਆਂ ਤਕ ਪਹੁੰਚਾ ਦਿੱਤੀ। ਉਨ੍ਹਾਂ ਨੇ ਗ਼ਦਰੀ ਨੇਤਾਵਾਂ ਦੇ ਗੁਪਤ ਠਿਕਾਣਿਆਂ ਅਤੇ ਲੁਕਵੀਆਂ ਥਾਵਾਂ 'ਤੇ ਛਾਪੇ ਮਾਰ ਕੇ ਬਹੁਤ ਸਾਰੇ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਇਸ ਤਰ੍ਹਾਂ ਗ਼ਦਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਇੱਕ ਦੇਸ਼-ਧਰੋਹੀ ਕਰਕੇ ਅਸਫ਼ਲ ਹੋ ਗਿਆ। ਇਸ ਲਹਿਰ ਨੂੰ ਆਖ਼ਰੀ ਝਟਕਾ ਉਦੋਂ ਲੱਗਾ ਜਦੋਂ 2 ਮਾਰਚ, 1915 ਨੂੰ ਕਰਤਾਰ ਸਿੰਘ ਅਤੇ 23 ਮਾਰਚ, 1915 ਨੂੰ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

**ਔਖੇ ਸ਼ਬਦਾਂ ਦੇ ਅਰਥ**

ਪੂਰਤੀ : ਪੂਰਾ ਕਰਨਾ
ਜਾਇਜ਼ਾ : ਅੰਦਾਜ਼ਾ, ਅਨੁਮਾਨ
ਕਾਹਲ : ਛੇਤੀ, ਜਲਦਬਾਜ਼ੀ
ਗਦਰ : ਵਿਦਰੋਹ, ਬਗਾਵਤ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਯੁੱਧ | : ਲੜਾਈ, ਜੰਗ |
| ਸੰਗੀਨ | : ਗੰਭੀਰ |
| ਮੁਕੱਦਮਾ | : ਕੇਸ |
| ਇਨਕਲਾਬੀ | : ਕ੍ਰਾਂਤੀਕਾਰੀ, ਬਾਗੀ, ਜੋਸ਼ੀਲਾ |

ਗ੍ਰਿਫ਼ਤਾਰੀ ਮਗਰੋਂ ਕਰਤਾਰ ਸਿੰਘ ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਲਿਆਂਦਾ ਗਿਆ। ਉਸ ਉਪਰ ਇੰਗਲੈਂਡ ਦੇ ਬਾਦਸ਼ਾਹ ਵਿਰੁੱਧ ਯੁੱਧ ਛੇੜਨ ਅਤੇ ਅੰਗਰੇਜ਼ੀ ਰਾਜ ਦਾ ਤਖ਼ਤਾ ਪਲਟਣ ਦੀ ਕੋਸ਼ਿਸ਼ ਵਰਗੇ ਸੰਗੀਨ ਇਲਜ਼ਾਮ ਲਗਾ ਕੇ ਮੁਕੱਦਮਾ ਚਲਾਇਆ ਗਿਆ। ਕਰਤਾਰ ਸਿੰਘ ਨੇ ਨਾ ਤਾਂ ਆਪ ਹੀ ਕੋਈ ਸਫ਼ਾਈ ਪੇਸ਼ ਕੀਤੀ ਅਤੇ ਨਾ ਹੀ ਅਦਾਲਤ ਵਲੋਂ ਨੀਯਤ ਕੀਤੇ ਗਏ ਵਕੀਲ ਨੂੰ ਕੁਝ ਕਹਿਣ ਦਿੱਤਾ। ਉਹ ਅਦਾਲਤ ਵਿੱਚ ਅਕਸਰ ਕਿਹਾ ਕਰਦਾ ਸੀ ਕਿ ਮੈਨੂੰ ਜਲਦੀ ਫਾਂਸੀ ਦਿਉ ਤਾਂ ਕਿ ਮੈਂ ਫਿਰ ਜਨਮ ਲੈ ਕੇ ਆਪਣੇ ਅਧੂਰੇ ਕੰਮ ਨੂੰ ਪੂਰਾ ਕਰ ਸਕਾਂ। ਉਸ ਨੇ ਸਰਕਾਰ ਵਲੋਂ ਲਗਾਏ ਸਾਰੇ ਦੋਸ਼ ਕਬੂਲ ਕਰਦਿਆਂ ਕਿਹਾ ਕਿ ਮੈਂ ਜੋ ਕੀਤਾ ਹੈ ਉਹ ਆਪਣੇ ਦੇਸ਼ ਨੂੰ ਤੁਹਾਡੀ ਗੁਲਾਮੀ ਤੋਂ ਅਜ਼ਾਦ ਕਰਵਾਉਣ ਲਈ ਕੀਤਾ ਹੈ। ਮੈਨੂੰ ਆਪਣੇ ਕੀਤੇ 'ਤੇ ਕੋਈ ਪਛਤਾਵਾ ਨਹੀਂ।

ਗੋਰੀ ਸਰਕਾਰ ਵਲੋਂ ਗਠਿਤ ਕੀਤੀ ਗਈ ਵਿਸ਼ੇਸ਼ ਟ੍ਰਾਇਬਿਊਨਲ ਨੇ ਉਸ ਨੂੰ 'ਸਭ ਤੋਂ ਵੱਧ ਖ਼ਤਰਨਾਕ ਇਨਕਲਾਬੀ' ਕਰਾਰ ਦਿੰਦੇ ਹੋਏ 13 ਦਸੰਬਰ, 1915 ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਕਰਤਾਰ ਸਿੰਘ ਨੂੰ 16 ਨਵੰਬਰ, 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ।

## ਟਿੱਪਣੀ

ਡਾ. ਹਰਬੰਸ ਸਿੰਘ ਚਾਵਲਾ ਦਾ ਕਰਤਾਰ ਸਿੰਘ ਸਰਾਭਾ ਬਾਰੇ ਇਹ ਲੇਖ ਬੇਹੱਦ ਖੋਜ ਭਰਪੂਰ ਲੇਖ ਹੈ। ਇਸ ਲੇਖ ਵਿੱਚ ਉਨ੍ਹਾਂ ਨੇ ਸਰਾਭੇ ਦੀ 19 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਕੀਤੇ ਬਹਾਦਰੀ ਦੇ ਕਾਰਨਾਮਿਆਂ, ਹੌਂਸਲੇ, ਆਤਮ-ਵਿਸ਼ਵਾਸ ਤੇ ਲਗਨ ਨੂੰ ਦਰਸਾਇਆ ਹੈ। ਇਨਕਲਾਬ ਉਸ ਦੇ ਖ਼ੂਨ ਵਿੱਚ ਸੀ। ਉਹ ਇਨਕਲਾਬ ਲਈ ਜੀਵਿਆ ਅਤੇ ਇਸੇ ਲਈ ਸ਼ਹੀਦ ਹੋਇਆ। 'ਗ਼ਦਰ ਲਹਿਰ' ਦੇ ਆਗੂਆਂ ਵਿੱਚੋਂ ਸ਼ਾਇਦ ਹੀ ਕੋਈ ਉਸ ਵਾਂਗ ਨਾਇਕ ਬਣ ਕੇ ਉਭਰਿਆ ਹੋਵੇ। ਉਹ ਗ਼ਦਰ ਲਹਿਰ ਦਾ ਸਰੀਰ ਵੀ ਸੀ ਅਤੇ ਉਸ ਦੀ ਆਤਮਾ ਵੀ। ਸਰਾਭਾ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਅਨੇਕ ਨੌਜਵਾਨਾਂ ਨੇ ਭਾਰਤ ਦੀ ਅਜ਼ਾਦੀ ਦੀ ਲੜਾਈ ਲਈ ਜਾਨਾਂ ਵਾਰੀਆਂ। ਭਗਤ ਸਿੰਘ 'ਤੇ ਵੀ ਸਰਾਭੇ ਦੀ ਸ਼ਹੀਦੀ ਦਾ ਡੂੰਘਾ ਅਸਰ ਹੋਇਆ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਰਤਾਰ ਸਿੰਘ ਸਰਾਭਾ ਦੇ ਮੁੱਢਲੇ ਜੀਵਨ 'ਤੇ ਰੌਸ਼ਨੀ ਪਾਉ।

(ii) ਕਰਤਾਰ ਸਿੰਘ ਸਰਾਭਾ ਉੱਚ-ਵਿਦਿਆ ਹਾਸਲ ਕਰਨ ਲਈ ਕਿਹੜੇ ਦੇਸ਼ ਗਿਆ ਸੀ ?

(iii) ਭਗਤ ਸਿੰਘ ਦੀ ਜੇਬ ਵਿੱਚ ਕਿਸ ਦੀ ਤਸਵੀਰ ਰਹਿੰਦੀ ਸੀ ਤੇ ਕਿਉਂ ?

(iv) ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੇਣ ਲਈ ਕੀ ਇਲਜ਼ਾਮ ਲਾਇਆ ਗਿਆ ?

(v) ਗ਼ਦਰ ਦੀ ਅਸਫ਼ਲਤਾ ਲਈ ਕੌਣ ਜ਼ਿੰਮੇਵਾਰ ਸੀ ?

(vi) ਗ਼ਦਰ ਕਰਨ ਲਈ ਕਿਸ-ਕਿਸ ਕ੍ਰਾਂਤੀਕਾਰੀ ਨੂੰ ਜ਼ਿੰਮੇਵਾਰੀ ਸੌਂਪੀ ਗਈ ਸੀ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਸ਼ਹੀਦ ਹੋਏ ਕਿਸੇ ਹੋਰ ਦੇਸ਼-ਭਗਤ ਬਾਰੇ ਜਾਣਕਾਰੀ ਦਿਉ।

(ii) ਕੀ ਤੁਸੀਂ ਕਿਸੇ ਅਜਿਹੀ ਸ਼ਹੀਦ ਔਰਤ ਨੂੰ ਜਾਣਦੇ ਹੋ ਜਿਸ ਨੇ ਦੇਸ ਨੂੰ ਅਜ਼ਾਦ ਕਰਾਉਣ ਲਈ ਜਾਨ ਕੁਰਬਾਨ ਕੀਤੀ ਹੋਵੇ ? ਉਸ ਬਾਰੇ ਇੱਕ ਲੇਖ ਲਿਖੋ।

(iii) ਗ਼ਦਰ ਲਹਿਰ ਦੀਆਂ ਮਹੱਤਵਪੂਰਨ ਮਿਤੀਆਂ ਨਾਲ ਇਸ ਦੀਆਂ ਸਰਗਰਮੀਆਂ ਦੀ ਚਰਚਾ ਕਰੋ।

(iv) ਤੁਸੀਂ ਆਪਣੇ ਦੇਸ ਨੂੰ ਕਿੰਨਾ ਕੁ ਪਿਆਰ ਕਰਦੇ ਹੋ ? ਵਿਚਾਰ ਪੇਸ਼ ਕਰੋ।

(v) ਸ਼ਹੀਦਾਂ ਅਤੇ ਦੇਸ ਧ੍ਰੋਹੀਆਂ ਬਾਰੇ ਇੱਕ ਪ੍ਰੋਜੈਕਟ ਤਿਆਰ ਕਰੋ ? ਤਸਵੀਰਾਂ ਸਮੇਤ ਵੇਰਵੇ ਸਹਿਤ ਜਾਣਕਾਰੀ ਵੀ ਦਿਉ।

### ਅ. ਖਾਲੀ ਥਾਵਾਂ ਭਰੋ :

| | |
|---|---|
| ਸੂਚਨਾ | ਆਜ਼ਾਦੀ |
| ਇਨਕਲਾਬੀ | |
| ਸਾਨਫਰਾਂਸਿਸਕੋ | ਲੋਪੋਕੇ |

(i) ਸਰਾਭੇ ਨੂੰ ... ਉਤਰਨ ਦੀ ਆਗਿਆ ਦਿੱਤੀ ਗਈ।

(ii) ਸਰਾਭੇ ਵਿੱਚ ... ਦੀ ਚੇਤਨਾ ਉੜੀਸਾ ਵਿੱਚ ਪੈਦਾ ਹੋਈ।

(iii) ਅੰਗਰੇਜ਼ ਸਰਕਾਰ ਨੇ ਸਰਾਭੇ ਨੂੰ ਸਭ ਤੋਂ ਵਧ ਖਤਰਨਾਕ ... ਕਰਾਰ ਦਿੱਤਾ।

(iv) ... ਪੁਲਿਸ ਸਟੇਸ਼ਨ ਉਪਰ ਹਮਲਾ ਕਰਨ ਦੀ ਯੋਜਨਾ ਬਣਾਈ ਗਈ।

(v) ਕਿਰਪਾਲ ਸਿੰਘ ਨੇ ਗ਼ਦਰ ਦੀ ... ਅੰਗਰੇਜ਼ਾਂ ਨੂੰ ਦਿੱਤੀ।

### ੲ. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :

ਮੋਡੀਆਂ, ਸਰ੍ਹਾਬਾ, ਇਤੀਹਾਸ, ਜੁਨੀਵਰਸਿਟੀ, ਜਸ਼ੀਲਾ

### ਸ. ਵਿਰੋਧੀ ਸ਼ਬਦ ਲਿਖੋ :

(i) ਦੇਸ਼-ਭਗਤ ...

(ii) ਗ੍ਰਿਫ਼ਤਾਰੀ ...

(iii) ਅਜ਼ਾਦੀ ...

(iv) ਪੂਰਤੀ ...

### ਹ. ਸਮਾਨਾਰਥਕ ਸ਼ਬਦ ਲਿਖੋ :

(i) ਹਮਲਾ ...

(ii) ਮੁਕੰਮਲ ...

(iii) ਗ਼ਦਰ ...

(iv) ਸੰਗੀਨ ...

### ਕ. ਹੇਠਾਂ ਦਿੱਤੇ ਵਾਕਾਂ ਵਿੱਚ ਲਕੀਰੇ ਸ਼ਬਦਾਂ ਦੇ ਨਾਵਾਂ ਦੀ ਪਛਾਣ ਕਰੋ :

(i) ਵਿਸ਼ਨੂੰ ਗਣੇਸ਼ ਪਿੰਗਲੇ ਨੇ ਮੇਰਠ ਵਿੱਚ ਵਿਦਰੋਹ ਕਰਨਾ ਸੀ। ...

(ii) ਸਰਾਭੇ ਉਪਰ ਅੰਗਰੇਜ਼ ਸਰਕਾਰ ਦਾ ਤਖ਼ਤਾ ਪਲਟਣ ਦਾ ਇਲਜ਼ਾਮ ਲਾਇਆ ਗਿਆ।

(iii) ਕਿਰਪਾਲ ਸਿੰਘ, ਸਰਾਭੇ ਤੇ ਪਿੰਗਲੇ ਨਾਲੋਂ ਬੁਜ਼ਦਿਲ ਸੀ। ...

(iv) ਭਗਤ ਸਿੰਘ, ਸਰਾਭੇ ਦੀ ਫੋਟੋ ਆਪਣੀ ਜੇਬ ਵਿੱਚ ਰੱਖਦਾ ਸੀ। ...

(v) ਸਰਾਭਾ ਜੋਸ਼ੀਲੀਆਂ ਕਵਿਤਾਵਾਂ ਲਿਖਦਾ ਹੁੰਦਾ ਸੀ। ...

### ਖ. ਹੇਠ ਲਿਖੇ ਵਾਕਾਂ ਵਿੱਚੋਂ ਕਾਰਕ ਚੁਣ ਕੇ ਉਨ੍ਹਾਂ ਦੇ ਨਾਂ ਲਿਖੋ :

(i) ਕਰਤਾਰ ਸਿੰਘ ਸਰਾਭਾ ਨੇ ਦੇਸ ਲਈ ਸ਼ਹਾਦਤ ਦਿੱਤੀ।

(ii) ਸਰਾਭੇ ਨੇ ਉੜੀਸਾ ਵਿੱਚ ਦਸਵੀਂ ਦੀ ਪੜ੍ਹਾਈ ਕੀਤੀ। ...

(iii) ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਮੇਰਠ ਤੋਂ ਗ੍ਰਿਫ਼ਤਾਰ ਕੀਤਾ ਗਿਆ। ...

(iv) ਸਰਾਭੇ ਨੇ ਜੋਸ਼ੀਲੀ ਕਵਿਤਾ ਲਿਖੀ। ...

(v) ਕਰਤਾਰ ਸਿੰਘ ਸਰਾਭੇ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ।

# ਪੁਲਾੜ ਦੀ ਪਰੀ - ਕਲਪਨਾ ਚਾਵਲਾ

## ਸੁਨੀਲ ਕੁਮਾਰ ਬੇਦੀ

### ਸ਼ਖ਼ਸੀਅਤ ਤੇ ਰਚਨਾ



ਸੁਨੀਲ ਕੁਮਾਰ ਬੇਦੀ ਦਾ ਜਨਮ 3 ਫਰਵਰੀ, 1975 ਨੂੰ ਪਿੰਡ ਰੁਘੂਆਣਾ, ਜ਼ਿਲ੍ਹਾ ਸਿਰਸਾ, ਹਰਿਆਣਾ ਵਿਖੇ ਪਿਤਾ ਲਾਲ ਚੰਦ ਦੇ ਘਰ ਮਾਤਾ ਰਾਜ ਕੁਮਾਰੀ ਦੀ ਕੁੱਖੋਂ ਹੋਇਆ। ਉਨ੍ਹਾਂ ਨੇ ਪੰਜਾਬੀ ਤੇ ਅਰਥ-ਸ਼ਾਸਤਰ ਵਿੱਚ ਐੱਮ.ਏ. ਦੀ ਪੜ੍ਹਾਈ ਕੀਤੀ। ਪੇਸ਼ੇ ਵਜੋਂ ਉਹ ਅਧਿਆਪਕ ਹਨ। ਆਪ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਰਗਰਮੀ ਨਾਲ ਵਚਨਬੱਧ ਹਨ।

### ਪੁਲਾੜ ਦੀ ਪਰੀ - ਕਲਪਨਾ ਚਾਵਲਾ

"ਮੈਂ ਦੁਨੀਆਂ ਦੇ ਕਿਸੇ ਇੱਕ ਖੂੰਜੇ ਲਈ ਜਨਮ ਨਹੀਂ ਲਿਆ। ਮੇਰੇ ਲਈ ਪੂਰੀ ਦੁਨੀਆਂ ਹੀ ਮੇਰੀ ਮਾਤਭੂਮੀ ਹੈ। ... ਦੂਜੇ ਸ਼ਬਦਾਂ ਵਿੱਚ ... ਸਮੁੱਚਾ ਬ੍ਰਹਿਮੰਡ ਮੇਰਾ ਪਰਿਵਾਰ ਹੈ।" ਇਹ ਮਹਾਨ ਵਿਚਾਰ ਸਨ ਪੁਲਾੜ ਵਿੱਚ ਜਾਣ ਵਾਲੀ ਪਹਿਲੀ ਭਾਰਤੀ ਮੁਟਿਆਰ ਡਾ. ਕਲਪਨਾ ਚਾਵਲਾ ਦੇ।

ਬਚਪਨ ਤੋਂ ਹੀ ਪੱਕੇ ਇਰਾਦੇ ਵਾਲੀ ਕਲਪਨਾ ਚਾਵਲਾ ਦਾ ਜਨਮ 1 ਜੁਲਾਈ, 1961 ਨੂੰ ਮਾਂ ਸੰਯੋਗਿਤਾ ਦੀ ਕੁੱਖੋਂ ਕਰਨਾਲ ਵਿਖੇ ਹੋਇਆ। ਉਸ ਦੇ ਪਿਤਾ ਦਾ ਨਾਂ ਬਨਾਰਸੀ ਲਾਲ ਸੀ। ਉਹ ਆਪਣੇ ਚਾਰ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟੀ ਸੀ। ਉਸ ਨੂੰ ਸਾਰੇ ਪਿਆਰ ਨਾਲ ਮੋਂਟੂ ਕਹਿੰਦੇ ਸੀ।

ਕਲਪਨਾ ਦਾ ਮੁੱਢਲਾ ਸਮਾਂ ਕਰਨਾਲ ਮਾਡਲ ਟਾਊਨ ਵਾਲੇ ਘਰ ਵਿੱਚ ਹੀ ਬੀਤਿਆ। ਘਰ ਦੀ ਛੱਤ ਉੱਤੇ ਲੇਟੇ-ਲੇਟੇ ਉਹ ਚੰਨ ਤਾਰਿਆਂ ਦੀ ਰਹੱਸਮਈ ਦੁਨੀਆਂ ਬਾਰੇ ਸੋਚਦੀ ਰਹਿੰਦੀ। ਉਸ ਦਾ ਪਰਿਵਾਰ ਧਾਰਮਕ ਵਿਚਾਰਾਂ ਦਾ ਸੀ। ਉਸ ਦੇ ਮਾਤਾ-ਪਿਤਾ ਧਰਮ ਅਤੇ ਸੇਵਾ ਦੇ ਕੰਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਇਸ ਦਾ ਅਸਰ ਇਹ ਹੋਇਆ

#### ਔਖੇ ਸ਼ਬਦਾਂ ਦੇ ਅਰਥ

| | |
|---|---|
| ਖੂੰਜਾ | :ਕੋਨਾ |
| ਮਾਤਭੂਮੀ | :ਜਨਮ-ਭੂਮੀ |
| ਸਮੁੱਚਾ | :ਸਾਰਾ |
| ਪੁਲਾੜ | :ਅਕਾਸ਼, ਖਲਾਅ |
| ਮੁਟਿਆਰ | :ਜੁਆਨ ਕੁੜੀ |
| ਕੁੱਖ | :ਪੇਟ (ਗਰਭ) |
| ਮੁੱਢਲਾ | :ਸ਼ੁਰੂਆਤੀ |
| ਰਹੱਸਮਈ | :ਭੇਤਭਰੀ |

### ਔਖੇ ਸ਼ਬਦਾਂ ਦੇ ਅਰਥ

ਸੰਜੀਦਾ : ਜ਼ਿੰਦਾਦਿਲ
ਸੰਸਕਾਰੀ : ਧਾਰਮਕ ਬਿਰਤੀ ਵਾਲੀ
ਸਪੇਸ ਸ਼ਟਲ : ਪੁਲਾੜੀ ਜਹਾਜ਼
ਵੰਡ : ਬਟਵਾਰਾ
ਫਲਾਇੰਗ ਕਲੱਬ : ਜਿੱਥੇ ਜਹਾਜ਼ ਉਡਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ
ਪੁਸ਼ਪਕ ਵਿਮਾਨ : ਛੋਟਾ ਜਹਾਜ਼

ਕਿ ਕਲਪਨਾ ਇੱਕ ਪੁਲਾੜ ਵਿਗਿਆਨੀ ਹੋਣ ਦੇ ਨਾਲ-ਨਾਲ ਇੱਕ ਸੰਸਕਾਰੀ ਵੀ ਸੀ। ਉਹ ਭਾਰਤ ਵਿੱਚ ਰਹੀ ਜਾਂ ਬਰਫ਼ੀਲੇ ਵਿਦੇਸ਼ੀ ਇਲਾਕਿਆਂ ਵਿੱਚ, ਪਰ ਜੀਵਨ ਭਰ ਸ਼ਾਕਾਹਾਰੀ ਰਹੀ।

ਕਲਪਨਾ ਨੇ ਚੌਥੀ ਜਮਾਤ ਵਿੱਚ ਸਪੇਸ ਸ਼ਟਲ ਦਾ ਮਾਡਲ ਬਣਾਇਆ ਸੀ ਅਤੇ ਕਿਹਾ ਕਿ ਵੱਡੀ ਹੋ ਕੇ ਇਸ ਤਰ੍ਹਾਂ ਸਪੇਸ ਸ਼ਟਲ ਵਿੱਚ ਯਾਤਰਾ ਕਰੇਗੀ। ਉਸ ਨੇ ਦਸਵੀਂ ਦੀ ਪ੍ਰੀਖਿਆ ਟੈਗੋਰ ਬਾਲ ਨਿਕੇਤਨ ਸਕੂਲ, ਕਰਨਾਲ ਤੋਂ ਪਾਸ ਕੀਤੀ। ਇੱਕ ਪਾਸੇ ਭਾਰਤ-ਪਾਕਿਸਤਾਨ ਦੀ ਵੰਡ ਉਪਰੰਤ ਸ਼ੇਖ਼ੂਪੁਰਾ, ਪੰਜਾਬ (ਪਾਕਿਸਤਾਨ) ਤੋਂ ਕਰਨਾਲ ਵਿੱਚ ਆ ਕੇ ਵਸਿਆ ਕਲਪਨਾ ਦਾ ਸਧਾਰਨ ਪਰਿਵਾਰ ਅਤੇ ਦੂਜੇ ਪਾਸੇ ਪੁਲਾੜ ਵਿੱਚ ਜਾਣ ਦੇ ਸੁਪਨੇ ਲੈਣ ਵਾਲੀ ਕਲਪਨਾ। ਇਥੋਂ ਦੇ ਡੀ.ਏ.ਵੀ. ਗਰਲਜ਼ ਕਾਲਜ ਅਤੇ ਦਿਆਲ ਸਿੰਘ ਕਾਲਜ ਤੋਂ ਪ੍ਰੀ-ਯੂਨੀਵਰਸਿਟੀ (11ਵੀਂ) ਅਤੇ ਪ੍ਰੀ-ਇੰਜੀਨੀਅਰਿੰਗ ਪਾਸ ਕੀਤੀ। ਇੱਥੇ ਹੀ ਉਸ ਨੇ ਇੱਕ ਫਲਾਇੰਗ ਕਲੱਬ ਦੀ ਮੈਂਬਰ ਬਣ ਕੇ ਪੁਸ਼ਪਕ ਵਿਮਾਨ ਉਡਾਉਣਾ ਅਤੇ ਗਲਾਈਡਿੰਗ ਕਰਨਾ ਸਿੱਖ ਲਿਆ ਸੀ।

ਉਹ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਤੋਂ ਬੈਚਲਰ ਆਫ਼ ਇੰਜੀਨੀਅਰਿੰਗ ਦੀ ਡਿਗਰੀ ਕਰਨਾ ਚਾਹੁੰਦੀ ਸੀ। ਪਿਤਾ ਆਪਣੀ ਬੇਟੀ ਨੂੰ ਅਧਿਆਪਨ ਜਾਂ ਡਾਕਟਰੀ ਪੇਸ਼ੇ ਵੱਲ ਭੇਜਣਾ ਚਾਹੁੰਦੇ ਸਨ। ਕਲਪਨਾ ਨੇ ਬੜੀ ਮੁਸ਼ਕਲ ਨਾਲ ਆਪਣੇ ਮਾਤਾ-ਪਿਤਾ ਨੂੰ ਰਾਜੀ ਕੀਤਾ। ਉਹ ਕਿਸੇ ਵੱਡੇ ਸੁਪਨੇ ਨੂੰ ਸਾਕਾਰ ਕਰਨ ਲਈ ਅੱਗੇ ਵਧ ਰਹੀ ਸੀ। ਉਹ ਸਪੇਸ ਇੰਜੀਨੀਅਰ ਬਣ ਕੇ ਹਵਾ ਵਿੱਚ ਉਡਣਾ ਚਾਹੁੰਦੀ ਸੀ, ਪੁਲਾੜ ਵਿੱਚ ਜਾ ਕੇ ਚੰਨ-ਤਾਰਿਆਂ ਦੇ ਰਹੱਸ ਜਾਣਨਾ ਚਾਹੁੰਦੀ ਸੀ। ਆਪਣੇ ਕਾਲਜ ਦੀ ਮੈਗਜ਼ੀਨ ਲਈ ਲੇਖ ਵੀ ਲਿਖਦੀ ਸੀ। ਉਹ ਪੀੜ ਨੂੰ ਚੀਰ ਕੇ ਅੱਗੇ ਨਿਕਲਣਾ ਜਾਣਦੀ ਸੀ। ਚਾਰ ਸਾਲ ਦੀ ਸਖ਼ਤ ਮਿਹਨਤ ਤੋਂ ਬਾਅਦ 1982 ਵਿੱਚ ਉਸ ਨੇ ਬੀ.ਈ. ਦੀ ਡਿਗਰੀ ਅੱਵਲ ਦਰਜੇ ਵਿੱਚ ਪਾਸ ਕੀਤੀ। ਇੱਥੇ ਹੀ ਕੁਝ ਸਮਾਂ ਉਹ ਅਧਿਆਪਨ ਵੀ ਕਰਦੀ ਰਹੀ। ਪਰ ਕਲਪਨਾ ਦਾ ਮਕਸਦ ਕੁਝ ਹੋਰ ਸੀ।

ਕਲਪਨਾ ਛੋਟੇ ਕੱਦ ਦੀ ਉਤਸਾਹੀ, ਨਿਡਰ ਅਤੇ ਬਹਾਦੁਰ ਕੁੜੀ ਸੀ। ਉਹ ਦ੍ਰਿੜ੍ਹ ਇਰਾਦੇ ਵਾਲੀ, ਮਿਹਨਤੀ ਅਤੇ ਜਾਗਰੁਕ ਸੀ। ਉਹ ਮੁੰਡੇ ਤੇ ਕੁੜੀਆਂ ਦੇ ਲਿੰਗ-ਭੇਦ ਨੂੰ ਨਹੀਂ ਮੰਨਦੀ ਸੀ। ਉਸ ਵਿੱਚ ਨੁਮਾਇੰਦਗੀ ਕਰਨ ਦੀ ਕਾਬਲੀਅਤ ਵੀ ਸੀ। ਇਸੇ ਲਈ ਉਸ ਨੂੰ 'ਐਰੋ ਐਸਟਰੋ ਸੁਸਾਇਟੀ' ਦੀ ਸਕੱਤਰ ਚੁਣ ਲਿਆ ਗਿਆ ਸੀ। ਉਹ ਕੁੜੀਆਂ ਨੂੰ ਉੱਚ-ਸਿੱਖਿਆ ਦੇਣ ਦੇ ਹੱਕ ਵਿੱਚ ਸੀ। ਉਹ ਉਨ੍ਹਾਂ ਲੋਕਾਂ ਨੂੰ ਨਫ਼ਰਤ ਕਰਦੀ ਸੀ ਜੋ ਆਪਣੀਆਂ ਧੀਆਂ ਨੂੰ ਕਾਲਜ ਭੇਜਣ ਤੋਂ ਇਨਕਾਰ ਕਰਦੇ ਸੀ। ਉਹ ਸੋਚਦੀ ਸੀ ਕਿ ਔਰਤ ਸਿਰਫ਼ ਘਰ ਦੀ ਚਾਰਦੀਵਾਰੀ ਵਿੱਚ ਕੈਦ ਹੋ ਕੇ ਹੀ ਨਾ ਰਹਿ ਜਾਵੇ। ਉਸ ਨੂੰ ਘਰ ਤੋਂ ਬਾਹਰ ਆ ਕੇ ਆਪਣੀ ਯੋਗਤਾ ਵਿਖਾਉਣ ਦਾ ਮੌਕਾ ਮਿਲਣਾ ਚਾਹੀਦਾ ਹੈ। ਔਰਤ ਪੜ੍ਹੇਗੀ ਨਹੀਂ ਤਾਂ ਸਮਾਜ ਵਿੱਚ ਤਬਦੀਲੀ ਕਿਵੇਂ ਆਵੇਗੀ।

1982 ਵਿੱਚ ਅਮਰੀਕਾ ਦੀ ਟੈਕਸਾਸ ਯੂਨੀਵਰਸਿਟੀ ਨੇ ਉਸ ਨੂੰ ਮਾਸਟਰ - ਇਨ - ਐਰੋਨਾਟੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਚੁਣ ਲਿਆ। ਮਾਤਾ-ਪਿਤਾ ਚਾਹੁੰਦੇ ਸਨ ਉਹ ਇੱਥੇ ਰਹਿ ਕੇ ਮਾਸਟਰ ਡਿਗਰੀ ਕਰ ਲਵੇ। ਇਸ ਵਾਰ ਕਲਪਨਾ ਨੇ ਬੜੀ ਜਦੋ-ਜਹਿਦ ਕਰਕੇ ਆਪਣੇ ਮਾਤਾ-ਪਿਤਾ ਨੂੰ ਰਾਜੀ ਕੀਤਾ। 1982 ਵਿੱਚ ਉਹ ਅਮਰੀਕਾ ਚਲੀ ਗਈ। 1984 ਵਿੱਚ ਯੂਨੀਵਰਸਿਟੀ ਆਫ਼ ਟੈਕਸਾਸ, ਅਰਲਿੰਗਟਨ ਤੋਂ ਏਅਰੋਸਪੇਸ ਇੰਜੀਨੀਅਰਿੰਗ ਦੀ ਐੱਸ.ਐੱਸ. ਦੀ ਪੜ੍ਹਾਈ ਪੂਰੀ ਕੀਤੀ ਅਤੇ 1988 ਵਿੱਚ ਉਸ ਨੇ ਯੂਨੀਵਰਸਿਟੀ ਆਫ਼ ਕੋਲੋਰੇਡੋ ਬੌਲਦਰ ਤੋਂ ਆਪਣੀ ਦੂਜੀ ਮਾਸਟਰ ਡਿਗਰੀ ਅਤੇ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਇਸੇ ਦੌਰਾਨ ਉਸ ਦੀ ਮਿੱਤਰਤਾ ਫਰਾਂਸੀਸੀ ਨੌਜਵਾਨ ਜੀਨ ਪੀਅਰ ਹੈਰੀਸਨ ਨਾਲ ਹੋਈ ਜੋ ਕਾਫੀ ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਿਹਾ ਸੀ। ਉਹ ਕਿੱਤੇ ਵਜੋਂ ਇੱਕ ਫਲਾਇੰਗ ਇਨਸਟਰਕਟਰ ਸੀ। ਦੋਵਾਂ ਦੀਆਂ ਰੁਚੀਆਂ ਤੇ ਮਾਨਸਿਕ ਪੱਧਰ ਇੱਕ ਹੋਣ ਕਰਕੇ ਇਹ ਸਬੰਧ ਵਿਆਹ ਵਿੱਚ ਤਬਦੀਲ ਹੋ ਗਏ।




1988 ਵਿੱਚ ਹੀ ਕਲਪਨਾ ਨੇ ਨਾਸਾ (The National Aeronautical and Space Administation) ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇੱਥੇ ਉਸ ਨੂੰ ਸਾਰੇ ਕੇ.ਸੀ. ਦੇ ਨਾਂ ਨਾਲ ਬੁਲਾਉਂਦੇ ਸਨ। ਉਹ ਪ੍ਰਮਾਣਿਤ ਫਲਾਈਟ ਇੰਸਟਰਕਟਰ ਸੀ। ਉਸ ਨੇ ਏਅਰਕਰਾਫ਼ਟ ਅਤੇ ਗਲਾਈਡਰ ਉਡਾਏ। ਉਸ ਕੋਲ ਇਕਹਿਰੇ ਇੰਜਣ, ਬਹੁ-ਇੰਜਣ, ਹਾਈਡਰੋ ਪਲੇਟ ਅਤੇ ਗਲਾਈਡਰ ਉਡਾਉਣ ਲਈ ਵਪਾਰਕ ਪਾਇਲਟ ਦਾ ਲਾਇਸੈਂਸ ਸੀ। ਉਸ ਨੇ ਏਅਰੋਸਪੇਸ ਨਾਲ ਸਬੰਧਤ ਕਈ ਡਿਗਰੀਆਂ ਹਾਸਲ ਕਰ ਲਈਆਂ ਸਨ। 1993 ਵਿੱਚ ਕਲਪਨਾ ਨਾਸਾ ਵਿੱਚ 'ਓਵਰ ਮੈਥਡਸ ਇੰਕ' ਨਾਮੀ ਮਿਸ਼ਨ ਦੇ ਵਾਈਸ ਪ੍ਰੈਜੀਡੈਂਟ ਅਤੇ ਖੋਜ ਵਿਗਿਆਨੀ ਵਜੋਂ ਜੁੜ ਗਈ। ਉਸ ਦੀ ਜ਼ਿੰਮੇਵਾਰੀ ਤਰਲ ਪਦਾਰਥਾਂ ਦੇ ਗਤੀ ਵਿਗਿਆਨ, ਧਰਤੀ ਤੋਂ ਸਿੱਧੀ ਚੜ੍ਹਾਈ ਅਤੇ ਉਤਰਾਈ ਨਾਲ ਸਬੰਧਤ ਤਕਨੀਕ ਤਿਆਰ ਕਰਨਾ ਅਤੇ ਉਸ ਨੂੰ ਲਾਗੂ ਕਰਨਾ ਸੀ। ਪੁਲਾੜ ਵਿੱਚ ਗੁਰੂਤਾ ਬਲ ਦੀ ਕਮੀ ਦੇ ਕਾਰਨ ਮਨੁੱਖੀ ਸਰੀਰ ਦੇ ਅੰਗ ਆਪਣੇ-ਆਪ ਕ੍ਰਿਆਸ਼ੀਲ ਹੋਣ ਲੱਗ ਜਾਂਦੇ ਹਨ। ਕਲਪਨਾ ਦੀ ਜ਼ਿੰਮੇਵਾਰੀ ਵਿਚ ਉਨ੍ਹਾਂ ਕ੍ਰਿਆਵਾਂ ਦਾ ਅਧਿਐਨ ਕਰਨਾ ਸ਼ਾਮਿਲ ਸੀ। ਇੱਥੇ ਰਹਿ ਕੇ ਹੀ ਕਲਪਨਾ ਨੇ ਧਰਤੀ ਤੋਂ ਸਿੱਧੀ ਚੜ੍ਹਾਈ ਅਤੇ ਉਤਰਾਈ (Verticle Takeoff and Landing) ਨਾਲ ਸਬੰਧਤ ਕੰਮ ਕੀਤਾ। ਇਸ ਤਰ੍ਹਾਂ 1995 ਤੱਕ ਉਹ ਨਾਸਾ ਦੇ ਐਸਟਰੋਨੌਟ ਕੋਰਪਸ ਦਾ ਮਹੱਤਵਪੂਰਨ ਹਿੱਸਾ ਬਣ ਚੁੱਕੀ ਸੀ।

### ਔਖੇ ਸ਼ਬਦਾਂ ਦੇ ਅਰਥ

| | |
|---|---|
| ਐਰੋਨਾਟੀਕਲ | :ਜਹਾਜ਼ ਉਡਾਉਣ ਦੀ ਵਿੱਦਿਆ |
| ਸੰਜੋ ਕੇ | :ਸਾਂਭ ਕੇ |
| ਅੱਵਲ | :ਪਹਿਲੇ ਨੰਬਰ 'ਤੇ |
| ਬਿਨਾ ਨਾਗਾ | :ਲਗਾਤਾਰ |
| ਦ੍ਰਿੜ੍ਹ | :ਪੱਕਾ |
| ਨੁਮਾਇੰਦਗੀ | :ਅਗਵਾਈ, ਲੀਡਰਸ਼ਿਪ, ਪ੍ਰਤੀਨਿਧਤਾ |
| ਇਨਸਟਰਕਟਰ | :ਅਧਿਆਪਕ |
| ਨਾਸਾ | :ਅਮਰੀਕਾ ਦੀ ਇੱਕ ਸੰਸਥਾ ਜੋ ਪੁਲਾੜ ਸਬੰਧੀ ਖੋਜ ਦਾ ਪ੍ਰਬੰਧ ਕਰਦੀ ਹੈ |
| ਗਲਾਈਡਰ | :ਇੰਜਣ ਰਹਿਤ ਹਲਕਾ ਜਹਾਜ਼ |
| ਗੁਰੂਤਾ ਬਲ | :ਖਿੱਚਣ ਦੀ ਸ਼ਕਤੀ |

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਦੁਆਲੇ | :ਚਾਰੇ ਪਾਸੇ |
| ਵਰ੍ਹੇਗੰਢ | :ਸਾਲਗਿਰਹਾ |
| ਫੇਰੀ | :ਯਾਤਰਾ |
| ਜਸ਼ਨ | :ਖੁਸ਼ੀ |
| ਮਾਹਰ | :ਨਿਪੁੰਨ |
| ਵੱਖਰੀ | :ਅਲੱਗ |
| ਮਿਸ਼ਨ | :ਕਾਰਜ, ਉਦੇਸ਼ |
| ਸੂਖਮ | :ਬਹੁਤ ਛੋਟਾ (ਬਰੀਕ) |
| ਗੁਰੂਤਾ | :ਧਰਤੀ ਦੀ ਖਿੱਚ ਸ਼ਕਤੀ |
| ਕੋਲੰਬੀਆ | :ਪੁਲਾੜੀ ਜਹਾਜ਼ ਦਾ ਨਾਂ |
| ਸੁਖਾਵਾਂ | :ਸੁਖਦਾਈ |

1996 ਵਿੱਚ ਉਹ ਆਪਣੇ ਜੀਵਨ ਦੇ ਪਹਿਲੇ ਧਰਤੀ ਦੁਆਲੇ ਯਾਤਰਾ ਮਿਸ਼ਨ ਵਿੱਚ ਸਪੇਸ ਸ਼ਟਲ ਦੇ ਮਹੱਤਵਪੂਰਨ ਮੈਂਬਰ ਵਜੋਂ ਚੁਣੀ ਗਈ। ਇਹ ਮਿਸ਼ਨ (STS-87) 19 ਨਵੰਬਰ, 1997 ਨੂੰ ਸ਼ੁਰੂ ਹੋਇਆ। ਇਸ ਮਿਸ਼ਨ ਦਾ ਉਦੇਸ਼ ਪੁਲਾੜ (ਅੰਤਰਿਕਸ਼) ਵਿੱਚ ਇਕ ਸਪਾਰਟਨ ਸੈਟੇਲਾਈਟ (Spartan Sattlelite) ਨਾਂ ਦੇ ਉਪਗ੍ਰਹਿ ਨੂੰ ਗ੍ਰਹਿਪੰਧ ’ਤੇ ਪਾਉਣਾ ਸੀ। ਇਸੇ ਸਾਲ ਭਾਰਤ ਆਪਣੀ ਅਜ਼ਾਦੀ ਦੀ 50ਵੀਂ ਵਰ੍ਹੇਗੰਢ (ਗੋਲਡਨ ਜੁਬਲੀ) ਮਨਾ ਰਿਹਾ ਸੀ। ਇਸ ਯਾਤਰਾ ਦੇ ਦੌਰਾਨ ਕਲਪਨਾ ਬਹੁਤ ਖੁਸ਼ ਸੀ। ਉਸ ਨੇ ਪੁਲਾੜ ਵਿਚੋਂ ਹੀ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਨਾਲ ਗੱਲ ਕੀਤੀ ਸੀ। ਉਸ ਨੇ ਹਰ ਭਾਰਤੀ ਨਾਗਰਿਕ ਦੇ ਨਾਂ ਸੰਦੇਸ਼ ਵਿੱਚ ਲਿਖਿਆ : “ਜੇ ਤੁਸੀਂ ਬਿਨਾਂ ਕਿਸੇ ਉਦੇਸ਼ ਅਤੇ ਲਗਾਓ ਦੇ ਕੰਮ ਕਰ ਰਹੇ ਹੋ ਤਾਂ ਤੁਹਾਨੂੰ ਅਨੰਦ ਨਹੀਂ ਆਵੇਗਾ। ਜੇ ਤੁਸੀਂ ਕੁਝ ਕਰਨਾ ਚਾਹੁੰਦੇ ਹੋ ਤਾਂ ਇਸ ਲਈ ਕਰੋ ਕਿਉਂਕਿ ਉਹ ਤੁਹਾਡੀ ਅੰਤਰ ਆਤਮਾ ਨੂੰ ਪਸੰਦ ਹੈ। ਯਾਦ ਰਹੇ, ਜਦੋਂ ਤੁਸੀਂ ਕੰਮ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋਵੋਗੇ ਤਾਂ ਹੀ ਤੁਸੀਂ ਆਪਣੀ ਮੰਜ਼ਿਲ ’ਤੇ ਪਹੁੰਚਣ ਵਿੱਚ ਕਾਮਯਾਬ ਹੋਵੋਗੇ।” ਇਸ ਫੇਰੀ ਤੋਂ ਬਾਅਦ ਕਲਪਨਾ ਪੁਲਾੜ ਵਿੱਚ ਯਾਤਰਾ ਕਰਨ ਵਾਲੀ ਪਹਿਲੀ ਭਾਰਤੀ ਔਰਤ ਅਤੇ ਦੂਜੇ ਭਾਰਤੀ ਹੋਣ ਦਾ ਮਾਣ ਹਾਸਲ ਕਰ ਚੁੱਕੀ ਸੀ। ਇਸ ਦਾ ਜਸ਼ਨ ਪੂਰੀ ਦੁਨੀਆਂ ਵਿੱਚ ਮਨਾਇਆ ਗਿਆ। ਇਸ ਤੋਂ ਪਹਿਲਾਂ ਰਾਕੇਸ਼ ਸ਼ਰਮਾ 1984 ਵਿੱਚ ਪੁਲਾੜ ਵਿੱਚ ਜਾ ਚੁੱਕਿਆ ਸੀ।

ਇਸ ਮਿਸ਼ਨ ਤੋਂ ਬਾਅਦ ਕਲਪਨਾ ਨੂੰ ਇੱਕ ਤਕਨੀਕੀ ਮਾਹਰ ਦਾ ਰੁਤਬਾ ਮਿਲ ਗਿਆ ਸੀ। ਆਪਣੇ ਕੰਮ ਵਿੱਚ ਮਿਹਨਤ ਅਤੇ ਲਗਨ ਸਦਕਾ ਉਸ ਨੂੰ ਇੱਕ ਵੱਖਰੀ ਪਛਾਣ ਮਿਲ ਗਈ ਸੀ। ਕਲਪਨਾ ਨੇ ਇਸ ਮਿਸ਼ਨ ਦੌਰਾਨ ਅਨੁਭਵ ਬਾਰੇ ਦਸਦੇ ਹੋਏ ਕਿਹਾ ਕਿ, “ਜਦ ਮੈਂ ਉੱਤੇ (ਪੁਲਾੜ ਵਿੱਚ) ਸਾਂ ਤਾਂ ਮੈਨੂੰ ਮਹਿਸੂਸ ਹੋਇਆ ਕਿ ਮੈਂ ਧਰਤੀ ਦੇ ਕਿਸੇ ਖ਼ਾਸ ਹਿੱਸੇ ਤੋਂ ਨਹੀਂ ਆਈ ਬਲਕਿ ਮੈਨੂੰ ਲਗਦਾ ਸੀ ਕਿ ਮੈਂ ਉਸ ਤਾਰਿਆਂ ਦੀ ਦੁਨੀਆਂ ਦੀ ਰਹਿਣ ਵਾਲੀ ਹਾਂ।”

ਸੰਨ 2000 ਵਿੱਚ ਕਲਪਨਾ ਨੂੰ ਦੁਬਾਰਾ ਇੱਕ ਉਡਾਣ ਮਿਸ਼ਨ ਜਿਸ ਦਾ ਨਾਂ STS-107 ਸੀ, ਹਿੱਸਾ ਬਣਨ ਦਾ ਮੌਕਾ ਮਿਲਿਆ। ਇਸ ਮਿਸ਼ਨ ਵਿੱਚ ਕਲਪਨਾ ਨੂੰ ਉਪਰੋਕਤ ਸੂਖ਼ਮ ਗੁਰੂਤਾ ਸ਼ਕਤੀ ਪ੍ਰਯੋਗ ਨਾਲ ਸਬੰਧਤ ਬਹੁਤ ਮਹੱਤਵਪੂਰਨ ਜ਼ਿੰਮੇਵਾਰੀ ਦਿੱਤੀ ਗਈ। ਇਸ ਮਿਸ਼ਨ ਦਾ ਉਦੇਸ਼ ਧਰਤੀ ਅਤੇ ਪੁਲਾੜ ਵਿਗਿਆਨ ਅਧਿਐਨ ਦਾ ਵਿਸਥਾਰਪੂਰਵਕ ਖੋਜ ਕਾਰਜ ਕਰਨਾ ਸੀ। ਪਰ ਕੁਝ ਤਕਨੀਕੀ ਕਾਰਨਾਂ ਕਰਕੇ ਇਹ ਮਿਸ਼ਨ ਵਾਰ-ਵਾਰ ਰੱਦ ਹੁੰਦਾ ਰਿਹਾ।

16 ਜਨਵਰੀ, 2003 ਨੂੰ ਕਲਪਨਾ ਇੱਕ ਵਾਰ ਫਿਰ ਮਿਸ਼ਨ STS-107 ਦੇ ਕੰਮ ਨੂੰ ਪੂਰਾ ਕਰਨ ਲਈ ਕੋਲੰਬੀਆ ਨਾਂ ਦੇ ਪੁਲਾੜੀ ਜਹਾਜ਼ ਦੀ ਮਹੱਤਵਪੂਰਨ ਮੈਂਬਰ ਵਜੋਂ ਖਲਾਅ ਵਿੱਚ ਪਹੁੰਚ ਗਈ। ਦੂਜੀ ਵਾਰੀ ਪੁਲਾੜ ਵਿੱਚ ਜਾਣ ਤੋਂ ਪਹਿਲਾਂ ਉਸ ਨੇ ਕਿਹਾ ਸੀ, “ਇੱਕ ਵਾਰ ਫਿਰ ਪੁਲਾੜ ਵਿੱਚ ਜਾਣਾ ਇੱਕ ਸੁਪਨੇ ਦੀ ਤਰ੍ਹਾਂ ਹੈ। ਇਹ ਇੱਕ ਸੁਖਾਵਾਂ ਅਨੁਭਵ ਹੈ।”

ਇਸ ਮਿਸ਼ਨ ਵਿੱਚ ਕਲਪਨਾ ਨੂੰ ਆਧੁਨਿਕ ਤਕਨਾਲੋਜੀ ਵਿਕਾਸ ਪੁਲਾੜ ਯਾਤਰੀ ਸਿਹਤ ਅਤੇ ਸੁਰੱਖਿਆ, ਧਰਤੀ ਅਤੇ ਪੁਲਾੜ ਵਿਗਿਆਨ ਅਧਿਐਨ ਦੇ ਨਾਲ-ਨਾਲ ਸੂਖਮ ਗੁਰੂਤਾ ਸ਼ਕਤੀ ਨਾਲ ਸਬੰਧਤ ਜ਼ਿੰਮੇਵਾਰੀ ਦਿੱਤੀ ਗਈ। ਕਲਪਨਾ ਅਤੇ ਉਸ ਦੇ ਸਾਥੀ ਵਿਗਿਆਨੀਆਂ ਨੇ ਮਿਲ ਕੇ ਮਨੁੱਖੀ ਸਰੀਰ ਉੱਤੇ ਅੰਤਰਿਕਸ਼ ਦਾ ਪ੍ਰਭਾਵ, ਕੈਂਸਰ ਕੋਸ਼ਿਕਾਵਾਂ ਦੀ ਸਮੀਖਿਆ, ਕੀਟ-ਪਤੰਗਿਆਂ ਉਤੇ ਭਾਰਹੀਣਤਾ ਪ੍ਰਭਾਵ ਅਤੇ ਬ੍ਰਹਿਮੰਡ ਦੇ ਹੋਰ ਰਹੱਸਾਂ ਦੀ ਜਾਣਕਾਰੀ ਨਾਲ ਸਬੰਧਤ ਤਕਰੀਬਨ 80 ਪ੍ਰਯੋਗ ਕੀਤੇ। ਇਸ ਮਿਸ਼ਨ ਵਿੱਚ ਕਲਪਨਾ ਨੇ ਮਹੱਤਵਪੂਰਨ ਭੂਮਿਕਾ ਨਿਭਾਈ।

16 ਦਿਨ ਪੁਲਾੜ ਵਿੱਚ ਰਹਿਣ ਤੋਂ ਬਾਅਦ 1 ਫਰਵਰੀ, 2003 ਨੂੰ ਆਪਣੇ ਜ਼ਿੰਮੇ ਲਗੇ ਕੰਮ ਨੂੰ ਪੂਰਾ ਕਰਕੇ ਕਲਪਨਾ ਚਾਵਲਾ ਆਪਣੇ ਸਾਥੀ ਵਿਗਿਆਨੀਆਂ ਨਾਲ ਧਰਤੀ ਵੱਲ ਵਾਪਸ ਪਰਤ ਰਹੀ ਸੀ। ਆਖ਼ਰੀ ਸੋਲਾਂ ਮਿੰਟ ਬਹੁਤ ਘਾਤਕ ਸਿੱਧ ਹੋਏ। ਧਰਤੀ ਵਾਯੂਮੰਡਲ ਵਿੱਚ ਦਾਖ਼ਲ ਹੋਣ ਤੋਂ ਸਿਰਫ਼ 16 ਮਿੰਟ ਪਹਿਲਾਂ ਸਭ ਕੁਝ ਠੀਕ ਲੱਗ ਰਿਹਾ ਸੀ। ਪਰ ਅਚਾਨਕ ਕੀ ਹੋਇਆ ? ਕਿਸੇ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਕੰਟਰੋਲ ਰੂਮ ਵਲੋਂ ਇੱਕ ਵਾਰ ਨਹੀਂ, ਦੋ ਵਾਰ ਨਹੀਂ ਬਲਕਿ ਕਈ-ਕਈ ਵਾਰ ਕੋਲੰਬੀਆ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਰ ਅੰਤਰਿਕਸ਼ ਦੀ ਖ਼ਾਮੋਸ਼ੀ ਨੂੰ ਕੰਟਰੋਲ ਰੂਮ ਦੀ ਕੋਈ ਅਵਾਜ਼ ਤੋੜਨ ਵਿੱਚ ਨਾਕਾਮਯਾਬ ਰਹੀ। ਧਰਤੀ ਦੇ ਵਾਯੂਮੰਡਲ ਵਿੱਚ ਦਾਖ਼ਲ ਹੋਣ ਸਮੇਂ ਜਹਾਜ਼ ਦੀ ਰਫ਼ਤਾਰ ਅਤੇ ਤਾਪਮਾਨ ਗੁਰੂਤਾ ਸ਼ਕਤੀ ਕਾਰਨ ਵਧ ਜਾਂਦਾ ਹੈ। ਇਸ ਲਈ ਇਹ ਸਮਾਂ ਸੰਕਟ ਭਰਿਆ ਹੁੰਦਾ ਹੈ।

ਭਾਰਤੀ ਮੂਲ ਦੀ ਕਲਪਨਾ ਚਾਵਲਾ ਸਮੇਤ ਸੱਤ ਪੁਲਾੜ ਵਿਗਿਆਨੀਆਂ ਨੂੰ ਲੈ ਕੇ ਮਿਸ਼ਨ ਉੱਤੇ ਗਏ ਕੋਲੰਬੀਆ ਯਾਨ ਦੇ ਮੁਸੀਬਤ ਵਿੱਚ ਫਸਣ ਦੇ ਸਬੂਤ ਮਿਲ ਗਏ ਸਨ। ਕੰਟਰੋਲ ਰੂਮ ਵਿੱਚ ਬੈਠੇ ਲੋਕ ਬਿਲਕੁਲ ਪੇਸ਼ੇਵਰ ਲੋਕਾਂ ਦੀ ਤਰ੍ਹਾਂ ਸ਼ਾਂਤ ਸਨ। ਪਰ ਹੁਣ ਪੁਲਾੜੀ ਜਹਾਜ਼ ਦੀ ਚੁੱਪੀ ਉਨ੍ਹਾਂ ਸਭਨਾਂ 'ਤੇ ਭਾਰੀ ਪੈ ਰਹੀ ਸੀ।



ਕੈਲੇਫੋਰਨੀਆ, ਟੈਕਸਾਸ ਅਤੇ ਅਰਕਨਸਾਸ ਤੋਂ ਮਾਹਰ ਨਿਗਰਾਨਾਂ ਦੇ ਸੰਦੇਸ਼ ਆ ਰਹੇ ਸਨ ਕਿ ਉਨ੍ਹਾਂ ਨੇ ਤੇਜ਼ ਰੌਸ਼ਨੀ ਵੇਖੀ ਜੋ ਟੁੱਟੇ ਹੋਏ ਮਲਬੇ ਵਿਚੋਂ ਨਿਕਲੀ ਜਾਪਦੀ ਸੀ। ਕੰਟਰੋਲ ਰੂਮ ਵਿੱਚ ਬੈਠੇ ਮਾਹਰ ਲੋਕ ਯਾਨ ਦੇ ਸੰਦੇਸ਼ ਪੜ੍ਹਨ ਵਿੱਚ ਲਗੇ ਹੋਏ ਸਨ ਕਿ, ਅਚਾਨਕ ਯਾਨ ਦਾ ਤਾਪਮਾਨ ਬਹੁਤ ਜ਼ਿਆਦਾ ਵੱਧ ਗਿਆ ਅਤੇ ਇਸ ਤੋਂ ਬਾਅਦ ਚੁੱਪ ਪਸਰ

### ਔਖੇ ਸ਼ਬਦਾਂ ਦੇ ਅਰਥ

| | |
|---|---|
| ਅੰਤਰਿਕਸ਼ | :ਖਲਾਅ, ਅਕਾਸ਼ |
| ਕੀਟ | :ਕੀੜੇ |
| ਭਾਰਹੀਣਤਾ | :ਬਿਨਾਂ ਭਾਰ (ਵਜ਼ਨ) ਦੇ |
| ਪਰਤ | :ਵਾਪਸ |
| ਘਾਤਕ | :ਖ਼ਤਰਨਾਕ |
| ਵਿਸਫੋਟ | :ਧਮਾਕਾ |

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਅਭੇਦ | :ਲਾਪਤਾ, ਗਾਇਬ |
| ਮਾਤਮ | :ਸੋਗ |
| ਗਮਗੀਨ | :ਉਦਾਸ |
| ਮੁਖੀਆਂ | :ਆਗੂਆਂ |
| ਅਚਣਚੇਤ | :ਅਚਾਨਕ |
| ਚੇਤੇ | :ਯਾਦ |
| ਜ਼ਿਹਨ | :ਦਿਮਾਗ |
| ਅਦੁੱਤੀ | :ਵਿਲੱਖਣ |
| ਫ਼ਖ਼ਰ | :ਮਾਣ |

ਗਈ ... ਰੇਡੀਉ ਖ਼ਾਮੋਸ਼ ਸੀ ... ਸਕਰੀਨ ਉੱਤੇ ਨਾ ਕੋਈ ਹਲਚਲ ... ਤੇ ਨਾ ਹੀ ਕੋਈ ਉਮੀਦ ਬਚੀ ਸੀ ...।

1 ਫਰਵਰੀ, 2003 ਨੂੰ ਸ਼ਾਮ ਸਾਢੇ ਸੱਤ ਵਜੇ ਇੱਕ ਧਮਾਕੇ ਦੇ ਨਾਲ ਹੀ ਇਹ ਪੁਲਾੜੀ ਜਹਾਜ਼ ਤਬਾਹ ਹੋ ਗਿਆ। ਇਸ ਦੇ ਨਾਲ ਹੀ ਕਲਪਨਾ ਚਾਵਲਾ ਅਤੇ ਛੇ ਹੋਰ ਪੁਲਾੜ ਵਿਗਿਆਨੀ ਖਲਾਅ ਵਿੱਚ ਅਭੇਦ ਹੋ ਗਏ ਸਨ। ਵੇਖਦੇ ਹੀ ਵੇਖਦੇ ਖ਼ੁਸ਼ੀ ਦਾ ਮਾਹੌਲ ਮਾਤਮ ਵਿੱਚ ਬਦਲ ਚੁੱਕਿਆ ਸੀ। ਅਮਰੀਕਾ ਨੇ ਆਪਣਾ ਝੰਡਾ ਝੁਕਾ ਦਿੱਤਾ ਸੀ। ਕਲਪਨਾ ਦੇ ਪਰਿਵਾਰ ਲਈ ਇਹ ਸਦਮਾ ਅਸਹਿ ਸੀ। ਪੂਰਾ ਸੰਸਾਰ ਇਸ ਹਾਦਸੇ ਨਾਲ ਗ਼ਮਗੀਨ ਸੀ। ਦੇਸਾਂ-ਵਿਦੇਸ਼ਾਂ ਦੇ ਮੁਖੀਆਂ ਦੇ ਸੋਗ-ਸੰਦੇਸ਼ ਆਉਣ ਲੱਗੇ। ਕਲਪਨਾ ਨੇ ਖ਼ੁਦ ਇੱਕ ਵਾਰ ਕਿਹਾ ਸੀ, "ਜਦ ਵੀ ਮੇਰੇ ਮਰਨ ਦਾ ਸਮਾਂ ਆਵੇਗਾ, ਮੈਂ ਪੁਲਾੜ ਵਿੱਚ ਹੀ ਮਰਨਾ ਪਸੰਦ ਕਰਾਂਗੀ।" ਉਸ ਦੀ ਅਚਣਚੇਤ ਕਹੀ ਗੱਲ ਸਭ ਨੂੰ ਚੇਤੇ ਆ ਰਹੀ ਸੀ। ਕੋਲੰਬੀਆ ਸ਼ਟਲ ਦਾ ਮਲਬਾ ਲੁਸਿਆਨਾ ਅਤੇ ਟੈਕਸਾਸ ਦੇ ਇਲਾਕੇ ਵਿੱਚ ਫੈਲ ਗਿਆ। ਇਸ ਦੇ ਕੁਝ ਟੁਕੜੇ ਹੀ ਮਿਲ ਸਕੇ।

ਮਰਨ ਉਪਰੰਤ ਕਲਪਨਾ ਨੂੰ 'ਕੌਂਗਰੇਸ਼ਨਲ ਸਪੇਸ ਮੈਡਲ', 'ਨਾਸਾ ਸਪੇਟ ਫਲਾਈਟ ਮੈਡਲ', 'ਨਾਸਾ ਡਿਸਟਿੰਗੁਇਸ਼ਡ ਸਰਵਿਸ ਮੈਡਲ' ਮਿਲੇ। ਕਲਪਨਾ ਦੇ ਸਨਮਾਨ ਵਿੱਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਬਹੁਤ ਸਾਰੇ ਇਨਾਮ ਅਤੇ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ ਹੈ। ਯੂਨੀਵਰਸਿਟੀ ਆਫ਼ ਕੋਲੋਰੇਡੋ ਨੇ 1983 ਤੋਂ ਦਿੱਤੇ ਜਾ ਰਹੇ 'ਆਊਟਸਟੈਂਡਿੰਗ ਰੀਸੈਂਟ ਐਲੂਮਿਨੀ ਅਵਾਰਡ' ਦਾ ਨਾਂ ਹੁਣ 'ਕਲਪਨਾ ਚਾਵਲਾ ਅਵਾਰਡ' ਰੱਖ ਦਿੱਤਾ ਹੈ। ਕਰਨਾਲ ਵਿੱਚ ਕਲਪਨਾ ਚਾਵਲਾ ਮੈਡੀਕਲ ਕਾਲਜ ਦੀ ਸਥਾਪਨਾ ਕੀਤੀ ਗਈ ਹੈ। ਹਰਿਆਣਾ ਸਰਕਾਰ ਵਲੋਂ ਕੁਰੂਕੁਸ਼ੇਤਰ ਵਿੱਚ 'ਕਲਪਨਾ ਚਾਵਲਾ ਤਾਰਾ ਮੰਡਲ' ਦੀ ਸਥਾਪਨਾ ਕੀਤੀ ਗਈ ਹੈ। ਇਸ ਤਰ੍ਹਾਂ ਦੇਸਾਂ-ਵਿਦੇਸਾਂ ਤੋਂ ਬਹੁਤ ਸਾਰੇ ਸਨਮਾਨ ਉਸ ਨੂੰ ਮਿਲੇ ਹਨ।

ਕਲਪਨਾ ਦੀ ਕਰਨਾਲ ਤੋਂ ਪੁਲਾੜ ਤੱਕ ਦੀ ਯਾਤਰਾ ਹਮੇਸ਼ਾ ਸਾਡੇ ਜ਼ਿਹਨ ਵਿੱਚ ਤਾਜ਼ਾ ਰਹੇਗੀ। ਪੁਲਾੜ ਵਾਸੀ ਕਲਪਨਾ ਚਾਵਲਾ ਹੁਣ ਕਦੇ ਵਾਪਸ ਨਹੀਂ ਪਰਤੇਗੀ ... ਪਰ ਭਾਰਤ ਅਦੁੱਤੀ ਅਤੇ ਹੋਣਹਾਰ ਬੇਟੀ ਉੱਤੇ ਸਦਾ ਫ਼ਖ਼ਰ ਕਰਦਾ ਰਹੇਗਾ। ਨੌਜਵਾਨ ਪੀੜ੍ਹੀ ਉਸ ਤੋਂ ਪ੍ਰੇਰਨਾ ਲੈ ਕੇ ਅੱਗੇ ਵਧਣ ਦੇ ਯਤਨ ਕਰਦੀ ਰਹੇਗੀ।

## ਟਿੱਪਣੀ

ਇਸ ਜੀਵਨੀ ਵਿੱਚ ਪੁਲਾੜ ਵਿਗਿਆਨੀ ਕਲਪਨਾ ਚਾਵਲਾ ਦੀ ਸੰਘਰਸ਼ਮਈ ਜ਼ਿੰਦਗੀ ਉਪਰ ਰੌਸ਼ਨੀ ਪਾਈ ਗਈ ਹੈ। ਕਲਪਨਾ ਚਾਵਲਾ ਨੇ ਇੱਕ ਸਾਧਾਰਨ ਪਰਿਵਾਰ ਅਤੇ ਛੋਟੇ ਸ਼ਹਿਰ ਵਿੱਚ ਜਨਮ ਲੈ ਕੇ ਵੀ ਆਪਣੀ ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਸਦਕਾ ਤਰੱਕੀ ਦੇ ਸਿਖ਼ਰ ਨੂੰ ਛੋਹਿਆ। ਵਿਰੋਧੀ ਸਮਾਜਕ ਹਾਲਤ ਦੇ ਬਾਵਜੂਦ ਉਸ ਨੇ ਹਾਰ ਨਹੀਂ

ਮੰਨੀ। ਬਚਪਨ ਵਿੱਚ ਮਿਥੇ ਟੀਚੇ ਨੂੰ ਪੂਰਾ ਕਰਨ ਲਈ ਨਾਸਾ ਤੋਂ ਹੁੰਦੀ ਹੋਈ ਪੁਲਾੜ ਵਿੱਚ ਪਹੁੰਚ ਗਈ। ਉਸ ਨੇ ਸਾਰੀ ਦੁਨੀਆਂ ਸਾਹਮਣੇ ਸਿੱਧ ਕਰ ਦਿੱਤਾ ਕਿ ਦ੍ਰਿੜ੍ਹ ਇਰਾਦੇ ਨਾਲ ਜੀਵਨ ਦੇ ਕਿਸੇ ਵੀ ਮੁਕਾਮ ਨੂੰ ਹਾਸਲ ਕੀਤਾ ਜਾ ਸਕਦਾ ਹੈ। ਉਹ ਭਾਵੇਂ ਹੁਣ ਸਾਡੇ ਦਰਮਿਆਨ ਨਹੀਂ ਰਹੀ ਪਰ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ-ਸਰੋਤ ਬਣੀ ਰਹੇਗੀ। ਉਸ ਨੇ ਇਹ ਵੀ ਸਿੱਧ ਕਰ ਦਿੱਤਾ ਕਿ ਔਰਤਾਂ ਕਿਸੇ ਵੀ ਪੱਖੋਂ ਮਰਦਾਂ ਨਾਲੋਂ ਘੱਟ ਨਹੀਂ ਹਨ। ਭਾਰਤ ਦੀ ਨਹੀਂ ਬਲਕਿ ਪੂਰੀ ਦੁਨੀਆਂ ਦੇ ਲੋਕਾਂ ਦੇ ਦਿਲਾਂ 'ਚ ਉਸ ਦੀ ਯਾਦ ਤਾਜ਼ਾ ਰਹੇਗੀ।

## ਅਭਿਆਸ

### 1. ਦੱਸੋ ਖਾਂ ਭਲਾ :

(i) ਪੁਲਾੜ ਵਿਗਿਆਨੀ ਕਲਪਨਾ ਚਾਵਲਾ ਦਾ ਬਚਪਨ ਕਿਸ ਤਰ੍ਹਾਂ ਬੀਤਿਆ ?
(ii) ਪਰਿਵਾਰਕ ਮਾਹੌਲ ਦਾ ਸਾਹਮਣਾ ਕਲਪਨਾ ਨੇ ਕਿਸ ਤਰ੍ਹਾਂ ਕੀਤਾ ?
(iii) ਕਲਪਨਾ ਪਹਿਲੀ ਵਾਰ ਪੁਲਾੜ ਵਿੱਚ ਕਦੋਂ ਗਈ ਅਤੇ ਉਸ ਮਿਸ਼ਨ ਦਾ ਉਦੇਸ਼ ਕੀ ਸੀ ?
(iv) ਕਲਪਨਾ ਚਾਵਲਾ ਦੀ ਮੌਤ ਕਿਸ ਤਰ੍ਹਾਂ ਹੋਈ ?
(v) ਪੁਲਾੜ ਦੇ ਕਿਹੜੇ ਰਹੱਸ ਦਾ ਭੇਤ ਕਲਪਨਾ ਲਈ ਪ੍ਰੇਰਨਾ-ਸਰੋਤ ਬਣਿਆ ?
(vi) ਕਲਪਨਾ ਚਾਵਲਾ ਦੇ ਜੀਵਨ ਤੋਂ ਸਾਨੂੰ ਕੀ ਪ੍ਰੇਰਨਾ ਲੈਣੀ ਚਾਹੀਦੀ ਹੈ ?

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਕਲਪਨਾ ਚਾਵਲਾ ਤੋਂ ਬਾਅਦ ਭਾਰਤੀ ਮੂਲ ਦੀ ਸੁਨੀਤਾ ਵਿਲੀਅਮਸ ਵੀ 2006 ਵਿੱਚ ਪੁਲਾੜ 'ਚ ਗਈ। ਉਸ ਦੀ ਜੀਵਨੀ ਨਾਲ ਸਬੰਧਤ ਇੱਕ ਪ੍ਰੋਜੈਕਟ ਤਿਆਰ ਕਰੋ।
(ii) ਕੀ ਤੁਹਾਨੂੰ ਕਿਸੇ ਵਿਗਿਆਨਕ ਖੋਜ ਵਿੱਚ ਦਿਲਚਸਪੀ ਹੈ ? ਇਸ ਬਾਰੇ ਜਾਣਕਾਰੀ ਭਰਪੂਰ ਇੱਕ ਲੇਖ ਲਿਖਣ ਦੀ ਕੋਸ਼ਿਸ਼ ਕਰੋ ?
(iii) ਪੁਲਾੜ ਦਾ ਵਿਗਿਆਨਕ ਅਧਿਐਨ ਜ਼ੋਖ਼ਮ ਭਰਿਆ ਹੈ। ਕੀ ਇਸ ਦੇ ਬਾਵਜੂਦ ਵਿਗਿਆਨੀਆਂ ਨੂੰ ਖੋਜ ਜਾਰੀ ਰੱਖਣੀ ਚਾਹੀਦਾ ਹੈ ? ਵਿਚਾਰ ਪੇਸ਼ ਕਰੋ।
(iv) ਕਲਪਨਾ ਚਾਵਲਾ ਦੀ ਖੋਜ ਨਾਲ ਸਬੰਧਤ ਵੱਖੋ-ਵੱਖਰੇ ਕਾਰਜਾਂ ਨੂੰ ਦਰਸਾਉਂਦਾ ਇੱਕ ਚਾਰਟ ਬਣਾਉ।
(v) ਕੀ ਤੁਸੀਂ ਆਪਣੀ ਜ਼ਿੰਦਗੀ ਵਿੱਚ ਕੁਝ ਕਰਨ ਲਈ ਕੋਈ ਮਿਸ਼ਨ ਮਿਥਿਆ ਹੈ ? ਉਸ ਬਾਰੇ ਕਾਰਜ-ਯੋਜਨਾ ਤੇ ਆਪਣੇ ਇਰਾਦੇ ਬਾਰੇ ਖੁੱਲ੍ਹ ਕੇ ਵਿਚਾਰ ਪੇਸ਼ ਕਰੋ।

**ੲ. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :**

ਮੁਟੇਆਰ, ਵਗਿਆਨੀ, ਮੇਹਨਤ, ਨਾਗਰਕ, ਮਾਅਹੌਲ

**ਸ. ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਚੁਣ ਕੇ ਉਨ੍ਹਾਂ ਦੀਆਂ ਕਿਸਮਾਂ ਲਿਖੋ :**

(i) ਕਲਪਨਾ ਚਾਵਲਾ ਮਾਹਿਰ ਵਿਗਿਆਨੀ ਸੀ। ...

(ii) ਪੁਲਾੜ ’ਚ ਜਾਣ ਵਾਲੀ ਕਲਪਨਾ ਪਹਿਲੀ ਭਾਰਤੀ ਔਰਤ ਹੈ। ...

(iii) ਕਲਪਨਾ ਨੇ ਪੁਲਾੜ ਵਿੱਚ ਬਹੁਤ ਪ੍ਰਯੋਗ ਕੀਤੇ। ...

(iv) ਪੂਰਾ ਸੰਸਾਰ ਇਸ ਹਾਦਸੇ ਨਾਲ ਬਹੁਤ ਗ਼ਮਗੀਨ ਸੀ।

(v) ਉਸ ਯਾਨ ਦੇ ਕੁਝ ਟੁਕੜੇ ਹੀ ਮਿਲ ਸਕੇ।

**ਹ. ਜੋੜੇ ਬਣਾਉ :**

| | |
|---|---|
| ਟੈਕਸਾਸ | ਪੁਲਾੜੀ ਜਹਾਜ਼ |
| ਕਰਨਾਲ | ਫਰਾਂਸੀਸੀ |
| ਕੋਲੰਬੀਆ | ਅਮਰੀਕਾ |
| ਜੀਨ ਪੀਅਰੇ ਹੈਰੀਸਨ | ਕਲਪਨਾ ਚਾਵਲਾ |

# ਮਦਨ ਲਾਲ ਢੀਂਗਰਾ

## ਸਵਰਨ ਸਿੰਘ

### ਸ਼ਖ਼ਸੀਅਤ ਤੇ ਰਚਨਾ



ਸਵਰਨ ਸਿੰਘ ਦਾ ਜਨਮ 10.5.1934 ਨੂੰ ਪਿੰਡ ਭਿਓਰਾ, ਜ਼ਿਲ੍ਹਾ ਰੋਪੜ ਵਿਖੇ ਹੋਇਆ। ਆਪ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਦਿੱਲੀ ਤੋਂ ਬਤੌਰ ਪ੍ਰੋਫ਼ੈਸਰ ਸੇਵਾ-ਮੁਕਤ ਹੋਏ। ਆਪ 'ਕੌਮੀ ਵੰਗਾਰ' ਰਸਾਲੇ ਦੇ ਮੁੱਖ ਸੰਪਾਦਕ ਰਹੇ। ਉਨ੍ਹਾਂ ਨੇ ਮਰਾਠੀ ਤੋਂ ਅਨੁਵਾਦ ਵੀ ਕੀਤਾ ਜਿਸ ਵਿੱਚ 'ਮਾਹਿਮ ਦੀ ਖਾੜੀ', 'ਨਾਮਦੇਵ', 'ਬ੍ਰਾਹਮਣ ਕੰਨਿਆ' ਤੇ 'ਫੁੱਲ ਕੁਮਲਾਇਆ' ਸ਼ਾਮਿਲ ਹਨ। ਕੁਝ ਸੰਪਾਦਿਤ ਕਿਤਾਬਾਂ ਹਨ ਜਿਵੇਂ : 'ਅਜੋਕੀ ਪੰਜਾਬੀ ਕਹਾਣੀ', 'ਗੁਰਬਖ਼ਸ਼ ਸਿੰਘ ਪ੍ਰੀਤ ਸੰਸਾਰ'। ਆਪ ਦੀਆਂ ਮੌਲਿਕ ਰਚਨਾਵਾਂ ਹਨ : 'ਨਾਵਣ ਚੱਲੇ ਤੀਰਥੀਂ', 'ਸ. ਭਗਤ ਸਿੰਘ', 'ਧਰਤ ਸੁਹਾਵੀ', 'ਰੁੱਤ ਫਿਰੀ', 'ਚਿੱਤਰ ਵਿਚਿੱਤਰ', 'ਅਜ਼ਾਦੀ ਦੇ ਸੁੱਚੇ ਵਣਜਾਰੇ'।

### ਮਦਨ ਲਾਲ ਢੀਂਗਰਾ

ਮਦਨ ਲਾਲ ਢੀਂਗਰਾ ਦਾ ਜਨਮ 18 ਫਰਵਰੀ, 1883 ਈ. ਨੂੰ ਅੰਮ੍ਰਿਤਸਰ ਵਿੱਚ ਹੋਇਆ। ਉਹਦੇ ਪਿਤਾ ਜੀ ਡਾਕਟਰ ਸਾਹਿਬ ਦਿੱਤਾ ਮੱਲ ਸਨ। ਉਹ ਅੰਮ੍ਰਿਤਸਰ ਵਿੱਚ ਪ੍ਰੈਕਟਿਸ ਕਰਦੇ ਸਨ। ਮਦਨ ਲਾਲ ਦੇ ਵੱਡੇ-ਵਡੇਰੇ ਸਾਹੀਵਾਲ, ਜ਼ਿਲ੍ਹਾ ਸਰਗੋਧਾ ਦੇ ਰਹਿਣ ਵਾਲੇ ਸਨ। ਮਦਨ ਲਾਲ ਦੇ ਛੇ ਭਰਾ ਤੇ ਇੱਕ ਭੈਣ ਸੀ। ਮਦਨ ਲਾਲ ਦੇ ਮਾਪੇ ਚੰਗੇ ਸਰਦੇ-ਪੁਜਦੇ ਸਨ। ਬਹੁਤ ਅਮੀਰ। ਉਹਦੇ ਪਿਤਾ ਜੀ ਹਿਸਾਰ ਅਤੇ ਗੁਰਦਾਸਪੁਰ ਦੇ ਸਿਵਿਲ ਸਰਜਨ ਰਹਿ ਚੁੱਕੇ ਸਨ। ਉਹ ਪੱਕੇ ਅੰਗਰੇਜ਼-ਭਗਤ ਸਨ। ਇਸੇ ਲਈ ਅੰਗਰੇਜ ਸਰਕਾਰ ਨੇ ਉਨ੍ਹਾਂ ਨੂੰ ਰਾਏ ਸਾਹਿਬ ਦਾ ਖ਼ਿਤਾਬ ਦਿੱਤਾ ਸੀ। ਅੰਮ੍ਰਿਤਸਰ ਆ ਕੇ ਵਸਣ ਦਾ ਕਾਰਨ ਉੱਥੇ ਖ਼ਾਨਦਾਨੀ ਜ਼ਮੀਨ ਜਾਇਦਾਦ ਦਾ ਹੋਣਾ ਸੀ। ਮਦਨ ਲਾਲ ਦੇ ਭਰਾ ਵੀ ਅੰਗਰੇਜ਼-ਪੱਖੀ ਸਨ। ਉਹ ਸਾਰੇ ਦੇ ਸਾਰੇ ਵੱਡੇ-ਵੱਡੇ ਅਹੁਦਿਆਂ 'ਤੇ ਕੰਮ ਕਰਦੇ ਸਨ।

**ਔਖੇ ਸ਼ਬਦਾਂ ਦੇ ਅਰਥ**

ਖ਼ਿਤਾਬ : ਡਿਗਰੀ
ਅੰਗਰੇਜ਼-ਪੱਖੀ : ਅੰਗਰੇਜ਼ਾਂ ਦੇ ਹਮਾਇਤੀ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਇੱਛੁਕ | :ਚਾਹੁੰਦੇ |
| ਜਲਵਾਯੂ | :ਮਹੌਲ |
| ਮਾਪੇ | :ਮਾਤਾ-ਪਿਤਾ |
| ਕੁਰਾਹੀਆ | :ਗ਼ਲਤ ਰਸਤੇ ਪਿਆ ਹੋਇਆ |
| ਰਾਜਸੀ | :ਰਾਜਨੀਤਕ |
| ਤਹਿਰੀਰਾਂ | :ਭਾਸ਼ਣਾਂ |
| ਡੰਗ | :ਵੇਲਾ |
| ਮਜ਼ੂਰ | :ਮਜ਼ਦੂਰ |
| ਸਲੂਕ | :ਵਿਵਹਾਰ |
| ਅਸੱਭਿਆ | :ਜੰਗਲੀ, ਮੂਰਖ |

ਮਦਨ ਲਾਲ ਦੇ ਮਾਪੇ ਉਹਨੂੰ ਇੰਜੀਨੀਅਰ ਬਣਾਉਣ ਦੇ ਇੱਛੁਕ ਸਨ। ਪਰ ਅੰਮ੍ਰਿਤਸਰ ਦੀ ਜਲਵਾਯੂ ਨੇ ਉਹਦੇ ਵਿਚਾਰਾਂ ਵਿੱਚ ਬਗ਼ਾਵਤ ਭਰ ਦਿੱਤੀ ਸੀ। ਉਹ ਅੰਗਰੇਜ਼ਾਂ ਦਾ ਸਖ਼ਤ ਦੁਸ਼ਮਨ ਸੀ ਕਿਉਂਕਿ ਅੰਗਰੇਜ਼ ਉਹਦੀ ਦ੍ਰਿਸ਼ਟੀ ਵਿੱਚ ਭਾਰਤੀਆਂ ਨੂੰ ਲੁੱਟਦੇ-ਪੁੱਟਦੇ ਅਤੇ ਉਨ੍ਹਾਂ ਉੱਪਰ ਜ਼ੁਲਮ ਢਾਹੁੰਦੇ ਸਨ। ਮਦਨ ਲਾਲ ਸਦਾ ਦੇਸ-ਪਿਆਰ ਤੇ ਅਜ਼ਾਦੀ ਦੀਆਂ ਗੱਲਾਂ ਕਰਦਾ ਰਹਿੰਦਾ। ਮਾਪੇ ਉਹਨੂੰ 'ਕੁਰਾਹੀਆ' ਤੇ 'ਪਾਗਲ' ਕਹਿੰਦੇ ਸਨ। ਮਦਨ ਲਾਲ ਨੇ ਅੰਮ੍ਰਿਤਸਰ ਤੋਂ ਬਾਰ੍ਹਵੀਂ ਜਮਾਤ ਪਾਸ ਕੀਤੀ। ਉਹ ਬੀ.ਏ. ਵਿੱਚ ਗੌਰਮਿੰਟ ਕਾਲਜ, ਲਾਹੌਰ ਦਾਖ਼ਲ ਹੋਇਆ। ਲਾਹੌਰ ਉਨ੍ਹਾਂ ਦਿਨਾਂ ਵਿੱਚ ਰਾਜਸੀ ਸਰਗਰਮੀਆਂ ਦਾ ਕੇਂਦਰ ਸੀ। ਮਦਨ ਲਾਲ ਉੱਪਰ ਦੇਸ ਦੀ ਅਜ਼ਾਦੀ ਲਈ ਲੜਨ ਵਾਲੀਆਂ ਤਹਿਰੀਰਾਂ ਦਾ ਖ਼ਾਸ ਅਸਰ ਪਿਆ। ਉਹਨੇ ਪੜ੍ਹਾਈ ਛੱਡ ਦਿੱਤੀ। ਉਹ ਪੰਜਾਬ ਸਰਕਾਰ ਦੇ ਸੈਟਲਮੈਂਟ ਮਹਿਕਮੇ ਕਸ਼ਮੀਰ ਵਿੱਚ ਕਲਕਰ ਦੀ ਪਦਵੀ 'ਤੇ ਕੰਮ ਕਰਨ ਲੱਗ ਪਿਆ। ਏਥੇ ਉਹਨੂੰ ਲੋਕਾਂ ਦੀ ਗਰੀਬੀ ਬਾਰੇ ਦੁਖਦਾਇਕ ਅਨੁਭਵ ਹੋਇਆ। ਅਨੇਕਾਂ ਲੋਕਾਂ ਨੂੰ ਇੱਕ ਡੰਗ ਦੀ ਰੋਟੀ ਵੀ ਨਹੀਂ ਜੁੜਦੀ ਸੀ। ਮਦਨ ਲਾਲ ਅਮੀਰ ਮਾਪਿਆਂ ਦਾ ਪੁੱਤਰ ਸੀ। ਉਹਨੇ ਚੰਗੇ ਦਿਨ ਦੇਖੇ ਹੋਏ ਸਨ। ਪਰ ਲੋਕਾਂ ਨੂੰ ਭੁੱਖੇ-ਨੰਗੇ ਦੇਖ ਕੇ ਉਹਨੇ ਉਨ੍ਹਾਂ ਦੀ ਗਰੀਬੀ ਦਾ ਕਾਰਣ ਅੰਗਰੇਜ਼ਾਂ ਨੂੰ ਸਮਝਣਾ ਸ਼ੁਰੂ ਕਰ ਦਿੱਤਾ। ਮਨ ਵਿੱਚ ਨਿਸਚਾ ਕੀਤਾ ਕਿ ਅੰਗਰੇਜ਼ਾਂ ਨੂੰ ਹਿੰਦੋਸਤਾਨ 'ਚੋਂ ਹਰ ਹਾਲਤ ਵਿੱਚ ਕੱਢਣਾ ਹੈ। ਉਹਨੇ ਇਕ ਕਾਰਖ਼ਾਨੇ ਵਿੱਚ ਵੀ ਮਜ਼ੂਰ ਵਜੋਂ ਕੰਮ ਕੀਤਾ। ਏਥੇ ਰਹਿੰਦਿਆਂ ਟਰੇਡ ਯੂਨੀਅਨ ਬਣਾ ਲਈ। ਮਾਲਕਾਂ ਨੇ ਉਹਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ।

ਮਦਨ ਲਾਲ ਦੇ ਘਰ ਵਾਲੇ ਉਸ ਨਾਲ ਸਖ਼ਤ ਨਾਰਾਜ਼ ਸਨ। ਉਹ ਉਹਨੂੰ ਕਿਸੇ ਉੱਚੇ ਅਹੁਦੇ 'ਤੇ ਕੰਮ ਕਰਦਾ ਦੇਖਣਾ ਚਾਹੁੰਦੇ ਸਨ। ਉਹਨੂੰ ਉਚੇਰੀ ਸਿੱਖਿਆ ਦਵਾ ਕੇ ਇਹ ਕੰਮ ਕਰਨ ਦੇ ਇੱਛੁਕ ਸਨ। ਘਰ ਵਾਲਿਆਂ ਤੋਂ ਤੰਗ ਪੈ ਕੇ ਮਦਨ ਲਾਲ ਆਪਣੇ ਭਰਾ ਬਿਹਾਰੀ ਲਾਲ ਕੋਲ ਸੰਗਰੂਰ ਚਲਾ ਗਿਆ। ਬਿਹਾਰੀ ਲਾਲ ਰਿਆਸਤ ਜੀਂਦ ਦਾ ਮੁੱਖ ਮੈਡੀਕਲ ਅਫ਼ਸਰ ਸੀ। ਉਸ ਨੇ ਮਦਨ ਲਾਲ ਨੂੰ ਸਮਝਾ-ਬੁਝਾ ਕੇ ਹੋਰ ਪੜ੍ਹਾਈ ਕਰਨ ਲਈ ਰਜ਼ਾਮੰਦ ਕਰ ਲਿਆ। ਮਦਨ ਲਾਲ ਨੂੰ ਇੰਜੀਨੀਅਰਿੰਗ ਦੀ ਸਿੱਖਿਆ ਪ੍ਰਾਪਤ ਕਰਨ ਲਈ ਇੰਗਲੈਂਡ ਚਲਾ ਗਿਆ। ਘਰ ਵਾਲਿਆਂ ਦਾ ਖ਼ਿਆਲ ਸੀ ਕਿ ਇੰਗਲੈਂਡ ਜਾ ਕੇ ਉਹਦੇ ਵਿਚਾਰਾਂ ਵਿੱਚ ਤਬਦੀਲੀ ਆ ਜਾਵੇਗੀ।

ਮਦਨ ਲਾਲ ਢੀਂਗਰਾ 6 ਜੁਲਾਈ, 1906 ਨੂੰ ਇੰਗਲੈਂਡ ਜਾ ਪਹੁੰਚਿਆ। ਉਹਨੇ ਯੂਨੀਵਰਸਿਟੀ ਕਾਲਜ ਲੰਦਨ ਵਿੱਚ ਦਾਖ਼ਲਾ ਲੈ ਲਿਆ। ਇੰਗਲੈਂਡ ਵਿੱਚ ਅੰਗਰੇਜ਼ ਭਾਰਤੀਆਂ ਨਾਲ ਹੋਰ ਵੀ ਭੈੜਾ ਸਲੂਕ ਕਰਦੇ ਸਨ। ਉਨ੍ਹਾਂ ਨੂੰ ਅਸੱਭਿਆ ਲੋਕ ਸਮਝਦੇ ਸਨ। ਗੁਲਾਮ ਹੋਣ ਦੇ ਨਾਤੇ ਉਨ੍ਹਾਂ ਦਾ ਦਾਖ਼ਲਾ ਹੋਟਲਾਂ ਵਿੱਚ ਵੀ ਬੰਦ ਸੀ। ਉਥੇ ਹਿੰਦੁਸਤਾਨੀ ਵਿਦਿਆਰਥੀ ਦੂਜੇ ਦਰਜੇ ਦੇ ਸ਼ਹਿਰੀ ਸਮਝੇ ਜਾਂਦੇ ਸਨ। ਉਨ੍ਹਾਂ ਨਾਲ ਵਿਤਕਰਿਆਂ ਭਰਿਆ ਸਲੂਕ ਕੀਤਾ ਜਾਂਦਾ ਸੀ। ਲੰਦਨ ਵਿੱਚ 'ਇੰਡੀਆ ਹਾਊਸ' ਰਾਜਸੀ ਸਰਗਰਮੀਆਂ ਦਾ ਕੇਂਦਰ ਸੀ।

ਏਥੇ ਕ੍ਰਾਂਤੀਕਾਰੀ ਵਿਚਾਰਾਂ ਦੇ ਭਾਰਤੀ ਅਕਸਰ ਆ ਜੁੜਦੇ ਸਨ। ਉਹ ਦੇਸ ਦੀ ਅਜ਼ਾਦੀ ਲਈ ਵਿਚਾਰ-ਵਟਾਂਦਰੇ ਕਰਦੇ ਅਤੇ ਹੋਰ ਵੀ ਕਈ ਪ੍ਰਕਾਰ ਦੇ ਵਾਦ-ਵਿਵਾਦ ਕਰਦੇ ਰਹਿੰਦੇ ਸਨ। ਸਾਰੇ ਵਿਦਿਆਰਥੀ ਇੱਕ ਰਾਜਸੀ ਜੱਥੇਬੰਦੀ ਦੇ ਰੂਪ ਵਿੱਚ ਏਥੇ ਕੰਮ ਕਰਦੇ ਸਨ। ਮਦਨ ਲਾਲ ਨੇ ਵੀ ਇੰਡੀਆ ਹਾਊਸ ਵਿੱਚ ਹੋਣ ਵਾਲੀਆਂ ਮੀਟਿੰਗਾਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ।



ਸ਼ਿਆਮ ਜੀ ਕ੍ਰਿਸ਼ਨ ਵਰਮਾ ਅਤੇ ਵੀਰ ਸਾਵਰਕਰ ਇੰਡੀਆ ਹਾਊਸ ਦੇ ਮੈਂਬਰ ਸਨ। ਦੋਵੇਂ ਗਰਮ ਖ਼ਿਆਲਾਂ ਦੇ ਕ੍ਰਾਂਤੀਕਾਰੀ ਸਨ। ਉਨ੍ਹਾਂ ਦੋਹਾਂ ਦੀਆਂ ਕੋਸ਼ਿਸ਼ਾਂ ਨਾਲ ਹੀ 1905 ਈ. ਵਿੱਚ 'ਇੰਡੀਆ ਹਾਊਸ' ਅਤੇ 'ਇੰਡੀਅਨ ਹੋਮ ਰੂਲ ਸੋਸਾਇਟੀ' ਦੀ ਨੀਂਹ ਰੱਖੀ ਗਈ ਸੀ। ਸ਼ਿਆਮ ਜੀ ਕ੍ਰਿਸ਼ਨ ਵਰਮਾ 'ਦ ਇੰਡੀਅਨ ਸੋਸ਼ੀਓਲੋਜਿਸਟ' ਨਾਂ ਦਾ ਸਪਤਾਹਿਕ ਪੱਤਰ ਵੀ ਕੱਢਦਾ ਸੀ। ਵੀਰ ਸਾਵਰਕਰ ਨੇ 'ਅਭਿਨਵ ਭਾਰਤੀ' ਨਾਂ ਦੀ ਸੰਸਥਾ ਚਲਾਈ ਹੋਈ ਸੀ। ਇਸ ਸੰਸਥਾ ਦਵਾਰਾ ਹਿੰਦੋਸਤਾਨੀ ਨੌਜਵਾਨਾਂ ਨੂੰ ਜੱਥੇਬੰਦ ਕੀਤਾ ਜਾਂਦਾ ਸੀ। ਮਦਨ ਲਾਲ, ਸ਼ਿਆਮ ਜੀ ਕ੍ਰਿਸ਼ਨ ਵਰਮਾ ਅਤੇ ਵੀਰ ਸਾਵਰਕਰ ਤੋਂ ਅਤਿਅੰਤ ਪ੍ਰਭਾਵਤ ਹੋਇਆ।

ਮਦਨ ਲਾਲ 'ਅਭਿਨਵ ਭਾਰਤ' ਸਭਾ ਦਾ ਮੈਂਬਰ ਬਣ ਗਿਆ। ਵੀਰ ਸਾਵਰਕਰ ਉਹਦਾ ਇਮਤਿਹਾਨ ਲੈਣਾ ਚਾਹੁੰਦਾ ਸੀ। ਉਹਨੇ ਮਦਨ ਲਾਲ ਨੂੰ ਪੁੱਛਿਆ ਕਿ ਉਹ ਦੇਸ ਲਈ ਕੀ ਕੁਝ ਕਰ ਸਕਦਾ ਹੈ। ਮਦਨ ਲਾਲ ਦਾ ਜਵਾਬ ਸੀ, "ਮੈਂ ਦੇਸ ਲਈ ਆਪਣੀ ਜਾਨ ਤਕ ਕੁਰਬਾਨ ਕਰ ਸਕਦਾ ਹਾਂ।" ਇਹ ਗੱਲ ਸੁਣ ਕੇ ਵੀਰ ਸਾਵਰਕਰ ਨੂੰ ਵਿਸ਼ਵਾਸ ਹੋ ਗਿਆ ਕਿ ਮਦਨ ਲਾਲ ਵਾਕਈ ਦੇਸ ਦੀ ਆਨ-ਸ਼ਾਨ ਉੱਪਰ ਮਰ ਮਿਟ ਸਕਦਾ ਹੈ।

ਇੰਗਲੈਂਡ ਵਿੱਚ ਭਾਰਤੀ ਨੌਜਵਾਨਾਂ/ਵਿਦਿਆਰਥੀਆਂ ਨੂੰ ਹਥਿਆਰ ਚਲਾਉਣ ਦੀ ਤਰਬੀਅਤ ਦਿੱਤੀ ਜਾਂਦੀ ਸੀ। ਮਦਨ ਲਾਲ ਨੇ ਪਿਸਤੌਲ ਚਲਾਉਣ ਦੀ ਸਿੱਖਿਆ ਪ੍ਰਾਪਤ ਕੀਤੀ। ਉਹ ਇੱਕ ਨੰਬਰ ਦਾ ਨਿਸ਼ਾਨੇਬਾਜ਼ ਸੀ। ਉਸ ਕੋਲ ਦੋ ਪਿਸਤੌਲਾਂ ਸਨ। ਉਹ ਨਿੱਤ ਪਿਸਤੌਲ ਚਲਾਉਣ ਦੀ ਮਸ਼ਕ ਕਰਦਾ। ਕ੍ਰਿਸ਼ਨ ਵਰਮਾ ਰਾਜਨੀਤਕ ਅਹਿੰਸਾ ਨੂੰ ਜਾਇਜ਼ ਸਮਝਦਾ। ਉਹ ਅਜ਼ਾਦੀ ਲਈ ਕੀਤੇ ਗਏ ਖ਼ੂਨ ਨੂੰ ਕਤਲ ਵੀ ਨਹੀਂ ਸੀ ਸਮਝਦਾ। ਮਦਨ ਲਾਲ ਉੱਪਰ ਇਨ੍ਹਾਂ ਵਿਚਾਰਾਂ ਦਾ ਵਿਸ਼ੇਸ਼ ਪ੍ਰਭਾਵ ਪਿਆ।

ਦੇਸ ਵਿੱਚ ਅਜ਼ਾਦੀ ਦੀ ਤਹਿਰੀਕ ਜ਼ੋਰ ਫੜ ਰਹੀ ਸੀ। ਵਿਦੇਸ਼ਾਂ ਵਿੱਚ ਹਿੰਦੋਸਤਾਨੀ ਨੌਜਵਾਨ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਜੰਗ ਲੜਨ ਦੀਆਂ ਤਿਆਰੀਆਂ ਕਰ ਰਹੇ ਸਨ। ਭਾਰਤ ਵਿੱਚ ਅਜੀਤ ਸਿੰਘ ਦਵਾਰਾ ਅਰੰਭ ਕੀਤਾ ਹੋਇਆ ਕਿਸਾਨ ਅੰਦੋਲਨ ਆਪਣੇ ਸਿਖ਼ਰ

### ਔਖੇ ਸ਼ਬਦਾਂ ਦੇ ਅਰਥ

| | |
|---|---|
| ਵਾਦ-ਵਿਵਾਦ | : ਬਹਿਸ |
| ਰਾਜਸੀ | : ਰਾਜਨੀਤਕ, ਸਿਆਸੀ |
| ਗਰਮ ਖ਼ਿਆਲਾਂ | : ਜੋਸ਼ੀਲੇ |
| ਸਪਤਾਹਿਕ ਪੱਤਰ | : ਹਫ਼ਤਾਵਾਰੀ ਅਖ਼ਬਾਰ |
| ਅਤਿਅੰਤ | : ਬਹੁਤ ਜ਼ਿਆਦਾ |
| ਵਾਕਈ | : ਅਸਲ ਵਿੱਚ, ਸੱਚਮੁੱਚ |
| ਤਰਬੀਅਤ | : ਸਿਖਲਾਈ |
| ਮਸ਼ਕ | : ਅਭਿਆਸ |
| ਤਹਿਰੀਕ | : ਸੰਘਰਸ਼ |
| ਦਵਾਰਾ | : ਦੁਆਰਾ, ਵੱਲੋਂ |

### ਔਖੇ ਸ਼ਬਦਾਂ ਦੇ ਅਰਥ

| | |
|---|---|
| ਤਅਲੁੱਕਾਤ | : ਸੰਬੰਧ |
| ਘ੍ਰਿਣਾ | : ਨਫ਼ਰਤ |
| ਸੱਦਾ | : ਬੁਲਾਵਾ |
| ਭਾਫ | : ਸੂਹ |
| ਨੀਅਤ | : ਨਿਸ਼ਚਿਤ |
| ਖਚਾਖਚ | : ਨੱਕੋ-ਨੱਕ, ਬਹੁਤ ਜ਼ਿਆਦਾ |
| ਚਿੱਤ | : ਮਾਰਨਾ |



'ਤੇ ਪਹੁੰਚ ਚੁੱਕਾ ਸੀ। ਮਹਾਂਰਾਸ਼ਟਰ ਵਿੱਚ ਬਾਲ ਗੰਗਾਧਰ ਤਿਲਕ ਅਤੇ ਗਣੇਸ਼ ਸਾਵਰਕਰ ਨੂੰ ਸਰਕਾਰ ਨੇ ਗ੍ਰਿਫ਼ਤਾਰ ਕਰਕੇ ਲੋਕਾਂ ਨੂੰ ਭੜਕਾ ਦਿੱਤਾ ਸੀ। ਉਸੇ ਸਮੇਂ ਖੁਦੀ ਰਾਮ ਬੋਸ ਅਤੇ ਕਾਂਸ਼ੀ ਰਾਮ ਵਰਗੇ ਕਈ ਨੌਜਵਾਨ ਫਾਂਸੀ ਚੜ੍ਹ ਚੁੱਕੇ ਸਨ। ਨੌਜਵਾਨਾਂ ਦਾ ਖ਼ੂਨ ਖੌਲ ਰਿਹਾ ਸੀ। ਉਹ ਅੰਗਰੇਜ਼ ਸਲਤਨਤ ਨਾਲ ਟੱਕਰ ਲੈਣ ਲਈ ਤਿਆਰ ਬੈਠੇ ਸਨ। ਭਾਰਤੀਆਂ ਵਿਰੁੱਧ ਹਰ ਪ੍ਰਕਾਰ ਦੇ ਜ਼ੁਲਮ ਕਰਨ ਦੇ ਦੋਸ਼ੀ ਤਿੰਨ ਅੰਗਰੇਜ਼ ਵਿਅਕਤੀ ਸਮਝੇ ਜਾਂਦੇ ਸਨ। ਇਹ ਸਨ—ਲਾਰਡ ਕਰਜ਼ਨ, ਲਾਰਡ ਮਾਰਲੇ ਅਤੇ ਮਾਰਲੇ ਦਾ ਰਾਜਸੀ ਏ.ਡੀ.ਸੀ. ਸਰ ਕਰਜ਼ਨ ਵਾਇਲੀ। ਕਰਜ਼ਨ ਵਾਇਲੀ ਦੇ ਮਦਨ ਲਾਲ ਦੇ ਪਿਤਾ ਜੀ ਨਾਲ ਦੋਸਤਾਨਾ ਤਅਲੁੱਕਾਤ ਸਨ। ਮਦਨ ਲਾਲ ਦੇ ਭਰਾ ਕੁੰਦਨ ਲਾਲ ਨੇ ਵਾਇਲੀ ਨੂੰ ਇੱਕ ਨਿੱਜੀ ਪੱਤਰ ਵਿੱਚ ਮਦਨ ਲਾਲ ਨੂੰ ਇੰਡੀਆ ਹਾਊਸ ਦੀਆਂ ਰਾਜਸੀ ਸਰਗਰਮੀਆਂ ਤੋਂ ਦੂਰ ਰੱਖਣ ਦੀ ਬੇਨਤੀ ਕੀਤੀ ਸੀ।

ਇੰਗਲੈਂਡ ਦੇ ਹਿੰਦੋਸਤਾਨੀ ਵਿਦਿਆਰਥੀ ਵਾਇਲੀ ਦੇ ਸਖ਼ਤ ਵਿਰੋਧੀ ਸਨ। ਉਹਨੂੰ ਘ੍ਰਿਣਾ ਕਰਦੇ ਸਨ। ਕਰਜ਼ਨ ਵਾਇਲੀ ਨੇ ਮਦਨ ਲਾਲ ਨੂੰ ਮਿਲਣ ਲਈ ਇੰਡੀਆ ਹਾਊਸ ਵਿੱਚ ਆਉਣ ਦਾ ਸੱਦਾ ਦਿੱਤਾ। ਮਦਨ ਲਾਲ ਨੇ ਉਹਦੇ ਸੱਦੇ ਦੀ ਉੱਕਾ ਹੀ ਕੋਈ ਪਰਵਾਹ ਨਾ ਕੀਤੀ। ਮਦਨ ਲਾਲ ਨੂੰ ਪਤਾ ਸੀ ਕਿ ਵਾਇਲੀ ਉਹਨੂੰ ਮਿਲ ਕੇ ਇਨਕਲਾਬੀ ਕਾਰਵਾਈਆਂ ਕਰਨ ਤੋਂ ਰੋਕੇਗਾ। ਇਹਦੇ ਉਲਟ ਮਦਨ ਲਾਲ ਨੇ ਕਰਜ਼ਨ ਵਾਇਲੀ, ਲਾਰਡ ਮਰਲੇ ਅਤੇ ਲਾਰਡ ਕਰਜ਼ਨ ਨੂੰ ਕਤਲ ਕਰਨ ਦਾ ਫੈਸਲਾ ਕਰ ਲਿਆ। ਉਹਨੇ ਇਸ ਗੱਲ ਦੀ ਕਿਸੇ ਨੂੰ ਭਾਫ਼ ਤੱਕ ਨਾ ਕੱਢੀ। ਸਿਰਫ਼ ਆਪਣੇ ਮਨ ਵਿੱਚ ਇਹ ਗੱਲ ਧਾਰਨ ਕਰ ਲਈ।

ਮਦਨ ਲਾਲ ਓ.ਏ. ਹਿਊਮ ਦੀ ਪ੍ਰਸਿੱਧ ਕਵਿਤਾ 'ਓਲਡ ਮੈਨਜ਼ ਹੋਪ' ਨੂੰ ਪੜ੍ਹ ਕੇ ਬਹੁਤ ਪ੍ਰਭਾਵਿਤ ਹੋਇਆ। ਇਸ ਕਵਿਤਾ ਦਾ ਖੁੱਲ੍ਹਾ ਮਤਲਬ ਇਹ ਸੀ-'ਭਾਰਤ ਦੇ ਸਪੂਤੋ ! ਤੁਸੀਂ ਕਿਹੜੇ ਦੇਵਤਾ ਦੀ ਇੰਤਜ਼ਾਰ ਵਿੱਚ ਬੈਠੇ ਹੋ। ਲੱਕ ਬੰਨ੍ਹ ਕੇ ਹਿੰਮਤ ਕਰੋ ਅਤੇ ਲੜਨ-ਮਰਨ ਲਈ ਤਿਆਰ ਹੋ ਜਾਓ। ਸਵਰਗ ਜਾਂ ਨਰਕ ਤੋਂ ਕਿਸੇ ਤਰ੍ਹਾਂ ਦੀ ਸਹਾਇਤਾ ਦੀ ਉਡੀਕ ਨਾ ਕਰੋ। ਆਪਣੀ ਮਦਦ ਆਪ ਕਰੋ। ਇੱਛਾ ਸ਼ਕਤੀ ਅਤੇ ਸਾਹਸ ਰੱਖਣ ਵਾਲਾ ਵਿਅਕਤੀ ਹੀ ਸਭ ਕੁਝ ਹੈ। ਕੌਮਾਂ ਆਪਣੇ ਹੱਥੀਂ ਹੀ ਆਪਣੇ ਆਪ ਨੂੰ ਬਣਾਉਂਦੀਆਂ ਹਨ।'

ਮਦਨ ਲਾਲ ਢੀਂਗਰਾ ਦੀ ਇੱਛਾ-ਪੂਰਤੀ ਦਾ ਦਿਨ ਆਗਿਆ। 11 ਜੁਲਾਈ, 1909 ਨੂੰ 'ਦ ਨੈਸ਼ਨਲ ਇੰਡੀਅਨ ਐਸੋਸੀਏਸ਼ਨ' ਦੀ ਮੀਟਿੰਗ ਇੰਸਟੀਚਿਊਟ ਆਫ਼ ਇੰਪੀਰੀਅਲ ਸਟੱਡੀਜ਼ ਦੇ ਜਹਾਂਗੀਰ ਹਾਲ ਵਿੱਚ ਹੋਣੀ ਨੀਅਤ ਹੋਈ। ਏਥੇ ਹਜ਼ਾਰਾਂ ਦਾ ਇਕੱਠ ਸੀ। ਅੰਗਰੇਜ਼ ਅਫ਼ਸਰਾਂ ਤੇ ਵਪਾਰੀਆਂ ਨਾਲ ਹਾਲ ਖਚਾਖਚ ਭਰਿਆ ਪਿਆ ਸੀ। ਖ਼ੂਬ ਜਸ਼ਨ ਮਨਾਏ ਜਾ ਰਹੇ ਸਨ। ਨਾਚ-ਗਾਣਿਆਂ ਦਾ ਪ੍ਰੋਗਰਾਮ ਚੱਲ ਰਿਹਾ ਸੀ। ਕਰਜ਼ਨ ਵਾਇਲੀ ਰਾਤ ਦੇ ਸਾਢੇ ਦਸ ਵਜੇ ਦੇ ਕਰੀਬ ਉੱਥੇ ਪਹੁੰਚਿਆ। ਢੀਂਗਰੇ ਦੀਆਂ ਨਜ਼ਰਾਂ ਕਰਜ਼ਨ ਵਾਇਲੀ ਨੂੰ ਲੱਭ ਰਹੀਆਂ ਸਨ। ਮਦਨ ਲਾਲ ਨੇ ਤਿੰਨ ਅੰਗਰੇਜ਼ਾਂ ਨੂੰ ਚਿੱਤ ਕਰਨਾ ਸੀ।

ਉਹਨੂੰ ਯਕੀਨ ਸੀ ਕਿ ਲਾਰਡ ਕਰਜ਼ਨ, ਲਾਰਡ ਮਾਰਲੇ ਅਤੇ ਕਰਜ਼ਨ ਵਾਇਲੀ ਉੱਥੇ ਜ਼ਰੂਰ ਪਹੁੰਚਣਗੇ। ਉਹਦੇ ਕੋਲ ਦੋ ਪਿਸਤੌਲ ਸਨ। ਪਰ ਉਹਨੇ ਕਰਜ਼ਨ ਵਾਇਲੀ ਨੂੰ ਇਕੱਲਿਆ ਆਉਂਦਿਆਂ ਦੇਖਿਆ। ਉਹਨੇ ਉਹਨੂੰ ਹੀ ਖ਼ਤਮ ਕਰਨ ਲਈ ਵਿਚਾਰ ਬਣਾ ਲਿਆ। ਕਰਜ਼ਨ ਵਾਇਲੀ ਮਦਨ ਲਾਲ ਨੂੰ ਦੇਖ ਕੇ ਉਹਦੇ ਵੱਲ ਵਧਿਆ। ਵਾਇਲੀ ਦੇ ਮੂੰਹ ਵਿੱਚ ਅਜੇ ਇਹ ਸ਼ਬਦ ਨਿਕਲੇ ਹੀ ਸਨ–'ਨਾ ਤੂੰ ਮੇਰੀ ਚਿੱਠੀ ਦਾ ਉੱਤਰ ਦਿੱਤਾ ਹੈ ਅਤੇ ਨਾ ਹੀ ਮੈਨੂੰ ਮਿਲਣ ਲਈ ਆਇਐਂ ?' ਮਦਨ ਲਾਲ ਨੇ ਝਟ ਜੇਬ ਵਿੱਚੋਂ ਪਿਸਤੌਲ ਕੱਢਿਆ ਅਤੇ ਇਕਦਮ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਵਾਇਲੀ ਉੱਥੇ ਹੀ ਦਮ ਤੋੜ ਗਿਆ। ਇਕ ਪਾਰਸੀ ਡਾਕਟਰ ਲਾਲ ਕਾਕਾ ਵਾਇਲੀ ਵੱਲ ਵਧਿਆ। ਮਦਨ ਲਾਲ ਨੇ ਉਸ ਨੂੰ ਵੀ ਗੋਲੀ ਮਾਰ ਦਿੱਤੀ। ਉਹਨੂੰ ਅਫ਼ਸੋਸ ਜ਼ਰੂਰ ਸੀ ਕਿ ਉਹਨੇ ਇੱਕ ਬੇਕਸੂਰ ਬੰਦੇ ਨੂੰ ਮਾਰ ਦਿੱਤਾ ਸੀ। ਗੋਲੀਆਂ ਚੱਲਣ 'ਤੇ ਹਾਲ ਵਿੱਚ ਹਾਇ-ਦੁਹਾਈ ਮੱਚ ਗਈ। ਲੋਕ ਬਾਹਰ ਨੂੰ ਭੱਜੇ। ਮਦਨ ਲਾਲ ਉੱਥੇ ਹੀ ਖਲੋਤਾ ਰਿਹਾ। ਉਹਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ। ਬ੍ਰਿਕਸਟਨ ਜੇਲ੍ਹ ਵਿੱਚ ਬੰਦ ਕਰ ਦਿੱਤਾ। ਉਹਦੇ ਕੋਲੋਂ ਪੁਲਿਸ ਨੇ ਹੋਰ ਬੰਦਿਆਂ ਦਾ ਨਾਂ ਪੁੱਛਣ ਦੀ ਕੋਸ਼ਿਸ਼ ਕੀਤੀ ਪਰ ਉਹਨੇ ਕਿਸੇ ਦਾ ਨਾਂ ਨਾ ਲਿਆ।

ਮਦਨ ਲਾਲ ਦੇ ਪਿਤਾ ਡਾ. ਸਾਹਿਬ ਦਿੱਤਾ ਮੱਲ ਨੇ ਵਾਇਸਰਾਏ ਦੇ ਨਿੱਜੀ ਸਕੱਤਰ ਡਨਲਪ ਸਮਿੱਥ ਨੂੰ ਇੱਕ ਚਿੱਠੀ ਲਿਖੀ। ਉਹਨੇ ਚਿੱਠੀ ਵਿੱਚ ਆਪਣੇ ਪੱਤਰ ਦੁਆਰਾ ਕਰਜ਼ਨ ਵਾਇਲੀ ਦੇ ਕਤਲ ਦੀ ਸਖ਼ਤ ਨਿੰਦਿਆ ਕੀਤੀ। ਨਾਲ ਹੀ ਆਪਣੇ ਪਰਿਵਾਰ ਦੀ ਅੰਗਰੇਜ਼ੀ ਸਰਕਾਰ ਪ੍ਰਤੀ ਵਫ਼ਾਦਾਰੀ ਬਾਰੇ ਇੱਕ ਸ਼ੋਕ ਸਭਾ ਦਾ ਆਯੋਜਨ ਕੀਤਾ ਗਿਆ। ਉਸ ਮੀਟਿੰਗ ਵਿੱਚ ਕਰਜ਼ਨ ਵਾਇਲੀ ਦੇ ਕਤਲ ਬਾਰੇ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ। ਮਦਨ ਲਾਲ ਢੀਂਗਰਾ ਦੇ ਪਰਿਵਾਰ ਨੇ ਉਹਦੇ ਨਾਲੋਂ ਆਪਣੇ ਪਰਿਵਾਰਕ ਸੰਬੰਧ ਤੋੜਨ ਦਾ ਵੀ ਐਲਾਨ ਕੀਤਾ। ਗਰਮ ਦਲੀਏ ਲੋਕਾਂ ਨੇ ਮਦਨ ਲਾਲ ਦੇ ਇਸ ਕਾਰਜ ਦੀ ਬੇਹੱਦ ਪ੍ਰਸ਼ੰਸਾ ਕੀਤੀ। ਉਸ ਦੀ ਦੇਸ-ਭਗਤੀ ਨੂੰ ਸਲਾਹਿਆ ਗਿਆ। ਐਨੀ ਬੇਸੇਂਟ ਨੇ ਉਹਦੀ ਪ੍ਰਸ਼ੰਸਾ ਕਰਦਿਆਂ ਕਿਹਾ, "ਦੇਸ ਦੀ ਅਜ਼ਾਦੀ ਲਈ ਅਜੇ ਹੋਰ ਮਦਨ ਲਾਲਾਂ ਦੀ ਲੋੜ ਹੈ।" ਲਾਲਾ ਹਰਦਿਆਲ ਨੇ ਆਖਿਆ, "ਢੀਂਗਰਾ ਨੇ ਆਪਣੇ ਉੱਤੇ ਚਲ ਰਹੇ ਮੁਕੱਦਮੇ ਦੇ ਹਰ ਪੜਾਅ 'ਤੇ ਪੁਰਾਤਨ ਕਾਲੀਨ ਵੀਰ ਨਾਇਕਾਂ ਵਾਂਗ ਵਿਹਾਰ ਕੀਤਾ ਸੀ। ਉਸ ਦੀ ਵੀਰ ਭਾਵਨਾ ਸਾਨੂੰ ਮੱਧਕਾਲੀ ਰਾਜਪੂਤਾਂ ਅਤੇ ਸਿੱਖਾਂ ਦੀ ਯਾਦ ਦਿਵਾਉਂਦੀ ਹੈ, ਜਿਹੜੇ ਮੌਤ ਨੂੰ ਇੱਕ ਦੁਲਹਨ ਵਾਂਗ ਪਿਆਰਦੇ ਸਨ। ਇੰਗਲੈਂਡ ਸੋਚਦਾ ਹੈ ਕਿ ਉਸ ਨੇ ਢੀਂਗਰਾ ਨੂੰ ਮਾਰ ਦਿੱਤਾ ਹੈ ਪਰੰਤੂ ਅਸਲੀਅਤ ਇਹ ਹੈ ਕਿ ਉਹ ਸਦਾ ਹੀ ਜੀਂਦਾ ਰਹੇਗਾ। ਉਸ ਨੇ ਭਾਰਤ ਵਿਚਲੀ ਬਰਤਾਨਵੀ ਪ੍ਰਭੂਸੱਤਾ ਨੂੰ ਮੌਤ ਦੇ ਬਿਸਤਰ 'ਤੇ ਪਾ ਦਿੱਤਾ ਹੈ। ਆਉਣ ਵਾਲੇ ਸਮੇਂ ਜਦੋਂ ਭਾਰਤ ਵਿਚਲਾ ਬਰਤਾਨਵੀ ਸਾਮਰਾਜ ਮਿੱਟੀ ਵਿੱਚ ਮਿਲ ਜਾਵੇਗਾ, ਢੀਂਗਰਾ ਦੇ ਸਮਾਰਕ ਸਾਡੇ ਮੁੱਖ ਨਗਰਾਂ ਦੇ ਚੌਂਕਾਂ ਦੀ ਸਜਾਵਟ ਹੋਣਗੇ। ਸਾਡੀਆਂ ਸੰਤਾਨਾਂ ਨੂੰ ਢੀਂਗਰਾ ਦੀ ਉੱਚੀ ਤੇ ਸੁੱਚੀ ਜ਼ਿੰਦਗੀ ਅਤੇ ਵੀਰਤਾ ਪੂਰਨ ਮ੍ਰਿਤੂ ਦੀ ਯਾਦ ਕਰਵਾਉਣਗੇ ਜਿਸ ਨੇ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਹਾਇ ਦੁਹਾਈ | :ਹਾਲ-ਦੁਹਾਈ, ਸ਼ੋਰ-ਸ਼ਰਾਬਾ |
| ਖਲੋਤਾ | :ਖੜ੍ਹਾ |
| ਕਾਰਜ | :ਕੰਮ |
| ਗਰਮ ਦਲੀਏ | :ਹਿੰਸਕ, ਨਾ ਝੁਕਣ ਵਾਲੇ ਲੋਕ |
| ਸਲਾਹਿਆ | :ਪ੍ਰਸ਼ੰਸਾ ਕੀਤੀ |
| ਵੀਰ | :ਬਹਾਦਰ |
| ਪ੍ਰਭੂਸੱਤਾ | :ਰਾਜਤੰਤਰ, ਸਰਕਾਰ |
| ਸਮਾਰਕ | :ਯਾਦਗਾਰ, ਬੁੱਤ |

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਬਦੇਸ | :ਵਿਦੇਸ਼ |
| ਪ੍ਰਾਣ | :ਸਾਹ, ਸੁਆਸ |
| ਆਹੂਤੀ | :ਕੁਰਬਾਨੀ, ਬਲੀਦਾਨ |
| ਮੁਕੱਦਮਾ | :ਕੇਸ |
| ਦੰਡ | :ਸਜ਼ਾ |
| ਘੋਲ | :ਸੰਘਰਸ਼ |
| ਜਲਾਵਤਨੀ | :ਦੇਸ ਨਿਕਾਲਾ, ਦੇਸ ਵਿਚੋਂ ਬਾਹਰ ਕੱਢ ਦੇਣਾ |
| ਅਸਥੀਆਂ | :ਹੱਡੀਆਂ |

ਆਪਣੇ ਦੇਸ ਦੀ ਅਜ਼ਾਦੀ ਲਈ ਵਿਦੇਸ਼ ਵਿੱਚ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੱਤੀ।"

ਮਦਨ ਲਾਲ ਢੀਂਗਰਾ ਉਪਰ ਮੁਕੱਦਮਾ ਚਲਾਇਆ ਗਿਆ। ਉਹਨੇ ਆਪਣੇ ਬਚਾਉ ਲਈ ਕੋਈ ਵਕੀਲ ਨਾ ਕੀਤਾ। ਉਹਨੂੰ ਆਪਣੇ ਕੀਤੇ ਗਏ ਕਾਰਜ ਬਾਰੇ ਪਤਾ ਸੀ ਕਿ ਉਹਦਾ ਨਤੀਜਾ ਕੀ ਨਿਕਲਣਾ ਹੈ। ਅਦਾਲਤ ਵਿੱਚ ਬਿਆਨ ਦਿੰਦਿਆਂ ਉਹਨੇ ਕਿਹਾ, "ਮੈਂ ਜੋ ਕੀਤਾ, ਅਖ਼ਲਾਕੀ ਤੌਰ 'ਤੇ ਸਹੀ ਕੀਤਾ ਹੈ। ਮੈਂ ਗ਼ਲਤ ਬਿਆਨ ਦੇ ਕੇ ਆਪਣੀ ਜਾਨ ਬਚਾਉਣਾ ਬੁਜ਼ਦਿਲੀ ਸਮਝਦਾ ਹਾਂ। ਮੈਨੂੰ ਆਪਣੇ ਕੀਤੇ ਦਾ ਕੋਈ ਪਛਤਾਵਾ ਨਹੀਂ।" ਮਦਨ ਲਾਲ ਨੇ ਆਪਣੇ ਘਰਵਾਲਿਆਂ ਨੂੰ ਵੀ ਵਕੀਲ ਕਰਨ ਤੋਂ ਨਾਂਹ ਕਰ ਦਿੱਤੀ। ਉਹਦੇ ਭਰਾ ਭਜਨ ਲਾਲ ਨੇ ਉਹਨੂੰ ਜੇਲ੍ਹ ਵਿੱਚ ਮਿਲਣ ਦੀ ਕੋਸ਼ਿਸ਼ ਕੀਤੀ। ਪਰ ਮਦਨ ਲਾਲ ਨੇ ਨਾਂਹ ਕਰ ਦਿੱਤੀ। 10 ਜੁਲਾਈ, 1909 ਨੂੰ ਜੱਜ ਨੇ ਉਹਨੂੰ ਆਪਣੀ ਸਫ਼ਾਈ ਵਿੱਚ ਕੁਝ ਕਹਿਣ ਲਈ ਆਖਿਆ।

ਉਸ ਨੇ ਕਿਹਾ, "ਮੈਂ ਆਪਣੇ ਬਚਾਓ ਵਿੱਚ ਕੁਝ ਨਹੀਂ ਕਹਿਣਾ ਚਾਹੁੰਦਾ। ਮੈਂ ਕੇਵਲ ਆਪਣੇ ਕੀਤੇ ਅਮਲਾਂ ਨੂੰ ਸਹੀ ਸਿੱਧ ਕਰਨਾ ਚਾਹੁੰਦਾ ਹਾਂ। ਮੇਰਾ ਇਹ ਵਿਚਾਰ ਹੈ ਕਿ ਕਿਸੇ ਵੀ ਅੰਗਰੇਜ਼ੀ ਅਦਾਲਤ ਨੂੰ ਮੇਰੇ 'ਤੇ ਮੁਕੱਦਮਾ ਚਲਾਉਣ ਦਾ ਜਾਂ ਮ੍ਰਿਤੂ ਦੰਡ ਦੇਣ ਦਾ ਕੋਈ ਅਧਿਕਾਰ ਨਹੀਂ। ਮੈਂ ਕਹਿੰਦਾ ਹਾਂ ਕਿ ਜੇਕਰ ਜਰਮਨ ਤੁਹਾਡੇ ਦੇਸ ਉਪਰ ਕਬਜ਼ਾ ਕਰ ਲੈਣ ਤਾਂ ਜੇ ਉਨ੍ਹਾਂ ਵਿਰੁੱਧ ਕਿਸੇ ਵੀ ਅੰਗਰੇਜ਼ ਦਾ ਘੋਲ ਜਾਇਜ਼ ਅਤੇ ਪ੍ਰਸ਼ੰਸਯੋਗ ਹੈ ਤਾਂ ਫੇਰ ਆਪਣੇ ਦੇਸ ਲਈ ਮੇਰਾ ਅੰਗਰੇਜ਼ਾਂ ਵਿਰੁੱਧ ਕੀਤਾ ਘੋਲ ਵੀ ਜਾਇਜ਼ ਅਤੇ ਸਹੀ ਹੈ। ਤੁਸੀਂ ਮੇਰੇ ਅਣਗਿਣਤ ਦੇਸ ਵਾਸੀਆਂ ਨੂੰ ਫਾਂਸੀ ਅਤੇ ਜਲਾਵਤਨੀ ਦੀ ਸਜ਼ਾ ਦਿੱਤੀ ਹੈ।"

ਅਖ਼ੀਰ 23 ਜੁਲਾਈ, 1909 ਨੂੰ ਜੱਜ ਨੇ ਮਦਨ ਲਾਲ ਢੀਂਗਰਾ ਨੂੰ ਮੌਤ ਦੀ ਸਜ਼ਾ ਸੁਣਾਈ।

ਵੀਰ ਸਾਵਰਕਰ ਅਤੇ ਉਹਦੇ ਕੁਝ ਸਾਥੀਆਂ ਨੇ ਅੰਗਰੇਜ਼ ਸਰਕਾਰ ਕੋਲੋਂ ਉਹਦੇ ਮਿਰਤਕ ਸਰੀਰ ਦੀ ਮੰਗ ਕੀਤੀ। ਪਰ ਸਰਕਾਰ ਨੇ ਸਾਫ਼ ਇਨਕਾਰ ਕਰ ਦਿੱਤਾ। ਮਦਨ ਲਾਲ ਨੂੰ ਪੈਂਟਨਵਿਲਿ ਜੇਲ੍ਹ ਦੇ ਕਬਰਸਿਤਾਨ ਵਿੱਚ ਦਫ਼ਨਾਇਆ ਗਿਆ।

ਮਦਨ ਲਾਲ ਢੀਂਗਰਾ ਮਹਾਨ ਦੇਸ-ਭਗਤ ਸੀ। ਮੋਹ-ਲਾਲਚ ਤੋਂ ਉੱਚਾ। ਇੱਥੋਂ ਤੱਕ ਕਿ ਉਹਨੂੰ ਆਪਣੇ ਪਰਿਵਾਰ ਨਾਲ ਵੀ ਕੋਈ ਮੋਹ ਨਹੀਂ ਸੀ।

ਸ਼ਹੀਦ ਮਦਨ ਲਾਲ ਢੀਂਗਰਾ ਦੀਆਂ ਅਸਥੀਆਂ 13 ਦਸੰਬਰ, 1976 ਨੂੰ ਭਾਰਤ ਲਿਆਂਦੀਆਂ ਗਈਆਂ। ਇਨ੍ਹਾਂ ਨੂੰ ਦਿੱਲੀ ਤੋਂ ਜਲੂਸ ਦੀ ਸ਼ਕਲ ਵਿੱਚ ਅੰਮ੍ਰਿਤਸਰ ਲਿਆਂਦਾ ਗਿਆ। ਅੰਤ ਇਨ੍ਹਾਂ ਅਸਥੀਆਂ ਨੂੰ ਹਰਿਦੁਆਰ ਵਿੱਚ ਜਲ-ਪਰਵਾਹ ਕਰ ਦਿੱਤਾ ਗਿਆ।

## ਟਿੱਪਣੀ

ਇਸ ਜੀਵਨੀ ਤੋਂ ਸਾਨੂੰ ਪਤਾ ਲਗਦਾ ਹੈ ਕਿ ਮਦਨ ਲਾਲ ਢੀਂਗਰਾ ਮਹਾਨ ਦੇਸਭਗਤ ਸੀ। ਜਿਸ ਵਿੱਚ ਦੇਸ ਪ੍ਰਤੀ ਪਿਆਰ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਦੇਸ ਦੀ ਖਾਤਿਰ ਉਸ ਨੇ ਆਪਣੀ ਕੁਰਬਾਨੀ ਹੱਸਦੇ ਹੋਏ ਦੇ ਦਿੱਤੀ। ਇਹ ਉਸ ਦੇ ਦੇਸ-ਪਿਆਰ

ਦਾ ਜਜ਼ਬਾ ਸੀ ਕਿ ਉਸ ਨੇ ਆਪਣੇ ਭਰਾ ਨੂੰ ਵੀ ਮਿਲਣ ਤੋਂ ਮਨ੍ਹਾਂ ਕਰ ਦਿੱਤਾ। ਉਸ ਨੇ ਆਪਣੇ ਕੇਸ ਦੀ ਪੈਰਵੀ ਲਈ ਕੋਈ ਵਕੀਲ ਨਹੀਂ ਕੀਤਾ ਤੇ ਅਦਾਲਤ ਵਿੱਚ ਜੱਜ ਨੂੰ ਲਲਕਾਰਦੇ ਹੋਏ ਕਿਹਾ ਕਿ ਮੈਨੂੰ ਆਪਣੇ ਕੀਤੇ ਦਾ ਕੋਈ ਪਛਤਾਵਾ ਨਹੀਂ ਹੈ। ਮੈਂ ਜੋ ਕੁਝ ਕੀਤਾ ਹੈ ਆਪਣੇ ਦੇਸ ਦੀ ਅਣਖ ਖ਼ਾਤਰ ਕੀਤਾ ਹੈ। ਅਖੀਰ ਇਹੋ ਜਿਹੇ ਮਹਾਨ ਦੇਸ-ਭਗਤ ਨੂੰ ਅੰਗਰੇਜ਼ ਸਰਕਾਰ ਨੇ ਫਾਂਸੀ ਲਾ ਕੇ ਹਮੇਸ਼ਾ ਲਈ ਉਸ ਦਾ ਜੀਵਨ ਖ਼ਤਮ ਕਰ ਦਿੱਤਾ।

## ਅਭਿਆਸ

**1. ਦੱਸੋ ਖਾਂ ਭਲਾ :**

(i) ਮਦਨ ਲਾਲ ਢੀਂਗਰਾ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਸੀ ?

(ii) ਮਾਪੇ ਮਦਨ ਲਾਲ ਨੂੰ ਕੀ ਬਣਾਉਣਾ ਚਾਹੁੰਦੇ ਸਨ ?

(iii) ਲਾਹੌਰ ਕਿਸ ਚੀਜ਼ ਦਾ ਕੇਂਦਰ ਸੀ ਅਤੇ ਮਦਨ ਲਾਲ ਉੱਤੇ ਕਿਸ ਚੀਜ਼ ਦਾ ਅਸਰ ਪਿਆ।

(iv) ਲੰਦਨ ਜਾ ਕੇ ਮਦਨ ਲਾਲ ਨੂੰ ਕੀ ਮਹਿਸੂਸ ਹੋਇਆ ?

(v) ਭਾਰਤੀਆਂ ਉਪਰ ਜ਼ੁਲਮ ਕਰਨ ਦਾ ਵਿਰੋਧੀ ਕਿਹੜੇ ਅੰਗਰੇਜ਼ਾਂ ਨੂੰ ਸਮਝਿਆ ਜਾਂਦਾ ਸੀ ?

(vi) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ-'ਦੇਸ ਦੀ ਅਜ਼ਾਦੀ ਲਈ ਅਜੇ ਹੋਰ ਮਦਨ ਲਾਲਾਂ ਦੀ ਲੋੜ ਹੈ' ?

(vii) ਮਦਨ ਲਾਲ ਦੀਆਂ ਅਸਥੀਆਂ ਕਦੋਂ ਭਾਰਤ ਲਿਆਂਦੀਆਂ ਗਈਆਂ ਅਤੇ ਉਨ੍ਹਾਂ ਨੂੰ ਕਿੱਥੇ ਪ੍ਰਵਾਹ ਕੀਤਾ ਗਿਆ ?

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ :**

(i) ਮਦਨ ਲਾਲ ਢੀਂਗਰਾ ਤੋਂ ਇਲਾਵਾ ਦੇਸ ਦੀ ਅਜ਼ਾਦੀ ਲਈ ਕੁਰਬਾਨੀ ਦੇਣ ਵਾਲੇ ਕਿਸੇ ਹੋਰ ਦੇਸ-ਭਗਤ ਦੇ ਜੀਵਨ ਬਾਰੇ 15 ਤੋਂ 20 ਸਤਰਾਂ ਲਿਖੋ।

(ii) ਕੀ ਤੁਹਾਨੂੰ ਲਗਦਾ ਹੈ ਕਿ ਸ਼ਹੀਦਾਂ ਨੇ ਜਿਸ ਕਾਰਜ ਲਈ ਸ਼ਹਾਦਤ ਦਿੱਤੀ ਸੀ, ਦੇਸ ਉਨ੍ਹਾਂ ਦੇ ਸੁਪਨੇ ਨੂੰ ਪੂਰਾ ਕਰ ਰਿਹਾ ਹੈ। ਇਸ ਬਾਰੇ ਵਿਸਤਾਰ ਸਹਿਤ ਇੱਕ ਲੇਖ ਲਿਖੋ।

(iii) ਆਪਣੇ ਦੇਸ ਲਈ ਤੁਹਾਡੇ ਮਨ ਵਿੱਚ ਕੀ ਕੁਝ ਕਰਨ ਦੀ ਇੱਛਾ ਹੈ ? ਕੀ ਤੁਹਾਡੇ ਅੰਦਰ ਵੀ ਦੇਸ-ਭਗਤੀ ਦਾ ਜਜ਼ਬਾ ਹੈ ? ਲੋੜ ਪੈਣ 'ਤੇ ਤੁਸੀਂ ਦੇਸ ਲਈ ਕੀ ਕੁਝ ਕਰ ਸਕਦੇ ਹੋ ?

(iv) ਅੱਜ ਭਾਰਤ ਇੱਕ ਅਜ਼ਾਦ ਦੇਸ ਹੈ। ਪਰ ਅਜੇ ਵੀ ਲੋਕ ਗੁਲਾਮੀ ਦੀ ਗੱਲ ਕਰਦੇ ਹਨ। ਦੇਸ ਦੇ ਅੰਦਰ ਹੀ ਉਹ ਕਿਹੜੀ ਗੁਲਾਮੀ ਹੈ ? ਉਸ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ।

(v) ਭਾਰਤ ਦੀ ਅਜ਼ਾਦੀ ਵਿੱਚ ਔਰਤ ਸ਼ਹੀਦਾਂ ਦੀ ਕੁਰਬਾਨੀ ਬਾਰੇ ਜਾਣਕਾਰੀ ਭਰਪੂਰ ਇੱਕ ਚਾਰਟ ਬਣਾਓ।

**ਅ. ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਦੇ ਵਾਕ ਬਣਾਉ :**

(i) ਪੱਖੀ ...
(ii) ਸੱਟ ...
(iii) ਸੁਰ ...
(iv) ਉਲਟੀ ...
(v) ਉੱਚਾ ...
(vi) ਆਕੜ ..
(vii) ਹਾਲ ...
(viii) ਕੱਚਾ ...
(ix) ਹਾਰ ...
(x) ਘੋੜਾ ...

**ੲ. ਵਚਨ ਬਦਲੋ :**

(i) ਅਹੁਦਾ ...
(ii) ਅਮੀਰ ...
(iii) ਭਾਰਤੀ ...
(iv) ਵਿਚਾਰ ...
(v) ਕੁਰਬਾਨੀ
(vi) ਸਰਗਰਮੀ ...
(vii) ਗ੍ਰਿਫ਼ਤਾਰੀ ...
(viii) ਨਜ਼ਰ ...
(ix) ਨਾਇਕ ...
(x) ਅਸਥੀ ...

**ਸ. ਹੇਠ ਲਿਖੇ ਵਾਕਾਂ ਵਿੱਚ ਕਿਰਿਆ ਦੀ ਪਛਾਣ ਕਰੋ :**

(i) ਮਦਨ ਲਾਲ ਢੀਂਗਰਾ ਨੇ ਪਿਸਤੌਲ ਨਾਲ ਵਾਇਲੀ ਨੂੰ ਮਾਰਿਆ। ...
(ii) ਵਿਦਿਆਰਥੀ ਇਨਕਲਾਬੀ ਦੀ ਜੀਵਨੀ ਪੜ੍ਹਦੇ ਹਨ। ...

(iii) ਮਦਨ ਲਾਲ ਢੀਂਗਰਾ ਦੇਸ਼-ਭਗਤ ਸੂਰਮਾ ਸੀ। ...

(iv) ਸਾਰੇ ਵਿਦਿਆਰਥੀ ਇੱਕ ਰਾਜਸੀ ਜਥੇਬੰਦੀ ਦੇ ਰੂਪ ਵਿੱਚ ਕੰਮ ਕਰਦੇ ਸਨ। ...

(v) ਢੀਂਗਰਾ ਦੀਆਂ ਅਸਥੀਆਂ ਜਲ-ਪਰਵਾਹ ਕਰ ਦਿੱਤੀਆਂ ਗਈਆਂ। ...

**ਹ. ਹੇਠ ਲਿਖੇ ਸ਼ਬਦਾਂ ਦੇ ਵਿਸ਼ੇਸ਼ਣ ਤੇ ਕਿਰਿਆ ਵਿਸ਼ੇਸ਼ਣ ਰੂਪਾਂ ਨੂੰ ਵਾਕਾਂ ਵਿੱਚ ਵਰਤੋ :**

ਥੋੜ੍ਹਾ, ਹੌਲੀ, ਅੰਤਲਾ, ਅਧੂਰਾ, ਜ਼ਰੂਰ

**ਕ. ਕਾਲ ਦੀਆਂ ਕਿਸਮਾਂ ਲਿਖੋ :**

(i) ਮਦਨ ਲਾਲ ਢੀਂਗਰਾ ਨੂੰ ਫਾਂਸੀ ਹੋ ਚੁੱਕੀ ਹੈ।...

(ii) ਮਦਨ ਲਾਲ ਢੀਂਗਰਾ ਦੇ ਇੱਕ ਭਰਾ ਤੇ ਇੱਕ ਭੈਣ ਸੀ। ...

(iii) ਬੇਸਹਾਰਾ ਲੋਕਾਂ ਦੀ ਮਦਦ ਕਰੋ। ...

(iv) ਅਜ਼ਾਦੀ ਦੀ ਹਵਾ ਚੱਲ ਰਹੀ ਹੈ। ...

(v) ਪੜ੍ਹਾਈ ਕਰਨ ਲਈ ਢੀਂਗਰਾ ਇੰਗਲੈਂਡ ਚਲਾ ਗਿਆ ਸੀ। ...

**ਖ. ਹੇਠ ਲਿਖੀਆਂ ਅਖਾਣਾਂ ਦੇ ਅਰਥ ਦੱਸ ਕੇ ਵਾਕ ਬਣਾਉ :**

(i) ਹਾਥੀ ਦੇ ਦੰਦ ਖਾਣ ਦੇ ਹੋਰ, ਦਿਖਾਉਣ ਦੇ ਹੋਰ ...

(ii) ਸਸਤਾ ਰੋਵੇ ਵਾਰ-ਵਾਰ, ਮਹਿੰਗਾ ਰੋਵੇ ਇੱਕ ਵਾਰ ...

(iii) ਇੱਕ ਪੰਥ ਦੋ ਕਾਜ ...

(iv) ਉੱਚਾ ਲੰਮਾ ਗੱਭਰੂ ਤੇ ਪੱਲੇ ਠੀਕਰੀਆਂ ...

(v) ਆਪਣੀ ਪੀੜੀ ਹੇਠ ਸੋਟਾ ਫੇਰਨਾ ...

# ਮਲਟੀ-ਮੀਡੀਆ

## ਡਾ. ਪ੍ਰਿਥਵੀ ਰਾਜ ਥਾਪਰ



### ਸ਼ਖ਼ਸੀਅਤ ਤੇ ਰਚਨਾ

ਡਾ. ਪ੍ਰਿਥਵੀ ਰਾਜ ਥਾਪਰ ਦਾ ਜਨਮ 27 ਮਈ, 1964 ਨੂੰ ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਵਿੱਚ ਪਿੰਡ ਕੋਟ ਸੁਖੀਆ ਵਿਖੇ ਪਿਤਾ ਮਾਸਟਰ ਸੋਹਣ ਲਾਲ ਦੇ ਘਰ ਮਾਤਾ ਸ੍ਰੀਮਤੀ ਸੱਤਿਆ ਦੇਵੀ ਦੀ ਕੁੱਖੋਂ ਹੋਇਆ। ਉਹ ਰਾਜਧਾਨੀ ਦਿੱਲੀ ਦੇ ਦਿਆਲ ਸਿੰਘ ਈਵਨਿੰਗ ਕਾਲਜ ਵਿੱਚ ਪੰਜਾਬੀ ਦੇ ਅਸਿਸਟੈਂਟ ਪ੍ਰੋਫ਼ੈਸਰ ਹਨ। ਰੇਡੀਓ ਤੇ ਟੀ.ਵੀ. ਸਮੇਤ ਮੀਡੀਆ ਦੇ ਖੇ ਤਰ ਵਿਚ ਵੀ ਸਰਗਰਮ ਹਨ। ਉਨ੍ਹਾਂ ਦੀਆਂ ਪੁਸਤਕਾਂ ਵਿੱਚ 'ਰਾਮ ਸਰੂਪ ਅਣਖੀ ਦਾ ਨਾਵਲ ਸੰਸਾਰ', 'ਸਾਹਿਤ-ਚਿੰਤਨ', 'ਵੀਨਾ ਵਰਮਾ ਦਾ ਗਲਪੀ ਜਗਤ', 'ਪੰਜਾਬੀ ਵਾਰਤਕ-ਪੁਨਰ ਵਿਚਾਰ', 'ਪੰਜਾਬੀ ਮੀਡੀਆ' ਅਤੇ 'ਸੰਚਾਰ, ਤਕਨੀਕ ਤੇ ਮਲਟੀਮੀਡੀਆ' ਆਦਿ ਸ਼ਾਮਿਲ ਹਨ। ਮੀਡੀਆ ਬਾਰੇ ਉਪਰੋਕਤ ਕਿਤਾਬਾਂ ਵੱਖ-ਵੱਖ ਜਮਾਤਾਂ ਦੇ ਸਿਲੇਬਸ ਵਿੱਚ ਪੜ੍ਹਾਈਆਂ ਜਾ ਰਹੀਆਂ ਹਨ। ਆਪ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਦੀਆਂ ਗਤੀ-ਵਿਧੀਆ ਨਾਲ ਨਿਰੰਤਰ ਜੁੜੇ ਰਹਿੰਦੇ ਹਨ। ਆਪ ਨੂੰ ਪੰਜਾਬੀ ਅਕਾਦਮੀ, ਦਿੱਲੀ ਵੱਲੋਂ ਪੰਜਾਬੀ ਭਾਸ਼ਾ ਸੇਵਾ ਸਨਮਾਨ ਨਾਲ ਸਨਮਾਨਿਤ ਕਰਨ ਦੇ ਨਾਲ-ਨਾਲ ਹੋਰ ਵੀ ਅਨੇਕਾਂ ਸੰਸਥਾਵਾਂ ਵੱਲੋਂ ਮਾਣ-ਸਨਮਾਨ ਹਾਸਲ ਹੋ ਚੁੱਕੇ ਹਨ।

**ਔਖੇ ਸ਼ਬਦਾਂ ਦੇ ਅਰਥ**

ਰੁਤਬਾ :ਦਰਜ਼ਾ
ਵੱਸ :ਕਾਬੂ

### ਮਲਟੀ-ਮੀਡੀਆ

'ਮਲਟੀ-ਮੀਡੀਆ' ਪਰਿਭਾਸ਼ਕ ਸ਼ਬਦ ਦੀ ਕਾਢ ਬਾੱਬ ਗੋਲਡਸਟੀਨ (Bob Goldstein) ਨੇ ਜੁਲਾਈ, 1966 ਨੂੰ ਸਾਊਥੈਂਪਟਨ ਵਿਖੇ ਆਪਣੇ ਇਕ ਸ਼ੋਅ (Show) ਦਾ ਪ੍ਰਚਾਰ (Promote) ਕਰਨ ਲਈ ਕੱਢੀ ਸੀ। ਮੀਡੀਆ ਦੀ ਦੁਨੀਆ ਵਿੱਚ ਮਲਟੀ-ਮੀਡੀਆ ਇੱਕ ਕੇਂਦਰੀ ਸ਼ਬਦ ਦਾ ਰੁਤਬਾ ਹਾਸਲ ਕਰ ਚੁੱਕਿਆ ਹੈ। 19ਵੀਂ ਸਦੀ ਦੇ ਦਸਵੇਂ ਦਹਾਕੇ ਵਿੱਚ ਕੰਪਿਊਟਰ ਦੀ ਖ਼ਰੀਦ-ਫ਼ਰੋਖ਼ਤ ਨੂੰ 'ਮਲਟੀ-ਮੀਡੀਆ ਕੰਪਿਊਟਰ' ਦਾ ਨਾਂ ਹੀ ਦਿੱਤਾ

ਗਿਆ ਸੀ। ਇਸ ਦਾ ਮੁੱਖ ਕਾਰਨ ਇਸ ਵਿੱਚ ਇੱਕ ਸੀ.ਡੀ. ਰੋਮ ਡਰਾਈਵ (CD-Rom drive) ਦਾ ਮੌਜੂਦ ਹੋਣਾ ਸੀ। ਇਸ ਰਾਹੀਂ ਵੀਡੀਓ ਤਸਵੀਰਾਂ ਤੇ ਆਡੀਓ ਅੰਕੜਿਆਂ ਦੇ ਸੈਂਕੜੇ ਮੈਗਾਬਾਈਟਸ (Megabytes) ਮੁਹੱਈਆ ਕਰਨ ਦਾ ਪ੍ਰਬੰਧ ਸੀ। ਇਸ ਨੂੰ ਸਿੱਖਿਆ ਮਲਟੀ-ਮੀਡੀਆ ਦੇ ਨਿਰਮਾਣ ਵਿੱਚ ਇੱਕ ਵਾਧੇ ਵਜੋਂ ਵੇਖਿਆ ਗਿਆ। ਉਦੋਂ ਤੋਂ ਮੀਡੀਆ ਮਾਧਿਅਮ (Medium) ਦਾ ਬਹੁ-ਵਚਨੀ ਬਣ ਗਿਆ।

ਇਸ ਵਿੱਚ ਸੰਚਾਰ ਨਾਲ ਸਬੰਧਿਤ ਇੱਕ ਤੋਂ ਵਧੇਰੇ ਤੱਤ ਮੌਜੂਦ ਹੁੰਦੇ ਹਨ। ਇਸ ਲਈ ਇਸ ਨੂੰ ਸੰਗਿਆ ਜਾਂ ਵਿਸ਼ੇਸ਼ਣ ਦੇ ਤੌਰ 'ਤੇ ਵੀ ਇਸਤੇਮਾਲ ਕਰ ਲਿਆ ਜਾਂਦਾ ਹੈ। ਮਲਟੀ-ਮੀਡੀਆ 'ਚ ਪਾਠ (Text), ਆਵਾਜ਼ (Sound), ਸਥਿਰ ਤਸਵੀਰਾਂ (Still Images), ਵੀਡੀਓ ਵਿਸ਼ੇਸ਼ ਪ੍ਰਭਾਵਾਂ (Special Effects) ਤੇ ਜੀਵੰਤ ਚਿੱਤਰ (Animation) ਦਾ ਸੁਮੇਲ ਹੁੰਦਾ ਹੈ। ਮਲਟੀ-ਮੀਡੀਆ ਦਾ ਕਾਰਜ ਕੰਪਿਊਟਰ ਅਤੇ ਬਿਜਲਈ ਜੰਤਰਾਂ ਦੀ ਮਦਦ ਨਾਲ ਹੁੰਦਾ ਹੈ। ਇਸ ਰਾਹੀਂ ਪ੍ਰੋਗਰਾਮ ਰਿਕਾਰਡ ਕੀਤੇ ਜਾ ਸਕਦੇ ਹਨ ਜਾਂ ਨਾਲੋਂ ਨਾਲ (Live) ਵੀ ਦਿਖਾਏ ਜਾ ਸਕਦੇ ਹਨ। ਇਸ ਨੂੰ ਲੀਨੀਅਰ (Liniear) ਤੇ ਗ਼ੈਰ-ਲੀਨੀਅਰ (Non-Liniear) ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ। ਲੀਨੀਅਰ ਮੀਡੀਆ ਵਿੱਚ ਵਸਤੂ ਉਪਰ ਦਰਸ਼ਕ ਦਾ ਵੱਸ (Control) ਨਹੀਂ ਹੁੰਦਾ। ਜਿਵੇਂ ਇੱਕ ਸਿਨੇਮਾ ਪੇਸ਼ਕਾਰੀ 'ਚ ਅਜਿਹਾ ਵਾਪਰਦਾ ਹੈ। ਪਰ ਗ਼ੈਰ-ਲੀਨੀਅਰ ਵਸਤੂ ਵਿੱਚ ਵਰਤੋਂਕਾਰ ਨੂੰ ਇਸ ਦਾ ਇਸਤੇਮਾਲ ਕਰਨ ਦੀ ਖੁੱਲ੍ਹ ਹੁੰਦੀ ਹੈ ਜਿਵੇਂ ਕੰਪਿਊਟਰ ਦੀ ਖੇਡ (Computer Game) ਹਾਈਪਰ-ਮੀਡੀਆ (Hyper-Media) ਗ਼ੈਰ-ਲੀਨੀਅਰ ਵਸਤੂ ਦੀ ਇੱਕ ਮਿਸਾਲ ਹੈ। ਰਿਕਾਰਡ-ਸ਼ੁਦਾ (Recorded) ਪੇਸ਼ਕਾਰੀ ਰਾਹੀਂ ਇੱਕ ਨੇਵੀਗੇਸ਼ਨ ਸਿਸਟਮ ਰਾਹੀਂ ਸੰਪਰਕ ਦਾ ਪ੍ਰਬੰਧ ਹੋ ਸਕਦਾ ਹੈ ਜਦਕਿ ਨਾਲੋਂ ਨਾਲ (Live) ਮਲਟੀ-ਮੀਡੀਆ ਦੀ ਪੇਸ਼ਕਾਰੀ 'ਚ ਪ੍ਰਸਤੁਤਕਰਤਾ ਜਾਂ ਅਦਾਕਾਰ ਨਾਲ ਗੱਲਬਾਤ (Inforation) ਰਾਹੀਂ ਸੰਪਰਕ ਬਣਾਇਆ ਜਾ ਸਕਦਾ ਹੈ। ਮਲਟੀ-ਮੀਡੀਆ ਨੇ ਪੰਜਾਬੀ ਪ੍ਰੋਗਰਾਮਾਂ ਨੂੰ ਚਾਰ ਚੰਨ ਲਾਏ ਹਨ। ਪੰਜਾਬੀ ਅਕਾਦਮੀ ਦਿੱਲੀ ਨੇ ਸੰਨ 2011 'ਚ ਫ਼ਿਰੋਜ਼ਸ਼ਾਹ ਕੋਟਲਾ ਦੇ ਵਿਸ਼ਾਲ ਸਟੇਡੀਅਮ 'ਚ ਮਲਟੀ-ਮੀਡੀਆ 'ਤੇ ਅਧਾਰਤ ਰੌਸ਼ਨੀ ਤੇ ਆਵਾਜ਼ (Light and Sound) ਪ੍ਰੋਗਰਾਮ 'ਗਾਥਾ ਕੂਕਾ ਲਹਿਰ ਦੀ' ਨੂੰ ਫ਼ਿਲਮਾਉਣ 'ਚ ਸਫ਼ਲਤਾ ਹਾਸਲ ਕੀਤੀ ਸੀ।



**ਔਖੇ ਸ਼ਬਦਾਂ ਦੇ ਅਰਥ**

| | |
|---|---|
| ਵਰਤੋਂਕਾਰ | :ਵਰਤਣ ਵਾਲਾ |
| ਪ੍ਰਸਤੁਤਕਰਤਾ | :ਪ੍ਰਸਤੁਤ/ਪੇਸ਼ ਕਰਨ ਵਾਲਾ |
| ਵਿਸ਼ਵੀ | :ਵਿਸ਼ਵ ਪੱਧਰ ਦਾ |

## ਮਲਟੀ-ਮੀਡੀਆ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ :



ਮਲਟੀ-ਮੀਡੀਆ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ :

1. ਮਲਟੀ-ਮੀਡੀਆ ਦੀ ਪੇਸ਼ਕਾਰੀ ਨੂੰ ਸਟੇਜ, ਪ੍ਰੋਜੈਕਟਰ, ਟ੍ਰਾਂਸਮੀਟਰ ਜਾਂ ਸਥਾਨਕ ਪੱਧਰ 'ਤੇ ਇੱਕ ਮੀਡੀਆ ਪਲੇਅਰ ਰਾਹੀਂ ਦਿਖਾਇਆ ਜਾ ਸਕਦਾ ਹੈ।
2. ਇਸ ਰਾਹੀਂ ਪੇਸ਼ਕਾਰੀ ਰਿਕਾਰਡ-ਸ਼ੁਦਾ (Recorded) ਜਾਂ ਨਾਲੋਂ ਨਾਲ (Live) ਹੋ ਸਕਦੀ ਹੈ।
3. ਮਲਟੀ-ਮੀਡੀਆ ਵਿਸ਼ੇਸ਼ ਪ੍ਰਭਾਵਾਂ (Special Effects) ਰਾਹੀਂ ਪ੍ਰੋਗਰਾਮ ਵਿੱਚ ਹੋਰ ਨਿਖਾਰ ਲਿਆਉਂਦਾ ਹੈ।
4. ਖ਼ਬਰਾਂ ਦੇ ਸੰਪਾਦਨ (Editing) ਦੌਰਾਨ ਮਲਟੀ-ਮੀਡੀਆ ਆਵਾਜ਼ ਤੇ ਤਸਵੀਰਾਂ ਨੂੰ ਕਲਾਤਮਕ ਢੰਗ ਨਾਲ ਤਰਾਸ਼ਦਾ ਹੈ।

## ਮਲਟੀ-ਮੀਡੀਆ ਦੀ ਵਰਤੋਂ :

ਇਸ ਦੀ ਵਰਤੋਂ ਇਸ਼ਤਿਹਾਰਬਾਜ਼ੀ, ਕਲਾ, ਸਿੱਖਿਆ, ਮਨੋਰੰਜਨ, ਇੰਜੀਨੀਅਰਿੰਗ, ਦਵਾਈਆਂ, ਹਿਸਾਬ-ਕਿਤਾਬ, ਵਪਾਰ, ਵਿਗਿਆਨਕ ਖੋਜ ਆਦਿ ਲਈ ਕੀਤੀ ਜਾ ਸਕਦੀ ਹੈ। ਸਿੱਖਿਆ ਦੇ ਖੇਤਰ ਵਿੱਚ ਮਲਟੀ-ਮੀਡੀਆ ਦੀ ਵਰਤੋਂ ਕੰਪਿਊਟਰ ਅਧਾਰਤ ਸਿਖਲਾਈ ਕੋਰਸਾਂ (CBTs) ਅਤੇ ਇਨਸਾਈਕਲੋਪੀਡੀਆ ਤੇ ਜੰਤਰੀਆਂ ਆਦਿ ਹਵਾਲਾ ਪੁਸਤਕਾਂ (Reference Books) ਲਈ ਕੀਤੀ ਜਾਂਦੀ ਹੈ। ਮਲਟੀ-ਮੀਡੀਆ ਦੀ ਵਜ੍ਹਾ ਨਾਲ ਖੋਜ ਦੀ ਸੰਭਾਵਨਾ ਵੀ ਵਧੀ ਹੈ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਇਸ ਨਾਲ ਸਿੱਖਿਆ ਵਿੱਚ ਸੁਧਾਰ ਲਿਆਂਦਾ ਜਾ ਰਿਹਾ ਹੈ। ਜਮਾਤਾਂ ਵਿੱਚ ਵਿਦਿਆਰਥੀ ਵਧੇਰੇ ਸੁਖਾਲਾ ਮਹਿਸੂਸ ਕਰ ਸਕਦੇ ਹਨ। ਅਧਿਆਪਕ ਵੱਖੋ-ਵੱਖਰੇ ਤਰੀਕਿਆਂ ਰਾਹੀਂ ਵਿਦਿਆਰਥੀਆਂ ਨੂੰ ਗਿਆਨ-ਵਿਗਿਆਨ ਨਾਲ ਜੋੜ ਸਕਦੇ ਹਨ।

ਮਲਟੀ-ਮੀਡੀਆ ਨੇ ਪੱਤਰਕਾਰੀ ਨੂੰ ਵਿਸ਼ਵੀ ਰੂਪ ਪ੍ਰਦਾਨ ਕਰ ਦਿੱਤਾ ਹੈ। ਖ਼ਬਰਾਂ ਦੇ ਆਦਾਨ-ਪ੍ਰਦਾਨ ਦੇ ਢੰਗ-ਤਰੀਕੇ ਬਦਲ ਚੁੱਕੇ ਹਨ। ਮੀਡੀਆ ਨਿਰਮਾਤਾਵਾਂ (Producers) ਤੇ ਉਪਭੋਗਤਾਵਾਂ (Consumers) ਲਈ ਸੂਚਨਾ ਦੀਆਂ ਨਵੀਆਂ ਤਕਨੀਕਾਂ ਵਿਕਸਿਤ ਹੋ ਚੁੱਕੀਆਂ ਹਨ। ਮਿਸਾਲ ਵਜੋਂ ਸਾਂਝਾ ਭਾਸ਼ਾ ਪ੍ਰੋਜੈਕਟ (Common Language Project) ਮਲਟੀ-ਮੀਡੀਆ ਪੱਤਰਕਾਰੀ ਦੀ ਕਿਸਮ ਦੀ ਇੱਕ ਉਦਾਹਰਨ ਹੈ। ਪੱਤਰਕਾਰ ਕੈਮਰਿਆਂ, ਆਡੀਓ ਤੇ ਵੀਡੀਓ ਰਿਕਾਰਡਰਾਂ ਅਤੇ ਵਾਈ-ਫਾਈ ਨਾਲ ਲੈਸ ਲੈਪਟਾਪ ਕੰਪਿਊਟਰਾਂ ਦੀ ਮਦਦ ਨਾਲ ਮਿੰਟਾਂ-ਸਕਿੰਟਾਂ ਵਿੱਚ ਖ਼ਬਰਾਂ ਦਾ ਸੰਚਾਰ ਕਰ ਰਹੇ ਹਨ। ਸਕੈਨਰ ਦੀ ਮਦਦ ਨਾਲ ਤਸਵੀਰ ਜਾਂ ਦਸਤਾਵੇਜ਼ਾਂ ਨੂੰ ਡਿਜ਼ੀਟਲ (Digital) ਰੂਪ ਦਿੱਤਾ ਜਾ ਸਕਦਾ ਹੈ।



## ਟਿੱਪਣੀ



ਇਸ ਲੇਖ ਵਿੱਚ ਲੇਖਕ ਨੇ ਮਲਟੀ-ਮੀਡੀਆ ਦੇ ਆਉਣ ਨਾਲ ਜੀਵਨ ਦੇ ਵੱਖੋ-ਵੱਖਰੇ ਖੇਤਰਾਂ ਉੱਪਰ ਪੈਣ ਵਾਲੇ ਅਸਰ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਮਲਟੀ-ਮੀਡੀਆ ਸ਼ਬਦ ਦੀ ਕਾਢ, ਇਸ ਦੇ ਵੱਖੋ-ਵੱਖਰੇ ਤੱਤਾਂ ਅਤੇ ਇਸ ਦੀ ਵਰਤੋਂ ਦੇ ਢੰਗ-ਤਰੀਕਿਆਂ ਨੂੰ ਸਮਝਾਉਣ ਦਾ ਉਪਰਾਲਾ ਕੀਤਾ ਗਿਆ ਹੈ। ਸਿੱਖਿਆ ਤੇ ਮੀਡੀਆ ਸਮੇਤ ਹੋਰਨਾਂ ਖੇਤਰਾਂ ਵਿੱਚ ਇਸ ਨਾਲ ਆਏ ਸੁਧਾਰ ਨੂੰ ਉਭਾਰਿਆ ਗਿਆ ਹੈ। ਮਲਟੀ-ਮੀਡੀਆ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦੇ ਜ਼ਿਕਰ ਨਾਲ ਇਸ ਦੀ ਕਾਰਜ-ਪ੍ਰਣਾਲੀ ਨੂੰ ਸਮਝਣ ਵਿਚ ਹੋਰ ਮਦਦ ਮਿਲਦੀ ਹੈ। ਸਮੁੱਚੇ ਲੇਖ ਵਿੱਚ ਮਲਟੀ-ਮੀਡੀਆ ਦੀ ਸਮਰੱਥਾ ਦਾ ਪਤਾ ਲਗਦਾ ਹੈ।

## ਅਭਿਆਸ

### 1. ਦੱਸੋ ਖਾਂ ਭਲਾ :

(i) ਮਲਟੀ-ਮੀਡੀਆ ਸ਼ਬਦ ਦੀ ਕਾਢ ਕਿਸ ਨੇ ਕੱਢੀ ਸੀ ?

(ii) ਕਿਸੇ ਪ੍ਰੋਗ੍ਰਾਮ 'ਚ ਮਲਟੀ-ਮੀਡੀਆ ਦੀ ਕਿਹੜੀ ਤਕਨੀਕ ਨਾਲ ਸੁਧਾਰ ਲਿਆਂਦਾ ਜਾ ਸਕਦਾ ਹੈ ?

(iii) ਪੱਤਰਕਾਰੀ ਦੇ ਖੇਤਰ ਵਿੱਚ ਮਲਟੀ-ਮੀਡੀਆ ਦਾ ਕੀ ਯੋਗਦਾਨ ਹੈ ?

(iv) 'ਗਾਥਾ ਕੂਕਾ ਲਹਿਰ ਦੀ' ਨੂੰ ਫ਼ਿਲਮਾਉਣ ਲਈ ਕਿਹੜੀ ਤਕਨੀਕ ਦੀ ਵਰਤੋਂ ਕੀਤੀ ਗਈ ਸੀ।

(v) ਲੀਨੀਅਰ ਤੇ ਗ਼ੈਰ-ਲੀਨੀਅਰ ਮੀਡੀਆ ਵਿੱਚ ਕੀ ਅੰਤਰ ਹੈ ?

(vi) ਮਲਟੀ-ਮੀਡੀਆ ਦੀ ਵਰਤੋਂ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

(vii) ਮਲਟੀ-ਮੀਡੀਆ ਦੀ ਸਮਰੱਥਾ ਦਾ ਕੀ ਭੇਤ ਹੈ ?

(viii) ਮਲਟੀ-ਮੀਡੀਆ ਦੀ ਪੇਸ਼ਕਾਰੀ ਦੇ ਸਾਧਨਾਂ ਦਾ ਨਾਂ ਦੱਸੋ ?

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :



(i) ਮਲਟੀ-ਮੀਡੀਆ ਦੇ ਜੰਤਰਾਂ ਨੂੰ ਦਰਸਾਉਂਦਾ ਇੱਕ ਜਾਣਕਾਰੀ ਭਰਪੂਰ ਚਾਰਟ ਬਣਾਉ।

(ii) ਜੇਕਰ ਤੁਹਾਨੂੰ ਬੋਲਣ ਵਿੱਚ ਝਿਜਕ ਮਹਿਸੂਸ ਹੁੰਦੀ ਹੈ ਤਾਂ ਮੋਬਾਈਲ ਜਾਂ ਕਿਸੇ ਹੋਰ ਜੰਤਰ ਵਿੱਚ ਆਪਣੀ ਆਵਾਜ਼ ਰਿਕਾਰਡ ਕਰਕੇ ਆਪਣਾ ਉਚਾਰਨ ਸੁਧਾਰਨ ਦੀ ਕੋਸ਼ਿਸ਼ ਕਰੋ।

(iii) ਆਪਣੇ ਸਕੂਲ ਵਿੱਚ ਹੋਏ ਸਲਾਨਾ ਸਮਾਰੋਹ ਦੀ ਰਿਪੋਰਟ ਕੰਪਿਊਟਰ ਉਪਰ ਟਾਈਪ ਕਰੋ ? ਇਸ ਦੀ ਵਾਰ-ਵਾਰ ਕਾਂਟ-ਛਾਂਟ ਕਰਨ ਨਾਲ ਤੁਸੀਂ ਖ਼ਬਰਾਂ ਦਾ ਸੰਪਾਦਨ ਕਰਨਾ ਵੀ ਸਿੱਖ ਸਕੋਗੇ।

(iv) ਮਲਟੀ-ਮੀਡੀਆ ਦੇ ਜੰਤਰਾਂ ਵਿੱਚੋਂ ਤੁਹਾਨੂੰ ਕਿਹੜਾ ਜੰਤਰ ਵਧੇਰੇ ਪਸੰਦ ਹੈ ਤੇ ਕਿਉਂ ? ਖੁੱਲ੍ਹ ਕੇ ਬਿਆਨ ਕਰੋ।

(v) ਵੱਖੋ-ਵੱਖਰੇ ਜੰਤਰਾਂ ਨੂੰ ਮਿਲਾ ਕੇ ਕੰਪਿਊਟਰ ਦੀ ਮਦਦ ਨਾਲ ਮਲਟੀ-ਮੀਡੀਆ ਬਾਰੇ ਇੱਕ ਪ੍ਰੋਜੈਕਟ ਤਿਆਰ ਕਰੋ।

### ਅ. ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਦੇ ਵਾਕ ਬਣਾਉ :

(i) ਉੱਚਾ ... ... ... ...

(ii) ਸਾਰ ... ... ... ...

(iii) ਸਿੱਟਾ ... ... ... ...

(iv) ਕਾਲ ... ... ... ...

(v) ਸਰ ... ... ... ...

(vi) ਜੋੜ ... ... ... ...

(vii) ਅੰਗ ... ... ... ...

### ੲ. ਵਚਨ ਬਦਲੋ :

| | |
|---|---|
| (i) ਸਦੀ ... | (ii) ਤਸਵੀਰ ... |
| (iii) ਜੰਤਰੀ ... | (iv) ਆਵਾਜ਼ ... |
| (v) ਸੂਚਨਾ ... | (vi) ਤਕਨੀਕ ... |
| (vii) ਕੈਮਰਾ ... | (viii) ਵਸਤੂ ... |
| (ix) ਨਵੀਂ ... | (x) ਸਟੇਜ ... |

### ਸ. ਹੇਠ ਲਿਖੇ ਅਖਾਣਾਂ ਦੇ ਅਰਥ ਦੱਸ ਕੇ ਵਾਕ ਬਣਾਉ :

(i) ਉਲਟੀ ਵਾੜ ਖੇਤ ਨੂੰ ਖਾਏ ...

(ii) ਉੱਠਿਆ ਨਾ ਜਾਏ, ਫਿੱਟੇ ਮੂੰਹ ਗੋਡਿਆਂ ਦੇ ...

(iii) ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ ...

(iv) ਇਕ ਅਨਾਰ, ਸੌ ਬਿਮਾਰ ...

(v) ਹੱਥ ਕੰਗਣ ਨੂੰ ਆਰਸੀ ਕੀ ...